**10.00/Gurpreet kaur**

## PUNJAB VIDHAN SABHA

## Wednesday, the 05th August, 2026

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Sardar Kultar Singh Sandhwan) in the Chair.*

---

### STARRED QUESTIONS AND ANSWERS

**ਮਾਣਯੋਗ ਸਪੀਕਰ** : ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।। ਪ੍ਰਸ਼ਨ ਕਾਲ।

### ਨਿਸ਼ਾਨ ਵਾਲਾ ਪ੍ਰਸ਼ਨ ਨੰ: 1959

**ਮਾਣਯੋਗ ਸਪੀਕਰ:** ਮੰਤਰੀ ਜੀ ਸਦਨ ਵਿੱਚ ਹਾਜ਼ਰ ਨਹੀਂ ਹਨ। ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ।

---

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਪੀਕਰ ਸਾਹਿਬ, ਇੱਕ ਮਿੰਟ ਮੇਰੀ ਬੇਨਤੀ ਸੁਣ ਲਓ।

**ਮਾਣਯੋਗ ਸਪੀਕਰ:** ਸਰ, ਪ੍ਰਸ਼ਨ ਕਾਲ ਤੋਂ ਬਾਅਦ ਤੁਹਾਡੀਆਂ ਸਾਰੀਆਂ ਬੇਨਤੀਆਂ ਆਉਣਗੀਆਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਂ ਕਾਰਵਾਈ ਦਾ ਕੱਲ੍ਹ ਦਾ ਨੋਟਿਸ ਦਿੱਤਾ ਹੋਇਆ ਹੈ।

**ਮਾਣਯੋਗ ਸਪੀਕਰ:** ਤੁਸੀਂ ਪ੍ਰਸ਼ਨ ਕਾਲ ਤੋਂ ਬਾਅਦ ਗੱਲ ਕਰ ਲਿਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਐਡਜਰਨਮੈਂਟ ਮੋਸ਼ਨ ਤਾਂ ਪਹਿਲਾਂ ਹੁੰਦਾ ਹੈ।

(ਇਸ ਸਮੇਂ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਕੰਮ ਰੋਕੂ ਮਤੇ ਸਬੰਧੀ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ:** ਤੁਹਾਨੂੰ ਜਵਾਬ ਆ ਜਾਵੇਗਾ ਜੀ। You will get the answer. (ਵਿਘਨ) (ਸ਼ੋਰ) ਜਨਾਬ ਜਵਾਬ ਮਿਲ ਜਾਵੇਗਾ। ਸ੍ਰੀ ਬਲਕਾਰ ਸਿੰਘ ਸਿੱਧੂ।

### ਫਾਇਰ ਬ੍ਰਿਗੇਡ ਦੀਆਂ ਗੱਡੀਆਂ ਲਈ ਸਟਾਫ ਮੁਹੱਈਆ ਕਰਵਾਉਣਾ

*1953. **ਸ੍ਰੀ ਬਲਕਾਰ ਸਿੰਘ ਸਿੱਧੂ**: ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਹਲਕਾ ਰਾਮਪੁਰਾ ਫੂਲ ਦੀ ਨਗਰ ਪੰਚਾਇਤ ਮਹਿਰਾਜ ਲਈ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਦਿੱਤੀਆਂ ਗਈਆਂ ਹਨ ;

(ਅ) ਕੀ ਇਹ ਵੀ ਠੀਕ ਹੈ ਕਿ ਇਨ੍ਹਾਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਲਈ ਕੋਈ ਸਟਾਫ ਨਹੀਂ ਹੈ ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਮਹਿਰਾਜ ਨਗਰ ਪੰਚਾਇਤ ਦੀਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਲਈ ਸਟਾਫ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਜੇਕਰ ਹੈ ਤਾਂ ਕਦੋਂ ਤੱਕ?

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਕੰਮ ਰੋਕੂ ਮਤੇ ਅਤੇ ਸਦਨ ਵਿੱਚ ਦਾਖਲੇ ਸਮੇਂ ਅੰਦਰ ਆਉਣ ਤੋਂ ਰੋਕਣ ਦਾ ਮੁੱਦਾ ਉਠਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਣਯੋਗ ਸਪੀਕਰ:** ਮੈਨੂੰ ਤੁਸੀਂ ਲਿਖ ਕੇ ਦਿਉ, ਮੈਂ ਇਨਕੁਆਰੀ ਕਰਵਾਉਂਦਾ ਹਾਂ। (ਵਿਘਨ) (ਸ਼ੋਰ) ਮੈਂ ਇਨਕੁਆਰੀ ਕਰਵਾਉਂਦਾ ਹਾਂ, ਬਿਲਕੁਲ ਤੁਹਾਡੇ ਮਾਣ-ਸਨਮਾਨ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। (ਵਿਘਨ) (ਸ਼ੋਰ) ਤੁਹਾਨੂੰ ਜਵਾਬ ਮਿਲ ਜਾਵੇਗਾ। ਤੁਸੀਂ ਇਸ ਉੱਪਰ ਫੈਸਲਾ ਲੈ ਲਵੋਗੇ। ਸਥਾਨਕ ਸਰਕਾਰ ਮੰਤਰੀ, ਸਰਦਾਰ ਹਰਜੋਤ ਸਿੰਘ ਬੈਂਸ ਜਵਾਬ ਦੇਣਗੇ। (ਵਿਘਨ) (ਸ਼ੋਰ) ਮੈਂ ਕਰਦਾ ਹਾਂ ਜੀ। ਮੈਂ ਇਨਕੁਆਰੀ ਕਰਵਾਵਾਂਗਾ। (ਵਿਘਨ) (ਸ਼ੋਰ) ਮੈਂ ਹਰੇਕ ਚੀਜ਼ ਦੀ ਇਨਕੁਆਰੀ ਕਰਵਾ ਲੈਂਦਾ ਹਾਂ। ਮੈਂ ਇਨਕੁਆਰੀ ਕਰਵਾ ਲੈਂਦਾ ਹਾਂ। ਤੁਹਾਡਾ ਮਾਣ-ਸਤਿਕਾਰ ਮੇਰੇ ਲਈ ਸਭ ਤੋਂ ਉੱਪਰ ਹੈ। (ਵਿਘਨ) (ਸ਼ੋਰ) ਮੈਂ ਕਰ ਲੈਂਦਾ ਹਾਂ, ਸਭ ਕਰ ਲੈਂਦਾ ਹਾਂ।

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਕੰਮ ਰੋਕੂ ਮਤੇ ਅਤੇ ਸਦਨ ਵਿੱਚ ਐਂਟਰੀ ਸਮੇਂ ਅੰਦਰ ਆਉਣ ਤੋਂ ਰੋਕਣ ਦਾ ਮੁੱਦਾ ਉਠਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ਨਾਅਰੇ ਲਗਾ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ:** ਮੈਂ ਸਭ ਕਰ ਲੈਂਦਾ ਹਾਂ। ਨਹੀਂ, ਨਹੀਂ ਬਿਲਕੁਲ ਨਹੀਂ, ਮੈਂ ਕਰ ਲੈਂਦਾ ਹਾਂ। (ਵਿਘਨ) (ਸ਼ੋਰ) ਬੈਂਸ ਸਾਹਿਬ, ਜਵਾਬ ਦਿਉ ਜੀ। ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ) (ਸ਼ੋਰ) ਮੈਂ ਸਾਡੇ ਸਤਿਕਾਰਯੋਗ ਵਿਰੋਧੀ ਧਿਰ ਦੇ ਮੈਂਬਰ ਸਾਹਿਬਾਨ ਦਾ ਮਾਣ-ਸਨਮਾਨ ਬਹਾਲ ਰੱਖਣ ਲਈ ਵਚਨਬੱਧ ਹਾਂ ਲੇਕਿਨ ਮੈਂ ਇੱਕ ਬੇਨਤੀ ਕਰਦਾ ਹਾਂ ਕਿ ਤੁਸੀਂ ਪ੍ਰਸ਼ਨ ਕਾਲ ਨੂੰ ਚੱਲਣ ਦਿਉ, ਇਸ ਵਿੱਚ ਪੰਜਾਬ ਦੇ ਲੋਕਾਂ ਦੇ ਮੁੱਦੇ ਜਿਨ੍ਹਾਂ ਨਾਲ ਉਨ੍ਹਾਂ ਦੀਆਂ ਜ਼ਿੰਦਗੀਆਂ ਵਿੱਚ ਅਸਰ ਹੁੰਦਾ ਹੈ, ਉਨ੍ਹਾਂ ਦੇ ਮੁੱਦੇ ਵਿਚਾਰੇ ਜਾਣਗੇ। ਤੁਸੀਂ ਕੁਐਸਚਨ ਆਵਰ ਹੋਣ ਦਿਉ, ਅਸੀਂ ਉਸ ਤੋਂ ਬਾਅਦ ਫਿਰ ਦੇਖਦੇ ਹਾਂ। ਤੁਸੀਂ ਕੁਐਸਚਨ ਆਵਰ ਹੋਣ ਦਿਉ। (ਵਿਘਨ) (ਸ਼ੋਰ) ਤੁਸੀਂ ਕੁਐਸਚਨ ਆਵਰ ਹੋਣ ਦਿਉ।

(ਇਸ ਸਮੇਂ ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ, ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਹਾਂ ਜੀ, ਮੰਤਰੀ ਜੀ।

**1005/Kuldeep kaur**

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਚੇਅਰ ਤੋਂ ਮੰਗ ਕਰ ਰਹੇ ਸਨ ਕਿ ਸਕਿਓਰਟੀ ਵੱਲੋਂ ਉਨ੍ਹਾਂ ਨੂੰ ਗੇਟ ਉਤੇ ਰੋਕੇ ਜਾਣ ਦੀਆਂ ਵੀਡੀਓਜ਼ ਮੰਗਵਾਈਆਂ ਜਾਣ।)

**ਮਾਣਯੋਗ ਸਪੀਕਰ** : ਮੈਂ ਇਸ ਸਬੰਧੀ ਚੈੱਕ ਕਰਵਾ ਕੇ ਸਾਰੀ ਰਿਪੋਰਟ ਲੈ ਲੈਂਦਾ ਹਾਂ, ਇਸ ਦੀ ਵੀਡੀਓ ਵੀ ਮੰਗਵਾ ਲਵਾਂਗੇ। ਤੁਸੀਂ ਹਾਊਸ ਨੂੰ ਚੱਲਣ ਦਿਓ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਵੱਲੋਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ Adjournment Motion ਦੇ ਨੋਟਿਸ ਸਬੰਧੀ ਚੇਅਰ ਨੂੰ ਫੈਸਲਾ ਦੇਣ ਲਈ ਕਿਹਾ ਜਾ ਰਿਹਾ ਸੀ।)

**ਮਾਣਯੋਗ ਸਪੀਕਰ** : ਕੋਟਲੀ ਸਾਹਿਬ, ਤੁਸੀਂ ਇੰਨੇ ਸਤਿਕਾਰਯੋਗ ਮੈਂਬਰ ਹੋ। ਜਦੋਂ ਮੈਂ ਤੁਹਾਨੂੰ ਕਹਿ ਦਿੱਤਾ ਹੈ ਕਿ ਤੁਹਾਨੂੰ ਫੈਸਲਾ ਆ ਜਾਵੇਗਾ ਤਾਂ ਫਿਰ ਹੁਣ ਹਾਊਸ ਨੂੰ ਚੱਲਣ ਦੇਵੋ।

(ਇਸ ਸਮੇਂ ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ, ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਹਾਂ ਜੀ, ਮੰਤਰੀ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ਼੍ਰੀ ਅਮਨ ਅਰੋੜਾ)**: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪ੍ਰੋਟੈਸਟ ਕਰਨਾ ਹਰ ਬੰਦੇ ਦਾ ਡੈਮੋਕ੍ਰੇਟਿਕ ਰਾਈਟ ਹੈ। ਚਾਹੇ ਕੋਈ ਮੈਂਬਰ ਇੱਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਬੈਠਾ ਹੈ ਅਤੇ ਚਾਹੇ ਕੋਈ ਮੈਂਬਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਉੱਧਰ ਬੈਠਾ ਹੈ। ਮਾਨ-ਸਨਮਾਨ ਸਾਰਿਆਂ ਦਾ ਬਰਾਬਰ ਹੈ। ਜੇ ਇਸ ਤਰੀਕੇ ਦੀ ਕੋਈ ਗੱਲ ਹੋਈ ਹੈ ਕਿ ਕਿਸੇ ਵੀ ਸਤਿਕਾਰਯੋਗ ਮੈਂਬਰ ਦੇ ਨਾਲ misbehave ਹੋਇਆ ਹੈ ਤਾਂ ਅਸੀਂ ਆਪ ਚਾਹੁੰਦੇ ਹਾਂ ਕਿ ਤੁਸੀਂ ਉਸ ਦੀ thorough investigation ਕਰਵਾਓ ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦਾ ਨਾ ਹੋਵੇ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ**: ਜੀ, ਬਿਲਕੁਲ ਕਰਵਾਵਾਂਗੇ। (ਸ਼ੋਰ)

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ** (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋਏ): ਅਰੋੜਾ ਸਾਹਿਬ, ਇਹ ਗੱਲ ਦੱਸੋ ਤੁਸੀਂ ਹਾਊਸ ਵਿੱਚ ਤਖਤੀਆਂ ਲਿਆ ਕੇ ਦੋ ਵਾਰ ਪ੍ਰਦਰਸ਼ਨ ਕਰਕੇ ਵਾਕ ਆਊਟ ਕੀਤਾ ਸੀ ਜਾਂ ਨਹੀਂ ਕੀਤਾ ਸੀ? ਇਸ ਦਾ ਜਵਾਬ ਦੇ ਦੇਵੋ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ:** ਕੋਟਲੀ ਸਾਹਿਬ, ਜਿੰਨੀਆਂ ਮਰਜ਼ੀ ਤਖਤੀਆਂ ਲੈ ਕੇ ਆਵੋ। (ਵਿਘਨ) (ਸ਼ੋਰ) ਬਾਜਵਾ ਸਾਹਿਬ, ਇੱਕ ਮਿੰਟ ਮੇਰੀ ਬੇਨਤੀ ਸੁਣ ਲਵੋ। ਤੁਸੀਂ ਪ੍ਰੋਟੈਸਟ ਕਰੋ, ਸਾਨੂੰ ਕੋਈ ਦਿੱਕਤ ਨਹੀਂ ਹੈ। (ਵਿਘਨ) ਮੈਂ ਵੀ ਇਹ ਹੀ ਕਹਿ ਰਿਹਾ ਹਾਂ ਕਿ ਸਪੀਕਰ ਸਾਹਿਬ, ਇਸ ਦੀ thorough investigation ਕਰਵਾਓ ਜੀ। This is absolutely wrong, ਸਪੀਕਰ ਸਾਹਿਬ, ਮੇਰੇ ਵੱਲੋਂ ਬੇਨਤੀ ਹੈ ਕਿ ਇਸ ਦੀ thorough investigation ਕਰਵਾਓ।

**ਮਾਣਯੋਗ ਸਪੀਕਰ:** ਅਰੋੜਾ ਸਾਹਿਬ, ਤੁਸੀਂ ਬੈਠੋ, ਤੁਹਾਡੀ ਗੱਲ ਆ ਗਈ ਜੀ। ਬਾਜਵਾ ਸਾਹਿਬ, ਬੈਠੋ। (ਵਿਘਨ) (ਸ਼ੋਰ) ਬਾਜਵਾ ਜੀ, ਤੁਸੀਂ ਸਭ ਤੋਂ ਵੱਧ experienced ਮੈਂਬਰ ਹੋ, ਮੈਂ ਤਾਂ ਤੁਹਾਡੇ ਕੋਲੋਂ ਸਿੱਖਦਾ ਹਾਂ। ਮੈਂ ਜਦੋਂ ਤੁਹਾਨੂੰ ਕਹਿ ਦਿੱਤਾ ਹੈ ਕਿ ਤੁਹਾਨੂੰ ਇੱਥੇ ਫੈਸਲਾ ਮਿਲ ਜਾਵੇਗਾ। ਤੁਸੀਂ ਪ੍ਰਸ਼ਨ ਕਾਲ ਨੂੰ ਚੱਲਣ ਦੇਵੋ। (ਵਿਘਨ) ਪ੍ਰਸ਼ਨ ਕਾਲ ਵਿੱਚ ਪੰਜਾਬ ਦੇ ਲੋਕਾਂ ਦੇ ਇਸ਼ੂਜ਼ ਹਨ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ, ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਚੇਅਰ ਨੂੰ Adjournment Motion ਦੇ ਨੋਟਿਸ ਸਬੰਧੀ ਫੈਸਲਾ ਦੇਣ ਲਈ ਕਹਿ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ:** ਬੈਠੋ, ਫਿਰ ਸੁਣੋ। ਇਸ ਤੇ ਸੁਣੋ, ਬੈਠੋ।

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਉਚੀ ਉਚੀ ਬੋਲ ਰਹੇ ਹਨ ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ:** ਖੜ੍ਹੇ ਵੀ ਬੈਠੇ ਹੁੰਦੇ ਹਨ? ਪੰਜਾਬ ਦੀ ਤਿੰਨ ਕਰੋੜ ਜਨਤਾ ਤੁਹਾਨੂੰ ਦੇਖ ਰਹੀ ਹੈ। (ਵਿਘਨ) ਇਸ ਤਰ੍ਹਾਂ ਠੀਕ ਨਹੀਂ ਹੈ। ਆਪਾਂ ਨੂੰ ਸਾਰੀ ਜਨਤਾ ਦੇਖ ਰਹੀ ਹੈ। ਕੋਈ ਧੱਕਾ ਨਹੀਂ ਹੈ। (ਵਿਘਨ) (ਸ਼ੋਰ)

----

## REJECTION OF THE ADJOURNMENT MOTION SUBMITTED BY PARTAP SINGH BAJWA , LEADER OF OPPOSITION AND OTHER MEMBERS BY THE HON'BLE SPEAKER

**ਮਾਣਯੋਗ ਸਪੀਕਰ:** ਚਲੋ, ਜੇ ਤੁਹਾਡੀ ਜ਼ਿੱਦ ਹੀ ਹੈ ਤਾਂ ਫਿਰ ਸੁਣ ਲਵੋ। ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ, ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਸਰਦਾਰ ਕੁਲਦੀਪ ਸਿੰਘ ਢਿੱਲੋਂ ਅਤੇ ਹੋਰ ਮਾਣਯੋਗ ਵਿਧਾਇਕਾਂ ਵੱਲੋਂ ਮਿਤੀ 04.08.2026 ਨੂੰ ਦੋ ਕੰਮ ਰੋਕੂ ਪ੍ਰਸਤਾਵ ਦਿੱਤੇ ਗਏ ਹਨ, ਜਿਨ੍ਹਾਂ ਨੂੰ ਮੇਰੇ ਵੱਲੋਂ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਮੇਰੇ ਵੱਲੋਂ ਇਹ ਮਤੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ-ਸੰਚਾਲਣ ਨਿਯਮਾਵਲੀ ਦੇ ਨਿਯਮ 61(x) ਅਧੀਨ ਅਸਵੀਕਾਰ ਕੀਤੇ ਗਏ ਹਨ।

(ਇਸ ਸਮੇਂ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੁੱਧ ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

------

## STARRED QUESTIONS AND ANSWERS *(RESUMPTION)*

**ਮਾਣਯੋਗ ਸਪੀਕਰ:** ਸਰਦਾਰ ਹਰਜੋਤ ਸਿੰਘ ਬੈਂਸ ਜਵਾਬ ਦੇਣਗੇ।

**ਸਰਦਾਰ ਹਰਜੋਤ ਸਿੰਘ ਬੈਂਸ**: ਮਾਣਯੋਗ ਸਪੀਕਰ ਸਾਹਿਬ ਮੈਂਬਰ ਸਾਹਿਬ ਵੱਲੋਂ ਹਲਕਾ ਰਾਮਪੁਰਾ ਫੂਲ ਦੀ ਨਗਰ ਪੰਚਾਇਤ ਮਹਿਰਾਜ ਲਈ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਸਟਾਫ ਸਬੰਧੀ ਸਵਾਲ ਕੀਤਾ ਗਿਆ ਹੈ। ਉਸ ਸਬੰਧੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਹਲਕਾ ਰਾਮਪੁਰਾ ਫੂਲ ਦੀ ਨਗਰ ਪੰਚਾਇਤ ਮਹਿਰਾਜ ਲਈ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦਿੱਤੀਆਂ ਗਈਆਂ ਹਨ। ਮਾਣਯੋਗ ਮੈਂਬਰ ਸਾਹਿਬ ਵੱਲੋਂ ਪੁੱਛੇ ਗਏ ਪ੍ਰਸ਼ਨ ਦੇ ਭਾਗ (ੳ) ਅਤੇ (ਅ) ਦਾ ਜਵਾਬ ਇਸ ਤਰ੍ਹਾਂ ਹੈ।

(ੳ) ਹਾਂ ਜੀ।

(ਅ) ਨਹੀਂ ਜੀ, ਨਗਰ ਪੰਚਾਇਤ, ਮਹਿਰਾਜ ਵਿਖੇ ਇਸ ਸਮੇਂ 06 ਫਾਇਰਮੈਨ ਅਤੇ 03 ਡਰਾਈਵਰ ਓਪਰੇਟਰ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਫਾਇਰ ਸਟੇਸ਼ਨ ਅਫਸਰ, ਨਗਰ ਨਿਗਮ, ਬਰਨਾਲਾ ਨੂੰ ਨਗਰ ਪੰਚਾਇਤ, ਮਹਿਰਾਜ ਦੇ ਫਾਇਰ ਸਟੇਸ਼ਨ ਦਾ ਵਾਧੂ ਚਾਰਜ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਮਾਣਯੋਗ ਸਪੀਕਰ, ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਨਗਰ ਪੰਚਾਇਤ ਮਲੂਕਾ, ਲਹਿਰਾ ਮੁਹੱਬਤ ਨੂੰ ਕਲੱਬ ਕਰਕੇ ਨਗਰ ਪੰਚਾਇਤ ਮਹਿਰਾਜ ਵਿਖੇ ਸਾਂਝਾ ਫਾਇਰ ਸਟੇਸ਼ਨ ਸਥਾਪਿਤ ਕੀਤਾ ਹੋਇਆ ਹੈ। ਇਸ ਸਾਂਝੇ ਫਾਇਰ ਸਟੇਸ਼ਨ ਵਿੱਚ ਇੱਕ ਮਿੰਨੀ ਫਾਇਰ ਟੈਂਡਰ ਅਤੇ quick response vehicle ਮੌਜੂਦ ਹਨ। ਨਗਰ ਪੰਚਾਇਤ ਵਿਖੇ 14 ਫਾਇਰਮੈਨ ਅਤੇ 4 ਡਰਾਈਵਰ ਓਪਰੇਟਰ ਦੀਆਂ ਆਸਾਮੀਆਂ ਪ੍ਰਵਾਨਿਤ ਹਨ, ਜਿਨ੍ਹਾਂ ਵਿਰੁੱਧ ਇਸ ਸਮੇਂ 6 ਫਾਇਰਮੈਨ ਅਤੇ 3 ਡਰਾਈਵਰ ਓਪਰੇਟਰ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਫਾਇਰ ਸਟੇਸ਼ਨ ਅਫਸਰ, ਨਗਰ ਨਿਗਮ ਬਰਨਾਲੇ ਨੂੰ ਨਗਰ ਪੰਚਾਇਤ ਮਹਿਰਾਜ ਦੇ ਫਾਇਰ ਸਟੇਸ਼ਨ ਦਾ ਵਾਧੂ ਚਾਰਜ ਦਿੱਤਾ ਗਿਆ ਹੈ।

**1010/Pawan sharma**

**ਮਾਣਯੋਗ ਸਪੀਕਰ**: ਸਿੱਧੂ ਸਾਹਿਬ, ਸ਼੍ਰੀ ਬਲਕਾਰ ਸਿੰਘ ਸਿੱਧੂ।

**ਸ਼੍ਰੀ ਬਲਕਾਰ ਸਿੰਘ ਸਿੱਧੂ**: ਸਰ, ਜਿਹੜੇ ਫਾਇਰ ਸਟੇਸ਼ਨ ਅਫਸਰ ਨੂੰ ਨਗਰ ਪੰਚਾਇਤ ਮਹਿਰਾਜ ਦਾ ਵਾਧੂ ਚਾਰਜ ਹਨ, ਸਰ ਉਹ ਕਿੰਨੀ ਦੇਰ ਤੱਕ ਆ ਜਾਣਗੇ? ਕਿੰਨੇ ਟਾਈਮ ਤੱਕ ਆ ਜਾਣਗੇ ਜੀ?

**ਮਾਣਯੋਗ ਸਪੀਕਰ**: ਟਾਈਮ ਬਾਊਂਡ ਕਰੋਗੇ?

**ਮੰਤਰੀ**: ਸਤਿ ਬਚਨ ਸਰ, ਸਤਿ ਬਚਨ।

**ਮਾਣਯੋਗ ਸਪੀਕਰ**: ਸਤਿ ਬਚਨ। (ਹਾਸਾ)। ਧੰਨਵਾਦ ਜੀ। ਠੀਕ ਹੈ ਜੀ।

------

**ਖੇਤੀਬਾੜੀ ਦਵਾਈ ਦੀ ਸਰਕਾਰੀ ਜਾਂਚ ਦੌਰਾਨ ਗੁਣਵੱਤਾ ਮਿਆਰ ਤੋਂ ਘੱਟ ਪਾਏ ਜਾਣ ਤੇ ਕਾਰਵਾਈ ਕਰਨਾ**

***1943. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਜੇਕਰ ਕਿਸੇ ਰਜਿਸਟਰਡ ਨਿਰਮਾਤਾ (Manufacturer) ਵੱਲੋਂ ਤਿਆਰ ਕੀਤੀ ਅਤੇ ਲਾਇਸੈਂਸਸ਼ੁਦਾ ਰਿਟੇਲਰ ਵੱਲੋਂ ਵੇਚੀ ਗਈ ਖੇਤੀਬਾੜੀ ਦਵਾਈ ਦੀ ਸਰਕਾਰੀ ਜਾਂਚ ਦੌਰਾਨ ਗੁਣਵੱਤਾ (Sub-standard) ਮਿਆਰ ਤੋਂ ਘੱਟ ਪਾਈ ਜਾਂਦੀ ਹੈ, ਤਾਂਕੀ ਅਜਿਹੇ ਮਾਮਲਿਆਂ ਵਿੱਚ ਨਿਰਮਾਤਾ ਦੇ ਨਾਲ-ਨਾਲ ਰਿਟੇਲਰ ਵਿਰੁੱਧ ਵੀ ਕਾਰਵਾਈ ਕੀਤੀ ਜਾਂਦੀ ਹੈ :

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਪਿਛਲੇ ਤਿੰਨ ਸਾਲਾਂ ਦੌਰਾਨ ਅਜਿਹੇ ਕਿੰਨੇ ਮਾਮਲਿਆਂ ਵਿੱਚ ਰਿਟੇਲਰਾਂ ਅਤੇ ਕਿੰਨੇ ਮਾਮਲਿਆ ਵਿੱਚ ਨਿਰਮਾਤਾਵਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ :

(ੲ) ਜੇਕਰ ਰਿਟੇਲਰ ਵੱਲੋਂ ਦਵਾਈ ਵਿੱਚ ਕੋਈ ਛੇੜਛਾੜ ਨਹੀਂ ਕੀਤੀ ਗਈ ਅਤੇ ਉਹ ਕੇਵਲ ਨਿਰਮਾਤਾ ਦੇ ਪ੍ਰਾਪਤ ਸੀਲ ਬੰਦ ਉਤਪਾਦ ਹੀ ਵੇਚ ਰਿਹਾ ਸੀ, ਤਾਂ ਕਿ ਅਜਿਹੇ ਮਾਮਲਿਆਂ ਵਿੱਚ ਰਿਟੇਲਰਾਂ ਨੂੰ ਕਾਰਵਾਈ ਤੋਂ ਛੋਟ ਦੇਣ ਲਈ ਨੀਤੀ ਵਿੱਚ ਕੋਈ ਸੋਧ ਕੀਤੀ ਗਈ ਹੈ ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: (ੳ) ਜੀ ਹਾਂ, ਜਦੋਂ ਕਿਸੇ ਰਜਿਸਟਰਡ ਨਿਰਮਾਤਾ ਦੁਆਰਾ ਤਿਆਰ ਕੀਤੀ ਗਈ ਅਤੇ ਲਾਇਸੈਂਸਸੁਦਾ ਵਿਕਰੇਤਾ ਦੁਆਰਾ ਵੇਚੀ ਗਈ ਕੀਟਨਾਸ਼ਕ ਦਾ ਨਮੂਨਾ ਗੈਰ-ਮਿਆਰੀ ਪਾਇਆ ਜਾਂਦਾ ਹੈ, ਤਾਂ ਅਜਿਹੇ ਮਾਮਲਿਆਂ ਵਿੱਚ ਨਿਰਮਾਤਾ ਅਤੇ ਵਿਕਰੇਤਾ ਦੋਵਾਂ ਵਿਰੁੱਧ Insecticides Act, 1968 and Rules, 1971 ਅਧੀਨ ਕਾਰਵਾਈ ਕੀਤੀ ਜਾਂਦੀ ਹੈ।

(ਅ) ਪਿੱਛਲੇ ਤਿੰਨ ਸਾਲਾਂ ਦੋਰਾਨ, ਕੀਟਨਾਸ਼ਕਾਂ ਦੇ ਗੈਰ-ਮਿਆਰੀ ਪਾਏ ਗਏ **70** ਮਾਮਲਿਆਂ ਵਿੱਚ ਨਿਰਮਾਤਾਵਾਂ ਅਤੇ ਵਿਕਰੇਤਵਾਂ ਵਿਰੁੱਧ Insecticides Act, 1968 and Rules, 1971 ਤਹਿਤ ਕਾਰਵਾਈ ਕੀਤੀ ਗਈ ਹੈ।

(ੲ) Insecticides Act, 1968 and Rules, 1971 ਦੇ ਉਪਬੰਧਾਂ ਅਨੁਸਾਰ, ਵਿਕਰੇਤਾਵਾਂ ਨੂੰ ਧਾਰਾ **30 (3)** ਤਹਿਤ ਮਾਨਯੋਗ ਅਦਾਲਤ ਵਿੱਖੇ ਅਪੀਲ ਦਾਇਰ ਕਰਕੇ ਅਜਿਹੇ ਮਾਮਲਿਆਂ ਵਿੱਚ ਕਾਰਵਾਈ ਤੋਂ ਛੋਟ ਪ੍ਰਾਪਤ ਕਰਨ ਦਾ ਅਧਿਕਾਰ ਹੈ। ਇਸ ਤੋਂ ਇਲਾਵਾ ਇੱਥੇ ਸਪੱਸ਼ਟ ਕੀਤਾ ਜਾਂਦਾ ਹੈ ਕਿ Insecticides Act, 1968 ਕੇਂਦਰ ਪੱਧਰ ਦਾ ਐਕਟ ਹੈ, ਇਸ ਵਿੱਚ ਰਾਜ ਪੱਧਰ ਤੇ ਸੋਧ ਕਰਨ ਦਾ ਕੋਈ ਵੀ ਪ੍ਰਾਵਧਾਨ ਨਹੀਂ ਹੈ।

ਧੰਨਵਾਦ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਵੱਲੋਂ ਇਹ ਜਿਹੜਾ ਸਵਾਲ ਲਗਾਇਆ ਗਿਆ ਹੈ, ਇਸ ਦੇ ਸਬੰਧ ਵਿੱਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਖਾਦਾਂ ਦੇ ਨਾਲ ਟੈਗਿੰਗ ਕੀਤੀ ਜਾਂਦੀ ਹੈ ਅਤੇ ਜਿੱਥੇ ਜਿੱਥੇ ਵੀ ਕੋਈ ਸ਼ਿਕਾਇਤ ਆਈ ਹੈ, ਕੁੱਲ 254 ਸ਼ਿਕਾਇਤਾਂ ਆਈਆਂ ਸਨ, ਉਨ੍ਹਾਂ ਤੇ ਅਸੀਂ ਐਫ.ਆਈ.ਆਰਜ਼. ਵੀ ਦਰਜ ਕਰਵਾਈਆਂ ਹਨ ਔਰ ਸਮੇਂ ਸਮੇਂ ਸਿਰ ਚੈਕਿੰਗ ਵੀ ਕੀਤੀ ਜਾਂਦੀ ਹੈ। ਜਿਹੜੀਆਂ ਨਾਮਵਰ ਕੰਪਨੀਆਂ ਹਨ, IFFCO ਵਰਗੀਆਂ ਵੀ, ਜਿਹੜੀਆਂ ਨੈਨੋ ਖਾਦਾਂ ਦੀ ਟੈਗਿੰਗ ਕਰਦੀਆਂ ਹਨ, ਉਨ੍ਹਾਂ ਨੂੰ ਵੀ ਨੋਟਿਸ ਦਿੱਤਾ ਗਿਆ ਹੈ। IFFCO, ਮਤੋਵਾਲ ਦੇ ਰੈਕ ਹੋਲਡਰ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਟੈਗਿੰਗ ਤੇ ਹੋਰਡਿੰਗ ਮਤੇ ਰਾਹੀਂ ਪ੍ਰੀਪਕੋ ਨੂੰ ਖਾਦਾਂ ਨਿਯਮਤ ਫੰਡ ਯਕੀਨੀ ਬਣਾਉਣ ਲਈ ਤਾੜਨਾ ਪੱਤਰ ਜਾਰੀ ਕੀਤਾ ਗਿਆ ਹੈ। ਰਾਮ ਫਰਟੀਲਾਈਜ਼ਰ ਐਂਡ ਕੈਮੀਕਲ ਲਿਮਟਿਡ ਦੀ ਗਲਤ ਭੰਡਾਰ ਤੇ ਟੈਗਿੰਗ ਦੇ ਮੱਦੇਨਜ਼ਰ ਮਾਰਕਫੈੱਡ ਨੂੰ ਸਪਲਾਈ ਕੀਤੀ ਜਾਣ ਵਾਲੀ ਖਾਦ, ਹੋਰ ਥਾਵਾਂ ਮੌਜੂਦ ਪਾਏ ਜਾਣ ਵਾਲੇ, ਐਫ.ਆਈ.ਆਰ. ਨੰ. 85 ਮਿਤੀ 21.08.2025 ਅੰਮ੍ਰਿਤਸਰ ਵਿਖੇ ਦਰਜ ਕਰਵਾਈ ਗਈ ਹੈ। ਮਿਤੀ 05.03.2025 ਨੂੰ ਮੈਸਰਜ਼ ਚੰਬਲ ਫਰਟੀਲਾਈਜ਼ਰ ਐਂਡ ਕੈਮੀਕਲ ਲਿਮਟਿਡ ਦਾ ਖਾਦਾਂ ਦੀ ਵਿੱਕਰੀ ਸਬੰਧੀ ਲਾਇਸੈਂਸ ਰੱਦ ਕਰ ਦਿੱਤਾ ਗਿਆ ਹੈ।

**ਮਾਣਯੋਗ ਸਪੀਕਰ**: ਹਾਂ ਜੀ ਗਿਆਸਪੁਰਾ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਸਰ, ਜਿਹੜੇ ਸਾਡੇ ਰਿਟੇਲਰ ਭਰਾ ਹਨ, ਉਨ੍ਹਾਂ ਕੋਲ ਜਿਹੜੀ ਰਜਿਸਟਰਡ ਕੰਪਨੀ ਦੀ ਦਵਾਈ ਹੁੰਦੀ ਹੈ, ਉੱਥੇ ਆ ਕੇ ਜਦੋਂ ਦਵਾਈ ਦਾ ਸੈਂਪਲ ਭਰ ਲਿਆ ਜਾਂਦਾ ਹੈ ਅਤੇ ਜੇਕਰ ਉਹ ਫ਼ੇਲ੍ਹ ਆਵੇ ਤਾਂ ਮੇਰੇ ਹਿਸਾਬ ਨਾਲ ਜਿਹੜਾ ਰਜਿਸਟਰਡ ਰਿਟੇਲਰ ਹੈ, ਉਸ ਦਾ ਉਸ ਦੇ ਵਿੱਚ ਕੋਈ ਕਸੂਰ ਨਹੀਂ ਬਣਦਾ ਕਿਉਂਕਿ ਉਸ ਨੇ ਰਜਿਸਟਰਡ ਕੰਪਨੀਆਂ, ਮਾਅਰਕਾ ਦੀ ਕੰਪਨੀਆਂ, ਸਰਕਾਰ ਤੋਂ ਮਨਜ਼ੂਰਸ਼ੁਦਾ ਕੰਪਨੀ ਦਾ ਮਾਲ ਆਪਣੀ ਦੁਕਾਨ ਵਿੱਚ ਰੱਖਿਆ ਹੈ ਤਾਂ ਉਸ ਦਾ ਉਸ ਦੇ ਵਿੱਚ ਕੀ ਕਸੂਰ ਹੈ ਪਰ ਮੈਂ ਸਮਝਦਾ ਹਾਂ ਕਿ ਮੰਤਰੀ ਸਾਹਿਬ ਨੇ ਇਸ ਦੇ ਵਿੱਚ ਜਵਾਬ ਦਿੱਤਾ ਹੈ ਕਿ ਕੇਂਦਰ ਦੀ ਪਾਲਿਸੀ ਹੈ। ਮੈਂ ਇਸ ਦੇ ਲਈ ਮੰਤਰੀ ਸਾਹਿਬ ਨੂੰ ਇਹ ਹੀ ਬੇਨਤੀ ਕਰਦਾ ਹਾਂ ਕਿ ਆਪਾਂ ਕੋਈ ਨਾ ਕੋਈ ਵਫ਼ਦ ਲੈ ਕੇ, ਕੇਂਦਰ ਕੋਲ ਜਾ ਕੇ ਉਨ੍ਹਾਂ ਨਾਲ ਗੱਲ ਕਰੀਏ ਕਿ

ਜਿਹੜੇ ਆਮ ਰਿਟੇਲਰ ਹਨ, ਉਨ੍ਹਾਂ ਦੇ ਨਾਲ ਜਿਹੜਾ ਇਸ ਤਰ੍ਹਾਂ ਦਾ ਭੇਦਭਾਵ ਹੈ ਜਾਂ ਉਨ੍ਹਾਂ ਦੇ ਉੱਤੇ ਇਹੋ ਜਿਹੀ ਤਲਵਾਰ ਲਟਕਾਈ ਹੋਈ ਹੈ, ਇਹ ਨਹੀਂ ਹੋਣੀ ਚਾਹੀਦੀ। ਇਸ ਤੋਂ ਇਲਾਵਾ ਜਿਹੜੇ 70 ਮਾਮਲਿਆਂ ਦੇ ਵਿੱਚ ਵਿਕਰੇਤਾ ਦੇ ਵਿਰੁੱਧ ਜਾਂ ਜਿਹੜੀਆਂ ਕੰਪਨੀਆਂ ਹਨ, ਉਨ੍ਹਾਂ ਦੇ ਖਿਲਾਫ ਜਿਹੜੇ 70 ਮਾਮਲੇ ਹੋਏ ਹਨ, ਉਨ੍ਹਾਂ 70 ਮਾਮਲਿਆਂ ਦੇ ਵਿੱਚ, ਉਨ੍ਹਾਂ ਵੱਡੀਆਂ ਕੰਪਨੀਆਂ ਨੂੰ ਕੋਈ ਸਜ਼ਾ ਹੋਈ ਹੈ ਜਾਂ ਕਿਸੇ ਨੂੰ ਕੋਈ ਜੁਰਮਾਨਾ ਹੋਇਆ ਹੈ, ਕਿਉਂਕਿ ਹਰ ਵਾਰ ਵੱਡੀ ਕੰਪਨੀ ਬਚ ਜਾਂਦੀ ਹੈ ਤੇ ਜਿਹੜਾ ਛੋਟਾ ਬੇਚਾਰਾ ਦੁਕਾਨਦਾਰ ਹੈ, ਜਿਹੜਾ ਕਿ 10, 20 50 ਹਜ਼ਾਰ ਮਹੀਨੇ ਦਾ ਕਮਾ ਕੇ ਆਪਣਾ ਗੁਜ਼ਾਰਾ ਚਲਾਉਂਦਾ ਹੈ, ਉਹ ਬੇਚਾਰਾ ਇਸ ਵਿੱਚ ਰਗੜਿਆ ਜਾਂਦਾ ਹੈ। ਸੋ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 70 ਮਾਮਲੇ ਦਰਜ ਹੋਏ ਹਨ, ਕਿਸੇ ਵੀ ਇੱਕ ਵੱਡੀ ਕੰਪਨੀ ਨੂੰ ਉਨ੍ਹਾਂ ਮਾਮਲਿਆਂ ਵਿੱਚ ਸਜ਼ਾ ਹੋਈ ਹੈ ਜਾਂ ਜੁਰਮਾਨਾ ਹੋਇਆ ਹੈ ਤਾਂ ਕਿਰਪਾ ਕਰਕੇ ਉਹ ਵਿਧਾਨ ਸਭਾ ਵਿੱਚ ਰੱਖਿਆ ਜਾਵੇ ਤਾਂ ਕਿ ਜਿਹੜੇ ਬੇਚਾਰੇ ਚਾਰੇ ਉਹ ਛੋਟੇ ਦੁਕਾਨਦਾਰ ਹਨ, ਉਨ੍ਹਾਂ ਨੂੰ ਵੀ ਕੋਈ ਤਸੱਲੀ ਹੋਵੇ ਕਿ ਉਨ੍ਹਾਂ ਕੰਪਨੀਆਂ ਦੇ ਉੱਤੇ ਨਕੇਲ ਜਾਂ ਸ਼ਿਕੰਜਾ ਕੱਸਿਆ ਜਾ ਰਿਹਾ ਹੈ।

**ਮਾਣਯੋਗ ਸਪੀਕਰ**: ਮੰਤਰੀ ਜੀ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਐਮ.ਐਲ.ਏ. ਸਾਹਿਬ ਨੇ ਜਿਵੇਂ ਕਿਹਾ ਹੈ, ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ IFFCO ਵੱਡੀ ਕੰਪਨੀ ਹੈ ਔਰ ਜਿਹੜੇ ਰਾਮ ਫਰਟੀਲਾਈਜ਼ਰ ਐਂਡ ਕੈਮੀਕਲਜ਼ ਜਾਂ ਚੰਬਲ ਫਰਟੀਲਾਈਜ਼ਰ ਵਾਲੇ ਹਨ, ਉਨ੍ਹਾਂ ਦੇ ਲਾਇਸੈਂਸ ਵੀ ਰੱਦ ਕੀਤੇ ਗਏ ਹਨ ਅਤੇ IFFCO ਨੂੰ ਵਾਰਨਿੰਗ ਦਿੱਤੀ ਗਈ ਹੈ, ਨੋਟਿਸ ਦਿੱਤਾ ਗਿਆ ਹੈ। ਜਿੱਥੇ ਕਿਤੇ ਕੋਈ ਲਿਖਤੀ ਸ਼ਿਕਾਇਤ ਆ ਜਾਂਦੀ ਹੈ, ਉੱਥੇ ਜ਼ਰੂਰ ਸਾਡਾ ਅਫ਼ਸਰ ਪਹੁੰਚ ਕੇ ਕਾਰਵਾਈ ਕਰਦਾ ਹੈ। ਕਈ ਵਾਰ ਲੋਕ ਆਪ ਫੜ ਕੇ ਲੈ ਲੈਂਦੇ ਹਨ, ਉਸ ਬਾਰੇ ਮੈਨੂੰ ਨਹੀਂ ਪਤਾ ਲਗਦਾ ਪਰ ਜਿੱਥੇ ਮੇਰੇ ਨੋਟਿਸ ਵਿੱਚ ਆਉਂਦਾ ਹੈ, ਮੈਂ ਸਖ਼ਤ ਕਾਰਵਾਈ ਕਰਨ ਦੇ ਯਤਨ ਕੀਤੇ ਹਨ।

**1015/Beant kaur**

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਨਾਅਰੇਬਾਜ਼ੀ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਸਰ, ਮਾਮਲਾ ਦਰਜ ਕਰਨ ਤੋਂ ਬਾਅਦ ਕੋਈ ਇੱਕ ਵੀ ਕੇਸ ਕਿਸੇ ਸਿੱਟੇ ਤੇ ਪਹੁੰਚਿਆ ਹੈ? ਪਿਛਲੇ 10 ਸਾਲਾਂ ਦਾ ਕੋਈ ਇਕ ਵੀ ਰਿਕਾਰਡ ਦਿੱਤਾ ਜਾ ਸਕਦਾ ਹੈ ਕਿ ਕਿਸੇ ਕੰਪਨੀ ਦੇ ਖਿਲਾਫ ਜ਼ੁਰਮਾਨ ਹੋਇਆ ਹੋਵੇ ਜਾਂ ਕਿਸੇ ਕੰਪਨੀ ਨੂੰ ਕੋਈ ਨਾ ਕੋਈ ਸਜ਼ਾ ਦਿੱਤੀ ਹੋਵੇ। ਸਿਰਫ ਇਹ ਗੱਲ ਮੈਂ ਪੁੱਛਣਾ ਚਾਹੁੰਦਾ ਹਾਂ, ਮਾਮਲੇ ਤਾਂ ਜ਼ਰੂਰ ਦਰਜ ਹੋਏ ਹਨ, ਉਸ ਦੀ ਡਿਟੇਲ ਹੈ ਪਰ ਕੀ ਇਹ ਕਿਸੇ ਸਿੱਟੇ ਤੇ ਪਹੁੰਚੇ ਹਨ। ਜਿਹੜੀਆਂ

ਵੱਡੀਆਂ ਕੰਪਨੀਆਂ ਹਨ, ਉਹ ਵੱਡੇ ਵਕੀਲਾਂ ਕਾਰਨ ਹਰ ਵਾਰ ਬਚ ਜਾਂਦੇ ਹਨ। ਇਸ ਲਈ ਸਾਨੂੰ ਕੋਈ ਸਟ੍ਰਾਂਗ ਐਕਸ਼ਨ ਲੈਣਾ ਪਵੇਗਾ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਜਿਹੜਾ ਮਾਮਲਾ ਅਦਾਲਤ ਵਿੱਚ ਚਲਾ ਜਾਂਦਾ ਹੈ, ਉਸ ਤੇ ਅਦਾਲਤ ਨੇ ਫੈਸਲਾ ਕਰਨਾ ਹੁੰਦਾ ਹੈ ਅਤੇ ਅਦਾਲਤ ਹੀ ਫੈਸਲਾ ਕਰ ਸਕਦੀ ਹੈ। ਅਸੀਂ ਆਪਣੇ ਵੱਲੋਂ ਐਫ.ਆਈ.ਆਰ ਦਰਜ ਕਰਵਾਉਣੀ, ਉਸ ਤੇ ਨਿਗਰਾਨੀ ਕਰਨੀ ਆਦਿ ਸਾਡੇ ਫਰਜ ਬਣਦੇ ਹਨ।

-------

## WALK OUT

(ਇਸ ਸਮੇਂ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਦਨ ਵਿੱਚ ਹਾਜ਼ਰ ਮੈਂਬਰ ਕੰਮ ਰੋਕੂ ਮਤੇ ਦੇ ਅਸਵੀਕਾਰ ਕੀਤੇ ਜਾਣ ਦੇ ਰੋਸ ਵਜੋਂ ਨਾਅਰੇ ਲਗਾਉਂਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

-------

## STARRED QUESTIONS AND ANSWERS *(RESUMPTION)*

### ਬਿਲਡਿੰਗ ਮੈਟੀਰੀਅਲ ਵਿਚ ਹੋਰ ਵਾਧੇ ਨੂੰ ਖਤਮ ਕਰਨ ਲਈ ਰਿਵਾਈਜ਼ ਰੇਟ ਲਿਸਟ ਜਾਰੀ ਕਰਨਾ

***1954. ਸਰਦਾਰ ਚੇਤਨ ਸਿੰਘ ਜੋੜਾਮਾਜਰਾ** : ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਿਲਡਿੰਗ ਮੈਟੀਰੀਅਲ ਵਿਚ ਹੋਰ ਵਾਧੇ ਦੇ ਮੱਦੇਨਜ਼ਰ ਪੰਚਾਇਤੀ ਕੰਮਾਂ ਵਿਚ ਆ ਰਹੀ ਖੜੋਤ ਨੂੰ ਖਤਮ ਕਰਨ ਲਈ ਰਿਵਾਈਜ਼ ਰੇਟ ਲਿਸਟ ਜਾਰੀ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ ਇਸ ਨੂੰ ਇੰਪਲੀਮੈਟ ਕਰਨ ਦਿੱਤਾ ਜਾਵੇਗਾ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ** : ਸ਼੍ਰੀਮਾਨ ਜੀ, ਬਿਲਡਿੰਗ ਮੈਟੀਰੀਅਲ ਦੇ ਰੇਟ ਲੋਕ ਨਿਰਮਾਣ ਵਿਭਾਗ ਵੱਲੋਂ ਨਿਰਧਾਰਤ ਕੀਤੇ ਜਾਂਦੇ ਹਨ। ਇਨ੍ਹਾਂ ਨਿਰਧਾਰਤ ਰੇਟਾਂ ਤੇ ਵਿਕਾਸ ਕਾਰਜਾਂ ਲਈ ਪੰਚਾਇਤਾਂ ਨੂੰ ਲੋੜੀਂਦੀ ਸਮੱਗਰੀ ਨਾ ਉਪਲਭਧ ਹੋਣ ਦੀ ਸੂਰਤ ਵਿਚ ਵਿਭਾਗ ਵੱਲੋਂ ਸਬੰਧਤ ਡਿਪਟੀ ਕਮਿਸ਼ਨਰਾਂ ਦੀ ਪ੍ਰਧਾਨਗੀ ਹੇਠ ਕਮੇਟੀ ਗਠਿਤ ਕੀਤੀ ਹੋਈ ਹੈ, ਜੋ ਕਿ ਸਮੇਂ ਸਮੇਂ ਸਿਰ ਲੋੜ ਅਨੁਸਾਰ ਪੰਚਾਇਤਾਂ ਵੱਲੋਂ ਕਰਵਾਏ ਜਾਂਦੇ ਵਿਕਾਸ ਕਾਰਜਾਂ ਲਈ ਲੋੜੀਂਦੀ ਸਮੱਗਰੀ ਦੇ ਰੇਟ ਨਿਰਧਾਰਤ ਕਰਨ ਲਈ ਅਧਿਕਾਰਤ ਹੈ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ** : ਸਪੀਕਰ ਸਾਹਿਬ, ਪੀਡਬਲਿਊਡੀ ਮਨਿਸਟਰ ਸਾਹਿਬ ਵੀ ਇੱਥੇ ਬੈਠੇ ਹਨ, ਇਨ੍ਹਾਂ ਨੂੰ ਵੀ ਬੇਨਤੀ ਕਰਾਂਗਾ ਕਿ ਜਿਹੜੇ ਲੇਬਰ ਦੇ ਰੇਟ ਰਿਵਾਈਜ਼ ਹੋਣੇ ਹਨ, ਪਲੀਜ਼ ਜਿੰਨੀ ਜਲਦੀ ਹੋ ਸਕੇ, ਉਹ ਕਰਵਾ ਦੇਣ ਕਿਉਂਕਿ ਦਿਹਾਤੀ ਜਾਂ ਰੂਰਲ ਏਰੀਏ ਦੇ ਕੰਮ ਪੰਚਾਇਤਾਂ ਦੇ ਹਿੱਸੇ ਆਉਂਦੇ ਹਨ। ਪੰਚਾਇਤਾਂ ਬਣੀਆਂ ਹੋਈਆਂ ਹਨ। ਸੋ, ਮੇਰੀ ਪੀਡਬਲਿਊਡੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜਲਦੀ ਤੋਂ ਜਲਦੀ ਲੇਬਰ ਦੇ ਰੇਟ,

ਬਿਲਡਿੰਗ ਮਟੀਰੀਅਲ ਦੇ ਰੇਟ ਰਿਵਾਈਜ਼ ਕੀਤੇ ਜਾਣ। ਇਸ ਦੇ ਨਾਲ ਹੀ ਮੈਂ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਪੰਚਾਇਤਾਂ ਦੇ ਜਿਹੜੇ ਕੰਮ ਹੋ ਗਏ ਹਨ, ਉਨ੍ਹਾਂ ਦੀ ਵੀ ਰਿਵਾਈਜ਼ਡ ਰੇਟਾਂ ਮੁਤਾਬਿਕ UC ਕੀਤੀ ਜਾਵੇ ਕਿਉਂਕਿ ਸਰਪੰਚਾਂ ਨੇ ਆਪਣੀ ਜੇਬ ਵਿਚੋਂ ਆਲਰੇਡੀ ਵੱਧ ਪੈਸੇ ਲਗਾ ਕੇ ਕੰਮ ਕਰਵਾਏ ਹੋਏ ਹਨ। ਦਿਹਾਤੀ ਜਾਂ ਰੂਰਲ ਏਰੀਏ ਦੇ ਸਾਰੇ ਕੰਮ-ਕਾਰ ਪੰਚਾਇਤਾਂ ਦੇ ਸਿਰ ਤੇ ਹੀ ਹੁੰਦੇ ਹਨ। ਸੋ, ਮੇਰੀ ਬੇਨਤੀ ਹੈ ਕਿ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਆਪਣੇ ਮਹਿਕਮੇ ਨੂੰ ਨਿਰਦੇਸ਼ ਦੇਣ ਕਿ ਜਿਹੜੀਆਂ UC ਹੋਣੀਆਂ ਹਨ, ਉਹ ਰਿਵਾਈਜ਼ਡ ਰੇਟਾਂ ਮੁਤਾਬਿਕ ਹੀ ਹੋਣ ਅਤੇ ਜਿਹੜੀਆਂ ਸਾਰੇ ਪੰਜਾਬ ਦੀਆਂ UC ਪੈਂਡਿੰਗ ਪਈਆਂ ਹਨ, ਉਹ ਜਲਦੀ ਤੋਂ ਜਲਦੀ ਕਲੀਅਰ ਕੀਤੀਆਂ ਜਾਣ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਨਾ ਆਵੇ। ਧੰਨਵਾਦ।

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਅਜਿਹੀ ਕੋਈ ਗੱਲ ਨਹੀਂ ਹੈ, ਵੱਖ ਵੱਖ ਜ਼ਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰਾਂ ਨੇ ਕਈ ਜਗ੍ਹਾ ਰੇਟ ਰਿਵਾਈਜ਼ ਵੀ ਕੀਤੇ ਹਨ। ਇਨ੍ਹਾਂ ਦਾ ਕੁਐਸਚਨ ਬਹੁਤ ਵੈਲਿਡ ਅਤੇ ਅਥੰਟਿਕ ਹੈ। ਮੈਂ ਮਾਣਯੋਗ ਪੀਡਬਲਿਊਡੀ ਮਨਿਸਟਰ ਸਾਹਿਬ ਨਾਲ ਬੈਠ ਕੇ ਅਸੀਂ ਸਾਂਝੀ ਮੀਟਿੰਗ ਕਰ ਲਵਾਂਗੇ ਅਤੇ ਇਸ ਵਾਸਤੇ ਆਉਣ ਵਾਲੇ ਸਮੇਂ ਵਿੱਚ ਇਕ ਚੰਗਾ ਫੈਸਲਾ ਲਿਆ ਜਾਵੇਗਾ।

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ) :** ਮਾਣਯੋਗ ਸਪੀਕਰ ਸਾਹਿਬ, ਜਿਹੜਾ ਸਵਾਲ ਮਾਣਯੋਗ ਮੈਂਬਰ ਸਾਹਿਬ ਨੇ ਉਠਾਇਆ ਹੈ, ਇਹ ਬਹੁਤ ਵਾਜਿਬ ਹੈ। ਮੈਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਸਾਹਿਬ ਨਾਲ ਅਤੇ ਮੈਂਬਰ ਸਾਹਿਬ ਨਾਲ ਮਿਲ-ਬੈਠ ਕੇ ਬਿਲਡਿੰਗਜ਼ ਦੇ ਰੇਟਾਂ ਬਾਰੇ ਐਗਜ਼ਾਮਿਨ ਕਰ ਲਵਾਂਗੇ।

**ਮਾਣਯੋਗ ਸਪੀਕਰ :** ਠੀਕ ਹੈ ਜੀ। Thank you.

**ਸਰਦਾਰ ਜਗਰੂਪ ਸਿੰਘ ਗਿੱਲ :** ਸਪੀਕਰ ਸਾਹਿਬ, ਮੇਰਾ ਸਵਾਲ ਰੌਲੇ-ਗੌਲੇ ਦੀ ਭੇਟ ਚੜ੍ਹ ਗਿਆ।

**ਮਾਣਯੋਗ ਸਪੀਕਰ :** ਕੋਈ ਨਾ ਜੀ, ਫੇਰ ਕਰ ਲਵਾਂਗੇ। ਅਗਲਾ ਸਵਾਲ।

-------

**1020/Karamjit kaur**

## ਜੀਰਾ ਹਲਕੇ ਦੇ ਮੁਹੱਲਾ ਅਤੇ ਪਿੰਡ ਕਲੀਨਿਕਾਂ ਦੇ ਵੇਰਵੇ

***1946. ਸ਼੍ਰੀ ਨਰੇਸ਼ ਕਟਾਰੀਆ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੀਰਾ ਹਲਕੇ ਵਿੱਚ ਕੁਲ 232 ਗ੍ਰਾਮ ਪੰਚਾਇਤਾਂ ਹਨ ਅਤੇ 43 ਵਾਰਡ ਹਨ; ਜੇਕਰ ਅਜਿਹਾ ਹੈ ਤਾਂ ਜੀਰਾ ਹਲਕੇ ’ਚ ਕੁੱਲ ਕਿੰਨੇ ਮੁਹੱਲਾ ਅਤੇ ਪਿੰਡ ਕਲੀਨਿਕ ਹੁਣ ਤੱਕ ਬਣ ਚੁੱਕੇ ਹਨ ਅਤੇ ਹੋਰ ਕਿੰਨੇ ਬਣਾਏ ਜਾਣ ਦੀ ਸੰਭਾਵਨਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ :** ਸ੍ਰੀਮਾਨ ਜੀ,

**ਆਮ ਆਦਮੀ ਕਲੀਨਿਕ** - ਹਲਕਾ ਜੀਰਾ ਵਿੱਚ ਕੁੱਲ 10 ਆਮ ਆਦਮੀ ਕਲੀਨਿਕ ਚਲ ਰਹੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਜੀਰਾ ਹਲਕੇ ਦੇ ਆਮ ਆਦਮੀ ਕਲੀਨਿਕ | ਹੁਣ ਤੱਕ ਦੀ ਓ.ਪੀ.ਡੀ | ਯੂਨੀਕ ਮਰੀਜਾਂ ਦੀ ਗਿਣਤੀ |
|---|---|---|---|
| 1 | ਕਮਿਊਨਿਟੀ ਹਾਲ ਮੱਖੂ | 69,083 | 15,822 |
| 2 | ਮਾਰਕੀਟ ਕਮੇਟੀ ਜੀਰਾ | 1,33,638 | 33,699 |
| 3 | ਮਿਹਰ ਸਿੰਘ ਵਾਲਾ | 83,997 | 64,200 |
| 4 | ਪੀ.ਐਚ.ਸੀ ਕੱਸੋਆਣਾ | 87,335 | 21,292 |
| 5 | ਪੀ.ਐਚ.ਸੀ ਖੋਸਾ ਦੱਲ ਸਿੰਘ | 59,746 | 13,427 |
| 6 | ਪੀ.ਐਚ.ਸੀ ਮੱਲਨ ਵੱਲ | 1,08,123 | 38,056 |
| 7 | ਪੀ.ਐਚ.ਸੀ ਵਕੀਲਾਂ ਵਾਲਾ | 71,043 | 7,026 |
| 8 | ਐਸ.ਐਚ.ਸੀ ਲੋਗੋਂਦੇਵਾ | 26,798 | 8,200 |
| 9 | ਯੂ.ਐਸ.ਏ.ਡੀ ਜੀਰਾ | 50,040 | 11,217 |
| 10 | ਮੁੱਢ ਬਸਤੀ | 73,244 | 24,040 |
| | ਕੁੱਲ | 7,63,047 | 2,36,979 |

ਹਲਕਾ ਜੀਰਾ ਵਿੱਚ ਲੋੜ ਅਨੁਸਾਰ ਹੋਰ ਵੀ ਨਵੇਂ ਆਮ ਆਦਮੀ ਕਲੀਨਿਕ ਭਵਿਖ ਵਿੱਚ ਖੋਲੇ ਜਾ ਸਕਦੇ ਹਨ।

**ਆਮ ਆਦਮੀ ਪਿੰਡ ਕਲੀਨਿਕ-** ਹਲਕਾ ਜੀਰਾ ਵਿੱਚ ਕੁੱਲ 6 ਆਮ ਆਦਮੀ ਪਿੰਡ ਕਲੀਨਿਕ ਬਣਾਏ ਜਾ ਚੁੱਕੇ ਹਨ, ਜੋ ਕਿ ਉਦਘਾਟਨ ਲਈ ਤਿਆਰ ਹਨ। ਇਸ ਤੋਂ ਇਲਾਵਾ, ਅਗਲੇ ਪੜਾਅ ਵਿੱਚ 10 ਹੋਰ ਕਲੀਨਿਕ ਬਣਾਉਣ ਦੀ ਸੰਭਾਵਨਾ ਹੈ।

| ਬਣਾਏ ਜਾ ਚੁੱਕੇ ਕਲੀਨਿਕ (6) | ਬਣਾਏ ਜਾਣ ਵਾਲੇ ਕਲੀਨਿਕ (10) |
|---|---|
| ਬੋਟਿਆਨਵਾਲਾ | ਖਦੂਰ |
| ਗਦਰੀਵਾਲਾ | ਲਹਿਰਾ ਬੇਟ |

| | |
|---|---|
| ਚੂ ਚੱਕ ਹਵਾ | ਲੋਹਕੇ ਕਲਾਂ |
| ਫਤਿਹਗੜ੍ਹ ਸਬਰਾ | ਲੋਹਕੇ ਖੁਰਦ |
| ਹਸ਼ਮਤਵਾਲਾ | ਮਹੀਆਂਵਾਲਾ ਪੁਰਾਣਾ |
| ਫੇਰੋਕ | ਮਾਰਖਾਈ |
| | ਸਾਧਰਾ |
| | ਸੇਖਵਾਨ |
| | ਮਨਸੂਰਪੁਰ ਦੇਵਾ |
| | ਝਟਰਾ |

ਜੇਕਰ ਉਪਰੋਕਤ ਤੋਂ ਇਲਾਵਾ ਕਿਸੇ ਵੀ ਹੋਰ ਪਿੰਡ ਵਿੱਚ ਨਵਾਂ ਕਲੀਨਿਕ ਖੋਲਣ ਦੀ ਜਰੂਰਤ ਮਹਿਸੂਸ ਹੁੰਦੀ ਹੈ, ਤਾਂ ਉੱਥੇ ਵੀ ਆਮ ਆਦਮੀ ਪਿੰਡ ਕਲੀਨਿਕ ਖੋਲਣ ਸਬੰਧੀ ਵਿਚਾਰਿਆ ਜਾ ਸਕਦਾ ਹੈ।

**ਡਾਕਟਰ ਬਲਬੀਰ ਸਿੰਘ:** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਕਟਾਰੀਆ ਜੀ ਦਾ ਵੀ ਧੰਨਵਾਦ ਕਰਦਾ ਹਾਂ ਕਿ ਆਪਣੇ ਹਲਕੇ ਵਾਸਤੇ ਤੇ ਪਿੰਡਾਂ ਵਾਸਤੇ ਚਿੰਤਤ ਹਨ। ਇਹ ਠੀਕ ਹੈ ਕਿ ਇਨ੍ਹਾਂ ਦੇ ਪਿੰਡਾਂ ਦੀ ਗਿਣਤੀ ਕਾਫ਼ੀ ਹੈ, 232 ਪਿੰਡ ਹਨ ਅਤੇ 43 ਵਾਰਡ ਵੀ ਹਨ। ਇਨ੍ਹਾਂ ਦੇ 10 ਮੁਹੱਲਾ ਕਲੀਨਿਕ ਖੋਲ੍ਹੇ ਹਨ ਜੀ। ਇਨ੍ਹਾਂ ਦੀ ਅਬਾਦੀ ਤਕਰੀਬਨ 2 ਲੱਖ 60 ਹਜਾਰ ਦੀ ਹੈ, ਜਿਸ ਵਿੱਚੋਂ 2,36,979 ਬੰਦੇ 7 ਲੱਖ 63 ਵਾਰੀ ਦਵਾਈ ਲੈ ਚੁੱਕੇ ਹਨ। ਇਨ੍ਹਾਂ ਦੀ ਪਾਪੂਲੇਸ਼ਨ ਵਿੱਚੋਂ 80 ਪਰਸੈਂਟ ਤੋਂ ਵੀ ਜ਼ਿਆਦਾ ਨੇ ਮੁਹੱਲਾ ਕਲੀਨਿਕਾਂ ਦਾ ਫਾਇਦਾ ਉਠਾਇਆ ਹੈ। ਦੂਜਾ, ਇਨ੍ਹਾਂ ਦੇ ਪਿੰਡ ਕਾਫ਼ੀ ਹਨ, ਜਿਹੜੇ under-served ਏਰੀਆ ਹਨ ਉਨ੍ਹਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਨਾਲ ਮੇਰੇ ਕੂਲੀਗ ਪੰਚਾਇਤ ਮਨਿਸਟਰ ਇੱਥੇ ਬੈਠੇ ਹਨ, ਸਰਵੇ ਕਰਕੇ ਬਿਲਡਿੰਗ ਇਨ੍ਹਾਂ ਨੇ ਬਣਾਉਣੀ ਹੈ ਅਤੇ ਕਲੀਨਿਕ ਅਸੀਂ ਚਲਾਉਂਦੇ ਹਾਂ। ਹੁਣ ਅਸੀਂ ਪਿੰਡ ਕਲੀਨਿਕ ਬਣਾ ਰਹੇ ਹਾਂ। ਇਨ੍ਹਾਂ ਦੇ ਹਲਕੇ ਵਿੱਚ 6 ਪਿੰਡ ਕਲੀਨਿਕ ਬਣੇ ਹਨ, ਉਹ ਅਲਟਰਾ ਸਾਊਂਡ ਹੋਣਗੇ। ਅਸੀਂ ਉੱਥੇ 10 ਹੋਰ ਬਣਾਉਣੇ ਹਨ। ਇਨ੍ਹਾਂ ਨੂੰ ਲਿਸਟ ਚਲੀ ਗਈ ਹੈ। ਇਨ੍ਹਾਂ ਨੂੰ ਬੇਨਤੀ ਹੈ ਕਿ ਜੇ ਇਹ ਕੋਈ ਚੇਂਜ ਕਰਨਾ ਚਾਹੁਣ, ਕਿਉਂਕਿ ਸਾਡਾ ਕੰਮ ਜ਼ਮੀਨੀ ਪੱਧਰ ਤੇ ਹੈ, ਇਹ ਦੱਸ ਦੇਣ ਕਿ ਇਹ under-served ਏਰੀਆ ਹੈ, ਇੱਥੇ ਬਹੁਤ ਜ਼ਿਆਦਾ ਗੈਪ ਹੈ। ਸਾਡੀ ਕੋਸ਼ਿਸ਼ ਹੈ ਕਿ ਪਿੰਡਾਂ ਵਿੱਚ 4-5 ਕਿਲੋਮੀਟਰ ਤੇ ਅਤੇ ਸ਼ਹਿਰ ਵਿੱਚ ਇੱਕ ਕਿਲੋਮੀਟਰ ਤੇ ਲੋਕਾਂ ਨੂੰ ਸਿਹਤ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ।

**ਸ੍ਰੀ ਨਰੇਸ਼ ਕਟਾਰੀਆ:** ਮਾਣਯੋਗ ਸਪੀਕਰ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਸਾਡੇ 232 ਗ੍ਰਾਮ ਪੰਚਾਇਤਾਂ ਹਨ ਅਤੇ 43 ਵਾਰਡ ਹਨ। ਜਿਨ੍ਹਾਂ ਵਿੱਚ ਇੰਨੇ ਕੁ ਕਲੀਨਿਕਾਂ ਨਾਲ ਸਾਨੂੰ ਨਹੀਂ ਸਰਦਾ।

ਮੁਹੱਲਾ ਕਲੀਨਿਕ ਸਾਨੂੰ ਹੋਰ ਦਿੱਤੇ ਜਾਣ। ਇਹ ਵੀ ਵੇਰਵੇ ਸਹਿਤ ਦੱਸਿਆ ਜਾਵੇ ਕਿ ਇਹ ਕਲੀਨਿਕ ਕਦੋਂ ਤੱਕ ਕੰਪਲੀਟ ਹੋ ਜਾਣਗੇ?

**ਮੰਤਰੀ**: ਸਪੀਕਰ ਸਾਹਿਬ, ਜਿਹੜੇ 6 ਪਿੰਡ ਕਲੀਨਿਕ ਹਨ, ਉਹ inauguration ਲਈ ready ਹਨ। ਇਹ ਇਸ ਮਹੀਨੇ ਵਿੱਚ ਓਪਨ ਹੋ ਜਾਣਗੇ ਜੀ। ਜਿਹੜੇ ਬਾਕੀ ਦੇ ਬਣਾਉਣੇ ਹਨ, ਕਿਤੇ ਬਿਲਡਿੰਗ ਬਣਨੀ ਹੈ, ਜਾਂ ਇਹ ਬਣੀ ਬਣਾਈ ਬਿਲਡਿੰਗ ਦੇਣਗੇ, ਮੈਂ ਬੇਨਤੀ ਕਰਾਂਗਾ ਕਿ ਮੈਂ ਆਪਣੇ ਸਿਵਲ ਸਰਜਨ ਅਤੇ ਡਿਪਟੀ ਕਮਿਸ਼ਨਰ ਨੂੰ ਡਾਇਰੈਕਸ਼ਨ ਦੇ ਦੇਵਾਂਗਾ, ਇਹ ਉਨ੍ਹਾਂ ਨਾਲ ਖੁਦ ਵਿਜ਼ਿਟ ਕਰਕੇ ਸਾਈਟ ਬਾਰੇ ਖੁਦ ਦੱਸ ਦੇਣ, ਸਾਨੂੰ ਸਾਈਟ ਦੱਸ ਦੇਣ, ਕਿਉਂਕਿ ਅਸੀਂ ਪਾਪੂਲੇਸ਼ਨ ਵਾਈਜ ਅਤੇ ਡਿਸਟੈਂਸ ਵਾਈਜ ਜੀ.ਪੀ.ਐੱਸ. ਮੈਪਿੰਗ ਕਰਕੇ ਕਰਦੇ ਹਾਂ, ਇਸ ਸਬੰਧੀ ਸਾਡਾ ਕਰਾਈਟੇਰੀਆ ਰੱਖਿਆ ਹੋਇਆ ਹੈ। ਇਹ ਜਿੱਥੇ ਜਿੱਥੇ ਕਹਿਣਗੇ, ਜਿੱਥੇ ਜਿੰਨੀ ਲੋੜ ਹੋਵੇਗੀ, ਜਿੰਨੇ ਕਹਿਣਗੇ, ਉੱਥੇ ਉਨੇ ਕਲੀਨਿਕ ਬਣਾ ਕੇ ਦਿਆਂਗੇ।

**ਸ਼੍ਰੀ ਨਰੇਸ਼ ਕਟਾਰੀਆ**: ਬਹੁਤ ਬਹੁਤ ਧੰਨਵਾਦ ਜੀ।

------------

## ਅਬੋਹਰ ਨਗਰ ਨਿਗਮ ਵਿਖੇ ਸਥਾਈ ਐਸ.ਈ. ਅਤੇ ਐਕਸੀਅਨ ਦੀ ਤਾਇਨਾਤੀ ਕਰਨਾ

*1915. **ਸ਼੍ਰੀ ਸੰਦੀਪ ਜਾਖੜ**: ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਬੋਹਰ ਨਗਰ ਨਿਗਮ ਵਿਖੇ ਲੰਮੇ ਸਮੇਂ ਤੋਂ ਸਥਾਈ ਐਸ.ਈ. (S.E.) ਅਤੇ ਐਕਸੀਅਨ (Xen) ਦੀ ਤਾਇਨਾਤੀ ਨਹੀਂ ਕੀਤੀ ਗਈ, ਜਿਸ ਕਾਰਨ ਵਿਕਾਸ ਦੇ ਸਾਰੇ ਕੰਮਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਉੱਥੇ ਸਥਾਈ ਤਾਇਨਾਤੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸਰਦਾਰ ਹਰਜੋਤ ਸਿੰਘ ਬੈਂਸ**: ਹਾਂ, ਜੀ। ਨਗਰ ਨਿਗਮ, ਅਬੋਹਰ ਵਿਖੇ ਕੋਈ ਸਥਾਈ ਐਸ.ਈ. (S.E.) ਅਤੇ ਐਕਸੀਅਨ (XEN) ਤਾਇਨਾਤ ਨਹੀਂ ਹੈ। ਪਰੰਤੂ ਦਫ਼ਤਰੀ ਕੰਮ ਅਤੇ ਵਿਕਾਸ-ਕਾਰਜਾਂ ਦਾ ਹਰਜਾ ਨਾ ਹੋਵੇ, ਇਸ ਲਈ ਦੋ ਨਿਗਰਾਨ ਇੰਜੀਨੀਅਰਾਂ (ਐਸ.ਈਜ਼.) ਨੂੰ ਨਗਰ ਨਿਗਮ, ਅਬੋਹਰ ਵਿਖੇ ਨਿਗਰਾਨ ਇੰਜੀਨੀਅਰ (ਐਸ.ਈ.) ਦੀ ਅਸਾਮੀ ਦਾ ਵਾਧੂ ਚਾਰਜ ਦਿੱਤਾ ਹੋਇਆ ਹੈ। ਜਦ ਕਿ ਨਗਰ ਨਿਗਮ, ਅਬੋਹਰ ਵਿਖੇ ਸਥਾਈ ਐਸ.ਈ. ਅਤੇ ਐਕਸੀਅਨ ਤਾਇਨਾਤ ਕਰਨ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਸ਼੍ਰੀ ਸੰਦੀਪ ਜਾਖੜ**: ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਗੁਜਾਰਿਸ਼ ਹੈ ਕਿ ਅਬੋਹਰ ਨਾਲ ਮੈਨੂੰ ਲੱਗਦਾ ਹੈ ਕਿ ਹਰੇਕ ਟਾਈਮ ਬਹੁਤ ਵੱਡਾ ਵਿਤਕਰਾ ਕੀਤਾ ਜਾਂਦਾ ਹੈ ਅਤੇ ਜਿਵੇਂ ਸਰਕਾਰ ਦਾ ਜਵਾਬ ਆਇਆ ਹੈ ਕਿ it is under consideration, ਸਰਕਾਰ ਵਿਚਾਰ ਕਰ ਰਹੀ ਹੈ। ਸਰ, ਮੇਰੀ ਇੱਕ ਤਾਂ ਮੰਤਰੀ ਸਾਹਿਬ ਨੂੰ ਇਹ ਰਿਕੁਐਸਟ ਹੈ ਕਿ ਜਿਹੜੇ ਐਸ.ਈ. ਹਨ, ਉਨ੍ਹਾਂ ਨੂੰ ਐਡੀਸ਼ਨਲ ਚਾਰਜ ਦਿੱਤੇ ਹੋਏ ਹਨ। ਉੱਥੇ 2 ਐਸ.ਈ. ਹਨ, 2 ਦਿਨ ਇੱਕ ਐਸ.ਈ. ਸਾਹਿਬ ਆਉਂਦੇ ਹਨ ਅਤੇ 2 ਦਿਨ ਦੂਜੇ ਆਉਂਦੇ ਹਨ। So, it is my humble request, if it

is possible ਕਿ ਇੱਕ ਐਸ.ਈ. ਨੂੰ ਹੀ ਚਾਰਜ ਦੇ ਦਿਉ ਤਾਂ ਕਿ ਸਾਡੇ ਵਾਸਤੇ ਥੋੜ੍ਹਾ ਸੌਖਾ ਹੋ ਜਾਂਦਾ ਹੈ। ਇਸ ਦੇ ਨਾਲ ਨਾਲ ਮੰਤਰੀ ਸਾਹਿਬ, ਮੈਂ ਤੁਹਾਨੂੰ ਇੱਕ ਹੋਰ ਵੀ ਰਿਕੁਐਸਟ ਕਰਨਾ ਚਾਹਾਂਗਾ ਕਿ ਉੱਥੇ ਅਫ਼ਸਰ ਤਾਂ ਘੱਟ ਹਨ ਹੀ, ਕਿਉਂਕਿ ਤੁਸੀਂ ਲੋਕਲ ਬਾਡੀਜ ਡਿਪਾਰਟਮੈਂਟ ਦਾ ਨਵਾਂ ਨਵਾਂ ਚਾਰਜ ਸਾਂਭਿਆ ਹੈ ਪ੍ਰੰਤੂ ਜਿਹੜੀ ਗ੍ਰਾਂਟ ਦਿੱਤੀ ਗਈ ਸੀ, ਉਸ ਦੇ ਵਿੱਚ ਵੀ ਅਬੋਹਰ ਨੂੰ 6 ਗੁਣਾਂ ਘੱਟ ਗ੍ਰਾਂਟ as compared to others, ਮਿਲੀ ਹੈ। ਸੋ, ਮੇਰੀ ਰਿਕੁਐਸਟ ਹੈ ਕਿ ਪਲੀਜ਼ ਜੇ ਉਸ ਵਿੱਚ ਵੀ ਤੁਸੀਂ ਕੁੱਝ ਵਾਧਾ ਕਰ ਸਕਦੇ ਹੋ, I will be grateful, ਅਸੀਂ ਮਸਾਂ ਹੀ ਅਬੋਹਰ ਸ਼ਹਿਰ ਨੂੰ ਗੰਦਗੀ ਵਿੱਚੋਂ ਕੱਢਿਆ ਸੀ। ਸਰ, ਮੇਰਾ ਸਵਾਲ ਹੈ ਕਿ ਅਫ਼ਸਰਾਂ ਦੀ ਪੋਸਟਿੰਗ ਦੇ ਨਾਲ ਨਾਲ ਸਾਨੂੰ ਜਿਹੜੀ ਗ੍ਰਾਂਟ ਦਿੱਤੀ ਗਈ ਸੀ, ਜੇ ਉਸ ਵਿੱਚ ਵੀ ਮੰਤਰੀ ਜੀ ਕੁੱਝ ਕਰ ਸਕਦੇ ਹਨ, I will be grateful. Thank you.

**ਮਾਣਯੋਗ ਸਪੀਕਰ:** ਜਾਖੜ ਸਾਹਿਬ, ਤੁਸੀਂ 2 ਲੱਖ ਬੰਦਿਆਂ ਦੇ ਨੁਮਾਇੰਦੇ ਹੋ, ਤੁਸੀਂ ਸਵਾਲ ਪੁੱਛੋ। ਤੁਸੀਂ ਪੁੱਛੋ ਕਿ ਕੀ ਸਾਨੂੰ ਦਿਉਗੇ, ਸਾਨੂੰ ਗ੍ਰਾਂਟ ਦਿਉ।

**ਸ਼੍ਰੀ ਸੰਦੀਪ ਜਾਖੜ:** ਥੈਂਕ ਯੂ, ਸਪੀਕਰ ਸਾਹਿਬ, ਹੁਣ ਤੁਸੀਂ ਵੀ ਮੇਰੀ ਸਿਫਾਰਸ਼ ਕਰ ਦਿੱਤੀ ਹੈ । ਮੰਤਰੀ ਸਾਹਿਬ ਅਤੇ ਐਫ.ਐਮ. ਸਾਹਿਬ ਵੀ ਇੱਥੇ ਹੀ ਬੈਠੇ ਹਨ। ਮੈਂ ਤੁਹਾਨੂੰ ਦੋਵਾਂ ਨੂੰ ਰਿਕੁਐਸਟ ਕਰਦਾ ਹਾਂ ਕਿ ਪਲੀਜ਼ ਅਬੋਹਰ ਲੋਕਲ ਬਾਡੀਜ ਨੂੰ ਜਿਹੜੀ ਗ੍ਰਾਂਟ ਤੁਸੀਂ ਪਿਛਲੀ ਵਾਰ 5 ਕਰੋੜ ਰੁਪਏ ਦੀ ਦਿੱਤੀ ਸੀ ਪ੍ਰੰਤੂ ਬਾਕੀਆਂ ਨੂੰ 30-35 ਕਰੋੜ ਦੀ ਦਿੱਤੀ ਗਈ ਸੀ। ਮੈਂ ਤਾਂ 10 ਕਰੋੜ ਰੁਪਏ ਨਾਲ ਹੀ ਰਾਜ਼ੀ ਹਾਂ, ਸਾਨੂੰ 10 ਕਰੋੜ ਰੁਪਏ ਦੀ ਗ੍ਰਾਂਟ ਹੋਰ ਦੇ ਦਿਉ। ਥੈਂਕ ਯੂ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਫਿਰ ਨਹੀਂ ਪੁੱਛਿਆ। ਚਲੋ, ਠੀਕ ਹੈ।

**ਸ਼੍ਰੀ ਸੰਦੀਪ ਜਾਖੜ:** ਇਸ ਸਬੰਧੀ ਐਫ.ਐਮ. ਸਾਹਿਬ ਕੋਈ ਐਸੋਰੈਂਸ਼ ਦੇ ਦੇਣ ਜੀ।

**ਮਾਣਯੋਗ ਸਪੀਕਰ:** ਹਾਂ ਜੀ, ਲੋਕਲ ਬਾਡੀਜ ਮੰਤਰੀ ਜੀ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਜਿਹੜਾ ਮੈਂਬਰ ਸਾਹਿਬ ਨੇ ਐਸ.ਈ. ਬਾਰੇ ਕਿਹਾ ਹੈ, I will try my best ਕਿ ਅੱਜ ਹੀ ਹੋ ਜਾਵੇ। Regarding the additional grant, ਮੈਂ ਚੈਕ ਕਰ ਲੈਂਦਾ ਹਾਂ, ਕਿਉਂਕਿ ਲੋਕਲ ਬਾਡੀਜ ਵਿੱਚ mass level ਦੇ ਉੱਤੇ ਸੜਕਾਂ ਦੇ ਕੰਮ ਹੋ ਰਹੇ ਹਨ। ਲਗਭੱਗ ਇੱਕ ਹਜ਼ਾਰ ਕਰੋੜ ਦੇ, ਅਸੀਂ ਹਰ ਸ਼ੁੱਕਰਵਾਰ ਉਸ ਨੂੰ ਰਿਵਿਊ ਕਰ ਰਹੇ ਹਾਂ, ਉਨ੍ਹਾਂ ਦੇ ਟੈਂਡਰਜ ਆਲਮੋਸਟ ਲੱਗ ਚੁੱਕੇ ਹਨ। ਅਗਰ ਫਿਰ ਵੀ ਕੁੱਝ ਹੈ, ਮੈਂ ਚੈੱਕ ਕਰ ਲਵਾਂਗਾ, ਕਿਉਂਕਿ ਮੈਂ ਕੋਈ ਅਜਿਹੀ ਕੁਮਿਟਮੈਂਟ ਨਹੀਂ ਕਰ ਸਕਦਾ, ਜੋ ਅਜੇ ਤੱਕ ਮੇਰੇ ਧਿਆਨ ਵਿੱਚ ਨਹੀਂ ਹੈ ਅਤੇ ਮੈਂ ਸਟੱਡੀ ਨਹੀਂ ਕੀਤੀ। ਅਸੀਂ 1000 ਕਰੋੜ ਰੁਪਏ ਦੇ ਕੰਮ ਕਰ ਰਹੇ ਹਾਂ। ਅਗਰ ਹੋਰ ਪੈਸੇ ਬਚਦੇ ਹਨ ਤਾਂ ਅਸੀਂ ਅਬੋਹਰ ਨੂੰ ਜ਼ਰੂਰ ਦੇਵਾਂਗੇ।

**ਮਾਣਯੋਗ ਸਪੀਕਰ:** ਥੈਂਕ ਯੂ। ਜਾਖੜ ਸਾਹਿਬ, ਹੁਣ ਤਾਂ ਖੁਸ਼ ਹੋ।

-----------

**1025/harpreet singh**

**ਲਿੰਕ ਸੜਕਾਂ ਅਤੇ ਕੱਚੇ ਰਾਹਾਂ ਉੱਪਰੋਂ ਨਜਾਇਜ਼ ਕਬਜੇ ਹਟਾਉਣਾ**

***1893. ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ** : ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਪਿੰਡਾਂ ਨੂੰ ਜੋੜਨ ਵਾਲੀਆਂ ਲਿੰਕ ਸੜਕਾਂ ਅਤੇ ਕੱਚੇ ਰਾਹਾਂ ਉੱਪਰ ਕਾਫੀ ਥਾਵਾਂ ਤੇ ਨਜਾਇਜ਼ ਕਬਜੇ ਹਨ; ਜੇਕਰ ਅਜਿਹਾ ਹੈ ਤਾਂ ਇਹ ਕਬਜੇ ਕਦੋਂ ਤੱਕ ਹਟਾ ਦਿੱਤੇ ਜਾਣਗੇ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ**: ਸ਼੍ਰੀਮਾਨ ਜੀ, ਰਾਜ ਵਿੱਚ ਪਿੰਡਾਂ ਨੂੰ ਜੋੜਨ ਵਾਲੀਆਂ ਕੱਚੇ ਰਾਹਾਂ ਉੱਪਰ ਕੁੱਲ 25 ਏਕੜ 7 ਮਰਲੇ ਤੇ ਨਜਾਇਜ਼ ਕਬਜੇ ਹਨ, ਇਨ੍ਹਾਂ ਨਜਾਇਜ ਕਬਜਿਆਂ ਨੂੰ ਹਟਾਉਣ ਸਬੰਧੀ ਪੰਜਾਬ ਵਿਲੇਜ ਕਾਮਨ ਲੈਂਡਜ ਰੈਗੂਲੇਸ਼ਨ ਐਕਟ, 1961 ਦੀ ਧਾਰਾ 7 ਅਧੀਨ ਵੱਖ ਵੱਖ ਕੁਲੈਕਟਰ-ਕਮ-ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰਾਂ ਦੀਆਂ ਅਦਾਲਤਾਂ ਵਿੱਚ ਕੇਸ ਚੱਲ ਰਹੇ ਹਨ, ਵਿਸਥਾਰ ਪੂਰਵਕ ਰਿਪੋਰਟ **ਝੰਡੀ A** ਤੇ ਰੱਖੀ ਜਾਂਦੀ ਹੈ।

**ਮਾਣਯੋਗ ਸਪੀਕਰ**: ਤੁਸੀਂ ਤਾਂ ਗੁਆਂਢੀ ਹੋ, ਤੁਸੀਂ ਇਕ ਦੂਜੇ ਨੂੰ ਵੈਸੇ ਹੀ ਸਵਾਲ ਪੁੱਛ ਲਿਆ ਕਰੋ, ਵਿਧਾਨ ਸਭਾ ਵਿਚ ਕਿਉਂ ਪੁੱਛਦੇ ਹੋ? (ਹਾਸਾ)

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਸਪੀਕਰ ਸਾਹਿਬ, ਮੰਤਰੀ ਜੀ ਦਾ ਜਵਾਬ ਕੁੱਝ ਹੋਰ ਦਿਸ਼ਾ ਦਾ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ।

**ਮਾਣਯੋਗ ਸਪੀਕਰ**: ਮੰਤਰੀ ਜੀ ਨੇ ਕੀ ਜਵਾਬ ਹੀ ਦੇ ਦਿੱਤਾ?

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਮੰਤਰੀ ਜੀ ਦਾ ਜਵਾਬ ਢੁਕਵਾਂ ਨਹੀਂ ਹੈ ਜੀ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਲਿੰਕ ਸੜਕਾਂ ਹਨ, ਉਨ੍ਹਾਂ ਦੇ ਆਲੇ ਦੁਆਲੇ ਬਰਮਾਂ ਹਨ। ਉਨ੍ਹਾਂ ਤੇ ਕੋਈ ਟਰੈਕਟਰ ਟਰਾਲੀ ਪਾਸ ਨਹੀਂ ਹੁੰਦਾ। ਅਜਿਹੀਆਂ ਬਹੁਤ ਸਾਰੀਆਂ ਸੜਕਾਂ ਹਨ। ਹੁਣ ਨਵੀਆਂ ਸੜਕਾਂ ਵੀ ਬਣ ਰਹੀਆਂ ਹਨ, ਉਨ੍ਹਾਂ ਦੇ ਆਲੇ ਦੁਆਲੇ ਨਾ ਕੋਈ ਬੂਟਾ ਲੱਗ ਸਕਦਾ ਹੈ ਅਤੇ ਨਾ ਟਰੈਫਿਕ ਸੌਖਿਆਂ ਲੰਘ ਸਕਦੀ ਹੈ। ਮੈਂ ਪਹਿਲਾਂ ਵੀ ਇਹ ਮੁੱਦਾ ਵਿਧਾਨ ਸਭਾ ਵਿਚ ਵਿਚਾਰਿਆ ਸੀ ਕਿ ਜਿਹੜੀਆਂ ਲਿੰਕ ਸੜਕਾਂ ਹਨ, ਉਨ੍ਹਾਂ ਦੀ ਪੂਰੀ ਮਿਣਤੀ ਕਰਕੇ, ਨਿਸ਼ਾਨਦੇਹੀ ਕਰਕੇ, ਉਨ੍ਹਾਂ ਤੇ ਮਿੱਟੀ ਪਾ ਕੇ ਬਰਮਾਂ ਨੂੰ ਠੀਕ ਕੀਤਾ ਜਾਵੇ। ਮੇਰੀ ਇਹੀ ਬੇਨਤੀ ਹੈ।

**ਮਾਣਯੋਗ ਸਪੀਕਰ**: ਤੁਸੀਂ ਬੇਨਤੀ ਨਾ ਕਰਿਆ ਕਰੋ, ਸਵਾਲ ਪੁੱਛਿਆ ਕਰੋ। ਹਾਂ ਜੀ, ਮੰਤਰੀ ਜੀ, ਠੀਕ ਕਰੋਂਗੇ?

**ਮੰਤਰੀ**: ਸਪੀਕਰ ਸਾਹਿਬ, ਇਸ ਦੀ ਵਿਸਥਾਰਪੂਰਵਕ ਰਿਪੋਰਟ ਮੈਂ ਮੈਂਬਰ ਸਾਹਿਬ ਨਾਲ ਬੈਠ ਕੇ ਡਿਸਕਸ ਕਰ ਲਵਾਂਗਾ ਜੀ ਅਤੇ ਜਿਹੜੀ ਵੀ ਇਨ੍ਹਾਂ ਦੀ Query ਹੈ, ਉਹ ਕਲੀਅਰ ਕਰ ਦਿਆਂਗੇ ਜੀ।

**ਮਾਣਯੋਗ ਸਪੀਕਰ**: ਜਦੋਂ ਮੈਂ ਸਰਪੰਚ ਸੀ, ਮੈਂ ਤੁਹਾਨੂੰ ਆਪਣਾ ਉਸ ਸਮੇਂ ਦਾ ਤਜਰਬਾ ਦੱਸਦਾ ਹਾਂ। ਸਾਡੇ ਡਿਪਟੀ ਕਮਿਸ਼ਨਰ, ਸ਼੍ਰੀ ਅਲੋਕ ਸ਼ੇਖਰ  ਸੀ, ਜੋ ਇਸ ਵੇਲੇ ਸ਼ਾਇਦ ਵਿਦੇਸ਼ ਗਏ ਹੋਏ ਹਨ। ਅਸੀਂ ਫੈਸਲਾ ਕਰ ਲਿਆ ਕਿ

ਲਿੰਕ ਸੜਕਾਂ ਚੌੜੀਆਂ ਕਰਨੀਆਂ ਹਨ। ਫਿਰ ਅਸੀਂ ਸਿਰਫ਼ ਕੋਈ ਕਾਗਜ਼ੀ ਕਾਰਵਾਈ ਨਹੀਂ ਕੀਤੀ, ਸਗੋਂ ਸੜਕਾਂ ਚੌੜੀਆਂ ਕੀਤੀਆਂ। ਸੋ, ਤੁਸੀਂ ਵੀ ਝੋਨੇ ਦੇ ਸੀਜ਼ਨ ਤੋਂ ਬਾਅਦ ਇਹ ਕੰਮ ਕਰਵਾ ਦਿਓ। ਕਾਗਜ਼ੀ ਕਾਰਵਾਈ ਤਾਂ ਤੁਸੀਂ ਕਹੋ ਕਿ ਕਰਨੀ ਹੈ। ਇਸ ਨਾਲ ਸਾਰੇ ਲੋਕਾਂ ਦਾ ਫਾਇਦਾ ਹੈ ਜੀ।

**ਮੰਤਰੀ:** ਠੀਕ ਹੈ ਜੀ।

----

**ਤਲਵਾੜਾ ਦੇ ਕੰਡੀ ਏਰੀਆ ਵਿੱਚ ਸਰਕਾਰੀ ਮਿੰਨੀ ਬੱਸ ਸਰਵਿਸ ਸ਼ੁਰੂ ਕਰਨਾ**

***1872. ਸਰਦਾਰ ਕਰਮਬੀਰ ਸਿੰਘ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਸੂਹਾ ਦੇ ਕੰਡੀ ਇਲਾਕੇ ਤਲਵਾੜਾ ਵਿੱਚ ਕੋਈ ਵੀ ਸਰਕਾਰੀ ਮਿੰਨੀ ਬੱਸ ਸਰਵਿਸ ਨਹੀਂ ਹੈ, ਜਿਸ ਕਰਕੇ ਲੋਕਾਂ ਨੂੰ ਆਉਣ ਜਾਣ ਵਾਸਤੇ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਵਲੋਂ ਪਹਿਲਾਂ ਕਰਵਾਏ ਸਰਵੇ ਜਿਹਨਾਂ ਵਿੱਚ ਤਲਵਾੜਾ ਤੋਂ ਹੁਸ਼ਿਆਰਪੁਰ ਵਾਇਆ ਹੱਕੜੀ, ਬੱਡਲਾ, ਭਡਿਆਲਾ, ਸੰਸਾਰਪੁਰ, ਮੱਕੋਵਾਲ, ਹਰਿਆਣਾ ਅਤੇ ਕਮਾਹੀ ਦੇਵੀ ਤੋਂ ਰਾਮਪੁਰ, ਨੇਕਨਾਮਾ, ਪੱਸੀ ਕੰਡੀ ਦਸੂਹਾ ਹੁਸ਼ਿਆਰਪੁਰ ਤੋਂ ਇਲਾਵਾ ਕੰਡੀ ਏਰੀਆ ਵਿੱਚ ਮਿੰਨੀ ਸਰਕਾਰੀ ਬੱਸਾਂ ਚਲਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸਰਦਰ ਹਰਪਾਲ ਸਿੰਘ ਚੀਮਾ:** ਸ਼੍ਰੀਮਾਨ ਜੀ, ਵਿਭਾਗ ਵਲੋਂ ਮੌਜੂਦਾ ਸਮੇਂ ਦੌਰਾਨ ਵਿਧਾਨ ਸਭਾ ਹਲਕਾ ਦਸੂਹਾ ਦੇ ਕੰਡੀ ਇਲਾਕੇ ਤਲਵਾੜਾ ਵਿੱਚ ਇੱਕ ਮਿੰਨੀ ਬੱਸ ਧਰਮਪੁਰ ਦੇਵੀ ਤੋਂ ਤਲਵਾੜਾ-ਮੁਕੇਰੀਆਂ-ਹੁਸ਼ਿਆਰਪੁਰ ਲਈ ਨਿਰੰਤਰ ਚਲਾਈ ਜਾ ਰਹੀ ਹੈ ਅਤੇ ਕਮਾਹੀ ਦੇਵੀ ਤੋਂ ਚੰਡੀਗੜ੍ਹ ਵਾਇਆ ਲੱਗ, ਲੱਬਰ, ਬਰੂਹੀ, ਨਰੂੜ, ਰਘਵਾਲ, ਮਸਤੀਵਾਲ, ਗੜ੍ਹਦੀਵਾਲਾ, ਹਰਿਆਣਾ- ਹੁਸ਼ਿਆਰਪੁਰ ਰਾਹੀਂ ਸਾਧਾਰਨ ਬੱਸ ਨਿਰੰਤਰ ਚਲਾਈ ਜਾ ਰਹੀ ਹੈ ।

ਇਸ ਤੋਂ ਇਲਾਵਾ ਤਲਵਾੜਾ ਤੋਂ ਹੁਸ਼ਿਆਰਪੁਰ ਵਾਇਆ ਹੱਕੜੀ, ਬੱਡਲਾ, ਭਡਿਆਲਾ, ਸੰਸਾਰਪੁਰ, ਮੱਕੋਵਾਲ, ਹਰਿਆਣਾ ਅਤੇ ਕਮਾਹੀ ਦੇਵੀ ਤੋਂ ਰਾਮਪੁਰ, ਨੇਕਨਾਮਾ, ਪੱਸੀ ਕੰਡੀ ਦਸੂਹਾ ਹੁਸ਼ਿਆਰਪੁਰ ਤੋਂ ਇਲਾਵਾ ਕੰਡੀ ਏਰੀਆ ਵਿੱਚ ਪਰਮਿਟ ਨਾ ਹੋਣ ਕਰਕੇ ਬੱਸ ਸੇਵਾ ਨਹੀਂ ਚਲਾਈ ਜਾ ਰਹੀ । ਭਵਿੱਖ ਵਿੱਚ ਜੇਕਰ ਇਲਾਕਾ ਨਿਵਾਸੀਆਂ ਵਲੋਂ ਉਕਤ ਦਰਸਾਏ ਪਿੰਡਾਂ ਲਈ ਸਰਕਾਰੀ ਮਿੰਨੀ ਬੱਸਾਂ ਚਲਾਉਣ ਦੀ ਕੋਈ ਮੰਗ ਪ੍ਰਾਪਤ ਹੁੰਦੀ ਹੈ ਤਾਂ ਇਨ੍ਹਾਂ ਰੂਟਾਂ ਦੀ ਵਾਇਆਬਿਲਟੀ ਦਾ ਮੁਲਾਂਕਣ ਕਰਦੇ ਹੋਏ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਕਰਮਬੀਰ ਸਿੰਘ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਾਡੇ ਹਲਕੇ ਵਿਚ ਇਕ ਮਿੰਨੀ ਬੱਸ ਵਾਇਆ ਤਲਵਾੜਾ ਤੋਂ ਧਰਮਪੁਰ ਤੇ ਹੁਸ਼ਿਆਰਪੁਰ ਨੂੰ ਚਲਵਾਈ ਹੈ। ਇਕ ਕਮਾਹੀ ਦੇਵੀ ਤੋਂ ਹੁਸ਼ਿਆਰਪੁਰ ਤੱਕ ਵੱਡੀ ਬੱਸ ਵੀ ਚਲਾਈ ਹੈ। ਪਰ ਜਿਹੜੀ ਮੈਂ ਮੰਗ ਕੀਤੀ ਹੈ, ਇਨ੍ਹਾਂ ਰੂਟਾਂ ਦੇ ਸਰਵੇ ਵੀ ਸਰਕਾਰ ਵੱਲੋਂ ਕਰਵਾਏ ਗਏ ਹਨ। ਮੈਂ ਮਾਣਯੋਗ ਮੰਤਰੀ ਜੀ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਤਲਵਾੜਾ ਤੋਂ

ਹੁਸ਼ਿਆਰਪੁਰ ਵਾਇਆ ਹੱਕੜੀ, ਸੰਸਾਰਪੁਰ, ਮੱਕੋਵਾਲ, ਹਰਿਆਣਾ ਆਦਿ ਦਾ ਪਰਮਿੱਟ ਜਾਰੀ ਕੀਤਾ ਜਾਵੇਗਾ ਅਤੇ ਕਮਾਹੀ ਦੇਵੀ ਤੋਂ ਰਾਮਪੁਰ, ਨੇਕਨਾਮਾ, ਪੱਸੀ ਕੰਡੀ ਦਸੂਹਾ ਹੁਸ਼ਿਆਰਪੁਰ ਦਾ ਪਰਮਿੱਟ ਕਦੋਂ ਤੱਕ ਜਾਰੀ ਕੀਤਾ ਜਾਵੇਗਾ? ਮੈਂ ਇਹ ਮੰਗ ਕਰ ਰਿਹਾ ਹਾਂ ਕਿ ਕਦੋਂ ਤੱਕ ਇਨ੍ਹਾਂ ਮਿੰਨੀ ਬੱਸਾਂ ਦੇ ਪਰਮਟ ਜਾਰੀ ਕਰ ਦਿੱਤੇ ਜਾਣਗੇ ਕਿਉਂਕਿ ਸਾਡਾ ਇਲਾਕਾ ਕੰਡੀ ਦਾ ਇਲਾਕਾ ਹੈ, ਜਿੱਥੇ ਇਨ੍ਹਾਂ ਬੱਸਾਂ ਦੀ ਲੋੜ ਹੈ। ਸੋ, ਕਦੋਂ ਤੱਕ ਸਾਡੀ ਇਹ ਮੰਗ ਪੂਰੀ ਕੀਤੀ ਜਾਵੇਗੀ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਜਿਹੜੀ ਮੰਗ ਮੈਂਬਰ ਸਾਹਿਬ ਨੇ ਕੀਤੀ ਹੈ ਕਿ ਸਾਨੂੰ ਨਵੇਂ ਰੂਟ ਜਾਰੀ ਕੀਤੇ ਜਾਣ। ਅਸੀਂ ਨਵੇਂ ਰੂਟ ਵੀ ਜਾਰੀ ਕਰਾਂਗੇ ਤੇ ਨਵੀਆਂ ਬੱਸਾਂ ਵੀ ਚਲਾਵਾਂਗੇ। (ਥੰਪਿੰਗ) ਮੈਂ ਪਰਸੋਂ ਵੀ ਦੱਸਿਆ ਸੀ ਕਿ ਪਨਬੱਸ ਅਤੇ ਪੀ.ਆਰ.ਟੀ.ਸੀ. ਵਿਚ 900 ਬੱਸਾਂ ਸ਼ਾਮਲ ਹੋਣ ਜਾ ਰਹੀਆਂ ਹਨ, ਜਿਨ੍ਹਾਂ ਵਿਚੋਂ 800 ਵੱਡੀਆਂ ਅਤੇ 100 ਮਿੰਨੀ ਬੱਸਾਂ ਹਨ। ਇਸ ਨਾਲ ਕਿਤੇ ਵੀ ਕਿਸੇ ਕਿਸਮ ਦੀ ਘਾਟ ਨਹੀਂ ਰਹੇਗੀ। ਜਿਹੜੀ ਮੈਂਬਰ ਸਾਹਿਬ ਨੇ ਪਰਮਟ ਦੀ ਗੱਲ ਕੀਤੀ ਹੈ, ਮੈਂ ਹੁਣੇ ਅਫ਼ਸਰ ਸਾਹਿਬਾਨ ਨੂੰ ਆਦੇਸ਼ ਜਾਰੀ ਕਰ ਦਿੰਦਾ ਹਾਂ ਕਿ ਪਨਬੱਸ ਜਾਂ ਪੀ.ਆਰ.ਟੀ.ਸੀ. ਜਿਸ ਦਾ ਵੀ ਏਰੀਆ ਪੈਂਦਾ ਹੈ, ਉਹ ਅਪਲਾਈ ਕਰਵਾ ਕੇ ਮਹੀਨੇ ਡੇਢ ਮਹੀਨੇ ਦਾ ਪ੍ਰਾਸੈਸ ਮੁਕੰਮਲ ਹੋਣ ਉਪਰੰਤ ਪਰਮਟ ਜਾਰੀ ਹੋ ਜਾਵੇਗਾ। ਜੇਕਰ ਕੋਈ ਪ੍ਰਾਈਵੇਟ ਬੱਸ ਦਾ ਰੂਟ ਲੈਣਾ ਚਾਹੇ ਤਾਂ ਉਹ ਵੀ ਲੈ ਸਕਦਾ ਹੈ।

**ਮਾਣਯੋਗ ਸਪੀਕਰ**: ਤੁਸੀਂ ਮਿਹਰਬਾਨ ਹੋਏ ਹੋ, ਮੇਰੇ ਵੱਲ ਵੀ ਵੇਖ ਲਓ। ਸਾਡੇ ਹਰੀਆਲੇ ਵਿਚ, ਟਿੱਡੇਕਲਾਂ ਵਾਲੇ ਵਿਚ ਵੀ ਰੂਟ ਦੇ ਦਿਓ।

**ਮੰਤਰੀ**: ਜਨਾਬ ਅਸੀਂ ਤਾਂ ਦੇਖਦੇ ਹੀ ਤੁਹਾਡੇ ਵੱਲ ਹਾਂ, ਸਾਹਮਣੇ ਤਾਂ ਅਸੀਂ ਦੇਖਦੇ ਹੀ ਨਹੀਂ।

**ਮਾਣਯੋਗ ਸਪੀਕਰ**: ਬਹੁਤ ਧੰਨਵਾਦ, ਮਿਹਰਬਾਨੀ।

**1030/amandeep kaur**

**ਸ਼੍ਰੀ ਸੰਦੀਪ ਜਾਖੜ** (ਬੈਠੇ ਬੈਠੇ) : ਬੱਸਾਂ ਦੀਆਂ ਬਾਡੀਜ਼ ਕਿੱਥੋਂ ਲਵਾਈਆਂ ਜਾਣਗੀਆਂ?

**ਮੰਤਰੀ** : ਜਾਖੜ ਸਾਹਿਬ ਕਹਿ ਰਹੇ ਹਨ ਕਿ ਬਾਡੀਜ਼ ਬਾਹਰ ਲੱਗਣਗੀਆਂ ਕਿਉਂਕਿ ਇਨ੍ਹਾਂ ਦਾ ਨੇੜੇ ਦਾ ਇਲਾਕਾ ਰਾਜਸਥਾਨ ਲੱਗਦਾ ਹੈ। ਕਈ ਵਾਰ ਇਨ੍ਹਾਂ ਨੂੰ ਫਿਕਰ ਰਹਿੰਦਾ ਹੈ ਕਿ ਉਸ ਇਲਾਕੇ ਵਿੱਚ ਲਗਵਾਈਆਂ ਜਾਣ। ਪਰ ਨਹੀਂ, ਅਸੀਂ Ashok Leyland (Automobile commercial company) ਨੂੰ ਇਸ ਇਹ ਕੰਮ ਗਰਾਂਟ ਕੀਤਾ ਹੈ। ਇਹ ਕੰਪਨੀ ਪੂਰਾ ਸੈੱਲ ਬਣਾ ਕੇ ਦੇਵੇਗੀ, ਪੂਰੀ ਦੀ ਪੂਰੀ ਬਾਡੀ ਬਣਾ ਕੇ ਦੇਵੇਗੀ।

----

## ਰਾਜ ਦੀਆਂ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਵਿੱਚ ਨਵੇਂ ਮੈਂਬਰ ਬਣਾਉਣ ਦੀ ਪ੍ਰਕਿਰਿਆ ਨੂੰ ਮੁੜ ਸ਼ੁਰੂ ਕਰਨਾ

*1910. **ਸ੍ਰੀ ਬਲਕਾਰ ਸਿੰਘ ਸਿੱਧੂ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਰਾਜ ਦੀਆਂ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਵਿੱਚ ਨਵੇਂ ਮੈਂਬਰ ਬਣਾਉਣ ਸਬੰਧੀ ਕਾਪੀਆਂ ਜਾਰੀ ਕਰਨ ਤੇ ਰੋਕ ਲਗਾਈ ਗਈ ਹੈ; ਜੇਕਰ ਹਾਂ ਤਾਂ ਇਸ ਰੋਕ ਦੇ ਕੀ ਕਾਰਨ ਹਨ ਅਤੇ ਇਹ ਰੋਕ ਕਿਹੜੇ ਹੁਕਮਾਂ ਤਹਿਤ ਲਗਾਈ ਗਈ ਹੈ;

ਅ) ਕੀ ਸਰਕਾਰ ਇਸ ਰੋਕ ਨੂੰ ਹਟਾ ਕੇ ਯੋਗ ਕਿਸਾਨਾਂ ਨੂੰ ਨਵੇਂ ਮੈਂਬਰ ਬਣਾਉਣ ਦੀ ਪ੍ਰਕਿਰਿਆ ਮੁੜ ਸ਼ੁਰੂ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ ?

**ਮਾਣਯੋਗ ਸਪੀਕਰ:** ਵਿੱਤ ਮੰਤਰੀ ਸਾਹਿਬ ਨੂੰ ਸੀ.ਐਮ ਸਾਹਿਬ ਨੇ ਇਸ ਸਵਾਲ ਦਾ ਜਵਾਬ ਦੇਣ ਦੀ ਅਥਾਰਿਟੀ ਦਿੱਤੀ ਹੈ।

**ਸਰਦਾਰ ਹਰਪਾਲ ਸਿੰਘ ਚੀਮਾ (ਵਿੱਤ ਮੰਤਰੀ)** : (ੳ) ਨਹੀਂ ਜੀ, ਰਾਜ ਦੀਆਂ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ (ਪੈਕਸ) ਵਿੱਚ ਨਵੇਂ ਮੈਂਬਰ ਬਣਾਉਣ ਤੇ ਕਿਸੇ ਵੀ ਪ੍ਰਕਾਰ ਦੀ ਕੋਈ ਪਾਬੰਦੀ ਨਹੀਂ ਹੈ। ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਵਿੱਚ ਮੈਂਬਰਾਂ ਦੀ ਭਰਤੀ ਪੰਜਾਬ ਸਹਿਕਾਰੀ ਸਭਾਵਾਂ ਐਕਟ, 1961, ਪੰਜਾਬ ਸਹਿਕਾਰੀ ਸਭਾਵਾਂ ਨਿਯਮ, 1963 ਅਤੇ ਸਬੰਧਤ ਸਭਾ ਦੇ ਪ੍ਰਵਾਨਿਤ ਉਪ-ਨਿਯਮਾਂ ਅਨੁਸਾਰ ਕੀਤੀ ਜਾਂਦੀ ਹੈ। ਉਕਤ ਐਕਟ, ਨਿਯਮਾਂ ਅਤੇ ਸਬੰਧਤ ਸਭਾ ਦੇ ਉਪ-ਨਿਯਮਾਂ ਅਧੀਨ ਨਿਰਧਾਰਿਤ ਯੋਗਤਾ ਸ਼ਰਤਾਂ ਪੂਰੀਆਂ ਕਰਨ ਵਾਲਾ ਹਰ ਵਿਅਕਤੀ ਨਿਰਧਾਰਿਤ ਪ੍ਰਕਿਰਿਆ ਅਨੁਸਾਰ ਮੈਂਬਰ ਬਣਨ ਦਾ ਹੱਕਦਾਰ ਹੈ। ਸਬੰਧਤ ਸਹਿਕਾਰੀ ਖੇਤੀਬਾੜੀ ਸਭਾ ਆਪਣੇ ਪੱਧਰ ਤੇ ਐਕਟ, ਨਿਯਮਾਂ ਅਤੇ ਆਪਣੇ ਉਪ-ਨਿਯਮਾਂ ਅਨੁਸਾਰ ਯੋਗ ਵਿਅਕਤੀਆਂ ਨੂੰ ਮੈਂਬਰ ਬਣਾਉਣ ਲਈ ਸਮਰੱਥ ਹੈ ਅਤੇ ਇਸ ਲਈ ਸਹਿਕਾਰਤਾ ਵਿਭਾਗ ਦੇ ਕਿਸੇ ਵੀ ਅਧਿਕਾਰੀ ਦੀ ਮਨਜ਼ੂਰੀ ਜਾਂ ਆਗਿਆ ਲੈਣ ਦੀ ਲੋੜ ਨਹੀਂ ਹੁੰਦੀ।

(ਅ) ਭਾਗ (ੳ) ਦੇ ਉੱਤਰ ਵਿੱਚ ਦਰਸਾਏ ਅਨੁਸਾਰ, ਕਿਸੇ ਵੀ ਪਾਬੰਦੀ ਨੂੰ ਹਟਾਉਣ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ, ਕਿਉਂਕਿ ਵਿਭਾਗ ਵੱਲੋਂ ਇਸ ਤਰ੍ਹਾਂ ਦੀ ਕੋਈ ਵੀ ਪਾਬੰਦੀ ਨਹੀਂ ਲਗਾਈ ਗਈ ਹੈ।

ਰਾਜ ਵਿੱਚ ਕਿਸੇ ਵੀ ਪੈਕਸ ਵਿੱਚ ਨਵਾਂ ਮੈਂਬਰ ਬਨਣ ਤੇ ਕੋਈ ਵੀ ਪਾਬੰਦੀ ਨਹੀਂ ਹੈ। ਕੋਈ ਵੀ ਵਿਅਕਤੀ ਜਿਹੜਾ ਮੈਂਬਰ ਬਨਣ ਦੇ ਯੋਗ ਹੈ ਉਹ ਮੈਂਬਰ ਬਣ ਸਕਦਾ ਹੈ। ਭਾਰਤੀ ਕੰਟ੍ਰੈਕਟ ਐਕਟ ਦੀ ਧਾਰਾ 11 ਦੇ ਤਹਿਤ ਕੋਈ ਵੀ ਵਿਅਕਤੀ ਜਿਸ ਦੀ ਉਮਰ 18 ਸਾਲ ਜਾਂ ਉਸ ਤੋਂ ਵੱਧ ਤੇ ਠੀਕ ਮਾਨਸਿਕ ਸਥਿਤੀ ਵਾਲਾ ਹੋਵੇ, ਕਿਸੇ ਕਾਨੂੰਨੀ ਧਾਰਾ ਵੱਲੋਂ ਆਯੋਗ ਨਾ ਠਹਿਰਾਇਆ ਗਿਆ ਹੋਵੇ ਅਤੇ ਖੇਤੀਬਾੜੀ ਯੋਗ ਜ਼ਮੀਨ ਦਾ ਮਾਲਕ ਹੋਵੇ, ਹੋਰ ਪੈਕਸ ਦਾ ਮੈਂਬਰ ਨਾ ਹੋਵੇ, ਉਹ ਮੈਂਬਰ ਬਣ ਸਕਦਾ ਹੈ। ਜਿਸ ਪਿੰਡ ਦੇ ਅੰਦਰ ਪੈਕਸ ਨਹੀਂ ਬਣੀ ਹੋਈ ਉੱਥੇ ਉਹ ਰਜਿਸਟਰਾਰ ਸਾਹਿਬ ਦੀ ਮਨਜ਼ੂਰੀ ਲੈ ਕੇ ਦੂਸਰੇ ਪਿੰਡ ਦੀ ਪੈਕਸ ਦਾ ਵੀ ਮੈਂਬਰ ਬਣ ਸਕਦਾ ਹੈ।

**ਸ੍ਰੀ ਬਲਕਾਰ ਸਿੰਘ ਸਿੱਧੂ:** ਸਰ, ਸਾਡੇ ਬਠਿੰਡਾ ਜ਼ਿਲ੍ਹੇ ਦੇ ਵਿੱਚ ਇਹ ਮੈਂਬਰ ਨਹੀਂ ਬਣ ਰਹੇ ਹਨ। ਮੈਂ ਕਾਫੀ ਕੋਸ਼ਿਸ਼ ਵੀ ਕੀਤੀ ਹੈ।

**ਮੰਤਰੀ:** ਕਾਨੂੰਨੀ ਤੌਰ ਤੇ ਕਿਸੇ ਕਿਸਮ ਦੀ ਕੋਈ ਵੀ ਪਾਬੰਦੀ ਨਹੀਂ ਹੈ। ਮੈਂ ਰਜਿਸਟਰਾਰ ਸਾਹਿਬ ਨੂੰ ਬੇਨਤੀ ਕਰਕੇ ਜੇਕਰ ਇਸ ਤਰ੍ਹਾਂ ਦੀ ਗੈਰ ਕਾਨੂੰਨੀ ਕਿਸੇ ਨੇ ਕੋਈ ਪਾਬੰਦੀ ਲਗਾਈ ਹੈ ਤਾਂ ਉਸ ਦੇ ਖਿਲਾਫ ਕਾਰਵਾਈ ਵੀ ਕਰਾਂਗੇ ਤੇ ਬਣਾ ਦਿਆਂਗੇ। ਕਾਨੂੰਨੀ ਤੌਰ ਤੇ ਕੋਈ ਪਾਬੰਦੀ ਨਹੀਂ ਹੈ, ਬਣ ਸਕਦਾ ਹੈ।

**ਮਾਣਯੋਗ ਸਪੀਕਰ:** ਮੰਤਰੀ ਜੀ, ਮੈਂ ਇਹ ਸਮਝਦਾ ਹਾਂ ਕਿ ਜਿਹੜੀਆਂ ਸਾਡੀਆਂ ਕੋਆਪਰੇਟਿਵ ਸੋਸਾਇਟੀਆਂ ਹਨ, ਇਹ ਪਿੰਡਾਂ ਨੂੰ, ਕਿਸਾਨੀ ਨੂੰ, ਛੋਟੇ ਕਿਸਾਨਾਂ ਨੂੰ ਮੁੜ ਤੋਂ ਪੈਰ੍ਹਾਂ ਤੇ ਖੜੇ ਕਰਨ ਲਈ ਬੜੀਆਂ ਸਹਾਈ ਹੋ ਸਕਦੀਆਂ ਹਨ। ਪਰ ਇੱਥੇ bureaucratic control ਜ਼ਿਆਦਾ ਹੈ, ਸਾਊਥ ਵਿੱਚ ਕੇਰਲਾ ਆਦਿ ਤਰਫ ਵੇਖੀਏ ਤਾਂ ਉਹ ਜ਼ਿਆਦਾ autonomous ਹਨ। ਇਨ੍ਹਾਂ ਚੀਜ਼ਾਂ ਵੱਲ ਵੀ ਜ਼ਰਾ ਤੁਸੀਂ ਧਿਆਨ ਦਿਉ ਜੀ। ਬਾਕੀ ਸਿੱਧੂ ਸਾਹਿਬ ਦਾ ਜਿਹੜਾ ਕਨਸਰਨ ਹੈ, ਉਸ ਦਾ ਹੱਲ ਕਰੋ ਜੀ।

**ਮੰਤਰੀ:** ਉਨ੍ਹਾਂ ਦਾ ਕਨਸਰਨ ਵੀ ਬਿਲਕੁਲ ਠੀਕ ਕਰਾਂਗੇ। ਤੁਸੀਂ ਬੜੀ ਅੱਛੀ ਗੱਲ ਕੀਤੀ ਹੈ, ਤਲਵਾੜਾ ਦੇ ਅੰਦਰ ਹੋਰ ਪੰਜਾਬ ਦੇ ਕਈ ਇਲਾਕਿਆਂ ਦੇ ਅੰਦਰ ਬਹੁਤ ਹੀ ਸ਼ਾਨਦਾਰ ਪੈਕਸ ਕੰਮ ਕਰ ਰਹੀਆਂ ਹਨ, ਬਹੁਤ ਹੀ ਮੁਨਾਫੇ ਵਾਲੀਆਂ ਹਨ। ਸੱਤ ਅੱਠ ਤਾਂ ਮੇਰੇ ਆਪਣੇ ਹਲਕੇ ਦੀਆਂ ਹਨ। ਉੱਥੇ ਵੀ ਮੁਨਾਫਾ ਕਮਾਇਆ ਜਾ ਰਿਹਾ ਹੈ। ਹਾਂ, ਠੀਕ ਹੈ, ਇੱਕ ਦੋ ਜਗ੍ਹਾ ਤੇ ਜਿੱਥੇ ਕਿਤੇ ਵੀ ਕੋਈ embezzlement ਨਜ਼ਰ ਆਉਦੀ ਹੈ, ਉਸ ਤੇ ਕਾਰਵਾਈ ਹੁੰਦੀ ਹੈ ਤੇ ਕੰਮ ਰੁਕ ਜਾਂਦਾ ਹੈ ਪਰ ਮੈਕਸੀਮਮ ਜਿਹੜੀਆਂ ਪੈਕਸ ਹਨ ਉਹ ਸ਼ਾਨਦਾਰ ਕੰਮ ਨਿਭਾ ਰਹੀਆਂ ਹਨ। ਕਾਫੀ ਸਾਰੇ ਨਵੇਂ ਮਾਡਲ ਵੀ ਇਨਟਰੋਡੂਜ਼ ਕੀਤੇ ਹਨ ਖਾਸ ਕਰਕੇ ਡੇਅਰੀ ਫਾਰਮਿੰਗ ਦੇ ਅੰਦਰ ਤਾਂ ਕਿ ਡੇਅਰੀ ਫਾਰਮਿੰਗ ਨੂੰ ਹੋਰ ਕਿਵੇਂ ਉਤਸ਼ਾਹਿਤ ਕੀਤਾ ਜਾਵੇ। ਇਸ ਤੇ ਵੀ ਕੰਮ ਚੱਲ ਰਿਹਾ ਹੈ ਤਾਂ ਕਿ ਡਿਪਾਰਟਮੈਂਟ ਦੇ ਅੰਦਰ ਹੋਰ ਤਰੱਕੀ ਹੋ ਸਕੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ ਤੇ ਸ੍ਰੀ ਗੁਰਲਾਲ ਘਨੌਰ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਮਾਣਯੋਗ ਸਪੀਕਰ ਸਾਹਿਬ ਨੂੰ ਕਹਿ ਰਹੇ ਸਨ ਕਿ ਸਾਰੀਆਂ ਬੰਦ ਹਨ, ਉਨ੍ਹਾਂ ਦੇ ਵੀ ਮੈਂਬਰ ਨਹੀਂ ਬਣ ਰਹੇ ਹਨ।)

**ਮਾਣਯੋਗ ਸਪੀਕਰ:** ਤੁਸੀਂ ਮਿਲ ਕੇ ਮੰਤਰੀ ਜੀ ਨਾਲ ਗੱਲ ਕਰ ਲੈਣਾ।

-----

## ਸਰਕਾਰੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰਾਂ ਅਤੇ ਸਹਾਇਕ ਪ੍ਰੋਫੈਸਰਾਂ ਦੀਆਂ ਅਸਾਮੀਆਂ ਦੇ ਵੇਰਵੇ

*1948. **ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ :** ਕੀ ਉਚੇਰੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਦੇ ਸਰਕਾਰੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰਾਂ ਅਤੇ ਸਹਾਇਕ ਪ੍ਰੋਫੈਸਰਾਂ ਦੀਆਂ ਕਿੰਨੀਆਂ ਮੰਨਜੂਰਸ਼ੁਦਾ ਅਸਾਮੀਆਂ ਹਨ, ਇਨ੍ਹਾਂ ਵਿੱਚੋਂ ਕਿੰਨੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲੀ ਹਨ; ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ;

(ਅ) ਇਨ੍ਹਾਂ ਕਾਲਜਾਂ ਵਿੱਚ ਜੋ ਗੈਸਟ ਫੈਕਲਟੀ ਦੇ ਅਧਿਆਪਕ ਕੰਮ ਕਰ ਰਹੇ ਹਨ, ਕੀ ਉਨ੍ਹਾਂ ਦੀਆਂ ਸੇਵਾਵਾਂ ਨੂੰ ਪੱਕਿਆਂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਜੋਤ ਸਿੰਘ ਬੈਂਸ:** (ੳ) ਪੰਜਾਬ ਦੇ ਸਰਕਾਰੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰਾਂ ਅਤੇ ਸਹਾਇਕ ਪ੍ਰੋਫੈਸਰਾਂ ਦੀਆਂ ਕੁੱਲ 5686 ਮਨਜੂਰਸ਼ੁਦਾ ਅਸਾਮੀਆਂ ਹਨ, ਇਨ੍ਹਾਂ ਵਿੱਚੋਂ 3262 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 2424 ਅਸਾਮੀਆਂ ਖਾਲੀ ਹਨ। ਖਾਲੀ ਅਸਾਮੀਆਂ ਦੀ ਭਰਤੀ ਲੋੜ ਅਨੁਸਾਰ ਕੀਤੀ ਜਾਵੇਗੀ।

(ਅ) ਨਹੀਂ ਜੀ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ :** ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਅਧੂਰਾ ਹੈ। ਇੱਕ ਤਾਂ ਮੈਂ ਇਹ ਪੁੱਛਿਆ ਸੀ ਕਿ ਰੈਗੂਲਰ ਸਟਾਫ ਕਿੰਨਾ ਹੈ ਅਤੇ ਗੈਸਟ ਫੈਕਲਟੀ ਵਾਲੇ ਕਿੰਨੇ ਰੱਖੇ ਹਨ? ਉਨ੍ਹਾਂ ਨੂੰ ਪੱਕਾ ਕਰਨ ਦੇ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

**ਮੰਤਰੀ** : ਸਰ, ਠੀਕ ਹੈ ਮੰਨਿਆ ਕਿ ਨੇਚਰ ਵੱਖਰਾ ਹੈ, ਪਰ ਮਾਣਯੋਗ ਐਮ.ਐਲ.ਏ. ਸਾਹਿਬ ਸਾਡੇ ਲਈ ਗੈਸਟ ਫੈਕਲਟੀ ਵੀ ਉਨੀ ਹੀ ਅਹਿਮੀਅਤ ਰੱਖਦੇ ਹਨ, ਉਹ ਪ੍ਰੋਫੈਸਰਜ਼ ਹਨ ਅਤੇ ਪਿਛਲੇ ਲੰਬੇ ਸਮੇਂ ਤੋਂ, ਜਦੋਂ ਤੋਂ ਪਰਮਾਨੈਂਟ ਪ੍ਰੋਫੈਸਰਜ਼ ਨਹੀਂ ਸਨ ਆਏ, ਪੰਜਾਬ ਵਿੱਚ ਹਾਇਰ ਐਜੂਕੇਸ਼ਨ ਨੂੰ ਉਨ੍ਹਾਂ ਨੇ ਹੀ ਸਾਂਭਿਆ ਹੈ। ਸਪੀਕਰ ਸਾਹਿਬ ਮੈਂ ਆਪ ਜੀ ਦੇ ਮਾਧਿਅਮ ਰਾਹੀਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਮਾਨ ਸਾਹਿਬ ਨੇ ਆ ਕੇ ਉਨ੍ਹਾਂ ਨੂੰ ਇੱਕ ਵੱਡਾ ਰਿਲੀਫ ਦਿੱਤਾ ਹੈ। ਉਨ੍ਹਾਂ ਨੂੰ pay hike ਦਿੱਤੀ ਹੈ, ਉਨ੍ਹਾਂ ਨੂੰ ਹੋਰ ਬਹੁਤ ਬੈਨੇਫਿਟਸ ਦਿੱਤੇ ਹਨ। They are equally important to us ਕਿਉਂਕਿ ਇਹ ਗੈਸਟ ਫੈਕਲਟੀ ਹੈ ਅਤੇ ਜਦੋਂ ਕਾਲਜ ਬਿਲਕੁਲ ਹੀ ਖਾਲੀ ਹੋ ਗਏ ਸਨ, ਉਨ੍ਹਾਂ ਨੇ ਸਾਂਭਿਆ ਹੈ। ਉਹ ਵੀ ਸਾਡੀ Higher Education Policy ਵਿੱਚ ਪੱਕੇ ਹਨ। ਇਸ ਤੋਂ ਇਲਾਵਾ ਮਾਣਯੋਗ ਸਪੀਕਰ ਜਿਵੇਂ ਆਪ ਜੀ ਨੂੰ ਪਤਾ ਹੀ ਹੈ ਕਿ 1158 ਦੀ ਭਰਤੀ ਬਾਰੇ ਹਾਲੇ ਵੀ ਸਾਡੀਆਂ ਕੋਸ਼ਿਸ਼ਾਂ ਜਾਰੀ ਹਨ ਕਿ ਕਿਸੇ ਵੀ ਤਰੀਕੇ ਨਾਲ ਇਸ ਭਰਤੀ ਨੂੰ ਬਚਾਇਆ ਜਾ ਸਕੇ। We are fighting ਅਤੇ ਪੰਜਾਬ ਸਰਕਾਰ ਆਖਰੀ ਦਮ ਤੱਕ ਲੜੇਗੀ ਕਿਉਂਕਿ ਉਹ ਸਾਡੇ ਹੋਣਹਾਰ ਪ੍ਰੋਫੈਸਰਜ਼ ਹਨ। ਹੁਣ Higher Education ਦੀ ਤਸਵੀਰ ਕਾਫੀ ਹੱਦ ਤੱਕ ਬਦਲ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਬਿਲਜ਼ ਆ ਰਹੇ ਹਨ ਤਾਂ ਮੈਂ ਉਸ ਸਮੇਂ ਉਚੇਰੀ ਸਿੱਖਿਆ ਬਾਰੇ ਵਿਸਥਾਰ ਵਿੱਚ ਦੱਸਾਂਗਾ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਹਾਂ ਜੀ ਢਿੱਲੋਂ ਸਾਹਿਬ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ** : ਸਰ, ਮੰਤਰੀ ਸਾਹਿਬ ਦੇ ਜਵਾਬ ਮੁਤਾਬਕ ਕੁੱਲ 5686 ਪੋਸਟਾਂ ਸੈਂਕਸ਼ਨ ਹਨ। ਸਾਰੇ ਕੱਚੇ-ਪੱਕੇ ਪ੍ਰੋਫੈਸਰ ਰਲਾ ਕੇ 3262 ਪੋਸਟਾਂ ਹੀ ਭਰੀਆਂ ਹੋਈਆਂ ਹਨ। 2424 ਪੋਸਟਾਂ ਹਾਲੇ ਵੀ ਯੂਨੀਵਰਸਿਟੀਆਂ ਵਿੱਚ ਖਾਲੀ ਪਈਆਂ ਹਨ।

**ਮਾਣਯੋਗ ਸਪੀਕਰ** : ਸਵਾਲ ਕਰੋ ਜੀ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ** : ਸਰ, ਮੈਂ ਤੁਹਾਨੂੰ ਸਾਰਾ ਕੁਝ ਦੱਸ ਕੇ ਸੁਣਾਉਂਦਾ ਹਾਂ।

**ਮਾਣਯੋਗ ਸਪੀਕਰ** : ਦੱਸਣਾ ਨਹੀਂ ਹੈ ਜੀ, ਸਵਾਲ ਪੁੱਛੋ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ** : ਸਵਾਲ ਹੀ ਕਰ ਰਿਹਾ ਹਾਂ, ਸਰ। ਮੈਨੂੰ 2 ਮਿੰਟ ਬੋਲਣ ਤਾਂ ਦਿਉ।

**ਮਾਣਯੋਗ ਸਪੀਕਰ** : ਨਹੀਂ ਜੀ। ਬੈਠੋ ਜਾਂ ਤਾਂ ਸਵਾਲ ਪੁੱਛ ਲਉ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ** : ਸਰ, ਸਵਾਲ ਤੇ ਹੀ ਆਉਂਗਾ। ਲੋਕਾਂ ਦੀ ਗੱਲ ਕਰਾਂਗਾ ਤਾਂ ਹੀ ਸਵਾਲ ਤੇ ਆਵਾਂਗਾ।

**ਮਾਣਯੋਗ ਸਪੀਕਰ** : ਨਹੀਂ ਜੀ ਗੱਲ ਨਹੀਂ ਕਰਨੀ। ਤੁਹਾਡੀ ਗੱਲ ਉਨ੍ਹਾਂ ਕੋਲ ਪਹੁੰਚ ਗਈ ਹੈ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ** : ਨਹੀਂ ਸਰ, ਗੱਲ ਪਹੁੰਚੀ ਨਹੀਂ ਹੈ। ਜਿਹੜਾ ਉਨ੍ਹਾਂ ਦਾ ਜਵਾਬ ਹੈ, ਉਹ ਗੋਲ ਮੋਲ ਦਿੱਤਾ ਗਿਆ ਹੈ।

**ਮਾਣਯੋਗ ਸਪੀਕਰ** : ਨਹੀਂ ਜੀ। ਤੁਸੀਂ ਪੁੱਛੋ ਕੀ ਪੁੱਛਣਾ ਚਾਹੁੰਦੇ ਹੋ। ਤੁਸੀਂ ਪੁੱਛੋ ਕਿ ਕਦੋਂ ਭਰਤੀ ਕਰੋਗੇ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ** : ਸਰ, ਮੈਂ ਪੁੱਛਦਾ ਹਾਂ। ਜੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਉਗੇ, ਤਾਂ ਹੀ ਪੁੱਛਾਂਗਾ।

**ਮਾਣਯੋਗ ਸਪੀਕਰ** : ਨਹੀਂ ਜੀ, ਇੱਥੇ ਭਾਸ਼ਣ ਨਹੀਂ ਕਰਨਾ ਹੈ।

**ਮੰਤਰੀ**: ਕੀ ਅਸੀਂ ਗੈਸਟ ਫੈਕਲਟੀ ਨੂੰ ਕੱਢ ਦੇਈਏ?

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ** : ਨਹੀਂ ਜੀ ਉਨ੍ਹਾਂ ਨੂੰ ਪੱਕੇ ਕਰੋ ਜੀ।

(ਇਸ ਸਮੇਂ ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦਾ ਮਾਈਕ ਬੰਦ ਹੋ ਗਿਆ ਪਰੰਤੂ ਉਹ ਆਪਣੀ ਸੀਟ ਤੇ ਖੜ੍ਹੇ ਲਗਾਤਾਰ ਬੋਲ ਰਹੇ ਸਨ। ਮਾਈਕ ਬੰਦ ਹੋਣ ਕਾਰਨ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ** : ਮੰਤਰੀ ਜੀ, ਤੁਸੀਂ ਬੋਲੋ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਕੀ ਵਿਧਾਇਕ ਸਾਹਿਬ ਦਾ ਮਤਲਬ ਇਹ ਹੈ ਕਿ ਯੂਨੀਵਰਸਿਟੀਆਂ, ਕਾਲਜਾਂ ਵਿੱਚ ਜਿੰਨੇ ਵੀ ਗੈਸਟ ਫੈਕਲਟੀ ਹਨ, ਉਨ੍ਹਾਂ ਨੂੰ ਕੱਢ ਦੇਈਏ? ਕੀ ਕਾਂਗਰਸ ਇਹ ਚਾਹੁੰਦੀ ਹੈ? ਕੀ ਤੁਹਾਡੀ ਇਹ ਮੰਗ ਹੈ ਕਿ ਗੈਸਟ ਫੈਕਲਟੀ ਨੂੰ ਕੱਢ ਦਿੱਤਾ ਜਾਵੇ?

(ਇਸ ਸਮੇਂ ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੇ ਖੜ੍ਹੇ ਲਗਾਤਾਰ ਬੋਲ ਰਹੇ ਸਨ। ਮਾਈਕ ਬੰਦ ਹੋਣ ਕਾਰਨ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ** : ਠੀਕ ਹੈ ਜੀ, ਹੋ ਗਿਆ ਜੀ।

**ਮੰਤਰੀ** : ਸਰ, ਹਾਈ ਕੋਰਟ ਦੀਆਂ ਜਜਮੈਂਟਾਂ ਹਨ।

---

**ਹਲਕਾ ਜਲਾਲਾਬਾਦ ਵਿਖੇ ਨਵੀਆਂ ਮਾਰਕਿਟ ਕਮੇਟੀਆਂ ਸਥਾਪਤ ਕਰਨਾ ਸਬੰਧੀ**

***1929. ਸ੍ਰੀ ਜਗਦੀਪ ਕੰਬੋਜ ਗੋਲਡੀ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਜਲਾਲਾਬਾਦ ਵਿੱਚ ਨਵੀਆਂ ਮਾਰਕੀਟ ਕਮੇਟੀਆਂ ਸਥਾਪਤ ਕਰਨ ਜਾ ਮੌਜੂਦਾ ਮਾਰਕੀਟ ਕਮੇਟੀਆਂ ਦਾ ਪੁਨਰਗਠਨ ਕਰਨ ਦੀ ਕੋਈ ਯੋਜਨਾ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

(ਇਸ ਸਮੇਂ ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੋਂ ਉਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਉਹ ਲਗਾਤਾਰ ਬੋਲ ਰਹੇ ਸਨ। ਬਹੁਤ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸਰਦਾਰ ਗੁਰਮੀਤ ਸਿੰਘ ਖੁੱਡੀਆਂ** : ਵਿਧਾਨ ਸਭਾ ਹਲਕਾ ਜਲਾਲਾਬਾਦ ਵਿੱਚ ਅਮੀਨਗੰਜ (ਰੋੜਾਂਵਾਲੀ) ਅਤੇ ਘੁਬਾਇਆ ਵਿਖੇ ਨਵੀਆਂ ਮਾਰਕਿਟ ਕਮੇਟੀਆਂ ਸਥਾਪਿਤ ਕਰਨ ਦੀ ਕਾਰਵਾਈ ਵਿਚਾਰ ਅਧੀਨ ਹੈ। ਇਨ੍ਹਾਂ ਨਵੀਆਂ ਮਾਰਕਿਟ ਕਮੇਟੀਆਂ ਦੀ ਸਥਾਪਨਾ ਸਬੰਧੀ ਆਮ ਜਨਤਾ ਤੋਂ ਇਤਰਾਜ਼ ਮੰਗੇ ਗਏ ਸਨ। ਆਮ ਜਨਤਾ ਤੋਂ ਪ੍ਰਾਪਤ ਹੋਏ ਇਤਰਾਜ਼ਾਂ ਦਾ ਵਿਭਾਗ ਵੱਲੋਂ ਨਿਪਟਾਰਾ ਕੀਤਾ ਜਾ ਰਿਹਾ ਹੈ। ਇਹ ਮਾਮਲਾ ਪੰਜਾਬ ਮੰਡੀ ਬੋਰਡ ਦੀ ਬੋਰਡ ਆਫ਼ ਡਾਇਰੈਕਟਰਜ਼ (B.O.D) ਦੀ ਮੀਟਿੰਗ ਮਿਤੀ 16.06.2026 ਵਿੱਚ ਵਿਚਾਰਿਆ ਗਿਆ ਸੀ। ਮੀਟਿੰਗ ਵਿੱਚ ਮਾਰਕਿਟ ਕਮੇਟੀਆਂ ਦੀ ਸਥਾਪਨਾ ਲਈ ਨਿਰਧਾਰਿਤ ਮਾਪਦੰਡਾਂ ਅਨੁਸਾਰ ਘੋਖ ਕੇ ਕਾਰਵਾਈ ਕਰਨ ਦਾ ਫੈਸਲਾ ਹੋਇਆ ਹੈ। ਮਾਰਕਿਟ ਕਮੇਟੀ ਦੀ ਸਥਾਪਨਾ ਕਰਨ ਲਈ ਨਿਰਧਾਰਿਤ ਮਾਪਦੰਡਾਂ ਅਨੁਸਾਰ ਮਾਮਲੇ ਨੂੰ ਘੋਖਣ ਉਪਰੰਤ ਆਉਣ ਵਾਲੀ ਬੋਰਡ ਆਫ਼ ਡਾਇਰੈਕਟਰਜ਼ ਦੀ ਮੀਟਿੰਗ ਵਿੱਚ ਏਜੰਡਾ ਪ੍ਰਵਾਨਗੀ ਹਿੱਤ ਸ਼ਾਮਿਲ ਕੀਤਾ ਜਾਵੇਗਾ।

---

**WALKOUT**

(ਇਸ ਸਮੇਂ ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੇ ਸਵਾਲ ਤੇ ਸਪਲੀਮੈਂਟਰੀ ਨਾ ਕਰਨ ਦੇਣ ਦੇ ਰੋਸ ਵਜੋਂ ਸਦਨ ਵਿੱਚੋਂ ਵਾਕਆਊਟ ਕਰ ਗਏ।)

---

## STARRED QUESTIONS AND ANSWERS (*Resumption*)

**ਸ਼੍ਰੀ ਜਗਦੀਪ ਕੰਬੋਜ ਗੋਲਡੀ** : ਸਪੀਕਰ ਸਾਹਿਬ ਮੇਰੇ ਹਲਕੇ ਦੀਆਂ ਦੋ ਮਾਰਕੀਟ ਕਮੇਟੀਆਂ ਅਮੀਨਗੰਜ ਰੋੜਾਂਵਾਲੀ ਅਤੇ ਘੁਬਾਇਆ ਨਵੀਂਆਂ ਬਣਨੀਆਂ ਹਨ। 6 ਮਹੀਨੇ ਹੋ ਗਏ ਹਨ ਕਿ ਇਨ੍ਹਾਂ ਤੇ ਆਬਜੈਕਸ਼ਨ ਲੱਗ ਰਹੇ ਹਨ। ਤੁਹਾਡੇ ਮਾਧਿਅਮ ਰਾਹੀਂ ਮੇਰੀ ਮੰਤਰੀ ਸਾਹਿਬ ਨੂੰ ਇੱਕੋ ਬੇਨਤੀ ਹੈ।

**ਮਾਣਯੋਗ ਸਪੀਕਰ** : ਬੇਨਤੀ ਨਹੀਂ ਸਵਾਲ ਪੁੱਛਣਾ ਹੈ।

**ਸ਼੍ਰੀ ਜਗਦੀਪ ਕੰਬੋਜ ਗੋਲਡੀ** : ਜਿਹੜੀਆਂ ਵੀ ਆਬਜੈਕਸ਼ਨ ਲਗਾਉਣੀਆਂ ਹਨ, ਇੱਕੋ ਵਾਰੀ ਹੀ ਲਗਾ ਦਿਉ ਤਾਂ ਕਿ ਇਹ ਕੰਮ ਖਤਮ ਕਰ ਦੇਈਏ। ਹਰ ਰੋਜ਼ ਨਵਾਂ ਹੀ ਏਜੰਡਾ ਆ ਜਾਂਦਾ ਹੈ। ਜਿਹੜੀਆਂ ਵੀ ਪ੍ਰਾਬਲਮਜ਼ ਹਨ ਉਨ੍ਹਾਂ ਲਈ ਇੱਕ ਵਾਰ ਹੀ ਕਾਗਜ਼ ਪੂਰੇ ਕਰਵਾ ਲਉ, ਆਬਜੈਕਸ਼ਨ ਬੜੀ ਵਾਰੀ ਲੱਗ ਚੁੱਕੇ ਹਨ। ਲਗਭਗ 10 ਵਾਰੀ ਆਬਜੈਕਸ਼ਨ ਲੱਗ ਚੁੱਕੇ ਹਨ। ਇਸ ਨੂੰ ਖਤਮ ਕਰੋ ਜੀ।

**ਮਾਣਯੋਗ ਸਪੀਕਰ** : ਮੰਤਰੀ ਜੀ, ਤਾਰੀਕ ਪੇ ਤਾਰੀਕ, ਤਾਰੀਕ ਪੇ ਤਾਰੀਕ ਨਹੀਂ ਕਰਨੀ ਜੀ, ਇੱਕੋ ਵਾਰੀ ਕੰਮ ਨਿਬੇੜ ਦਿਉ।

**ਮੰਤਰੀ** : ਨਹੀਂ ਜੀ, ਮੇਰਾ ਆਪ ਇੰਟਰਸਟ ਹੈ। ਇਸ ਸਬੰਧੀ ਐਮ.ਐਲ.ਏ. ਸਾਹਿਬ ਨੇ ਬੇਨਤੀ ਕੀਤੀ ਸੀ, ਇਸ ਤੇ ਕੰਮ ਕਰਨਾ ਸਾਡਾ ਫਰਜ਼ ਹੈ। ਜਿਹੜੇ ਇਤਰਾਜ਼ ਹਨ, ਉਹ ਪੂਰੇ ਹੋ ਗਏ ਹਨ। ਹੁਣ ਜਦੋਂ ਵੀ ਮੀਟਿੰਗ ਹੋਈ ਤਾਂ ਇਨ੍ਹਾਂ ਨੂੰ ਜਲਦੀ ਹੀ ਖੁਸ਼ਖਬਰੀ ਦੇਵਾਂਗੇ।

**ਮਾਣਯੋਗ ਸਪੀਕਰ** : ਠੀਕ ਹੈ ਜੀ? ਹੁਣ ਤਾਂ ਤੁਹਾਡੇ ਕੋਲ ਖੁਸ਼ਖਬਰੀ ਆ ਜਾਵੇਗੀ।

**ਸ਼੍ਰੀ ਜਗਦੀਪ ਕੰਬੋਜ ਗੋਲਡੀ** : ਸਰ, ਬਹੁਤ ਧੰਨਵਾਦ ਜੀ।

---

**ਮਾਣਯੋਗ ਸਪੀਕਰ** : ਸਰਦਾਰ ਹਰਮੀਤ ਸਿੰਘ ਪਠਾਣਮਾਜਰਾ ਜੀ।

**ਸਰਦਾਰ ਹਰਮੀਤ ਸਿੰਘ ਪਠਾਣਮਾਜਰਾ** : ਸਰ, ਸਵਾਲ ਨੰਬਰ 1962 (ਵਿਘਨ) (ਸ਼ੋਰ)

**ਸਰਦਾਰ ਕੁਲਵੰਤ ਸਿੰਘ ਸਿੱਧੂ** : ਇਹ ਤਾਂ ਮੇਰਾ ਸਵਾਲ ਹੈ।

**ਮਾਣਯੋਗ ਸਪੀਕਰ** : ਤੁਹਾਡਾ ਸਵਾਲ 1965 ਹੈ ਜੀ। (ਸ਼ੋਰ) ਪਠਾਣਮਾਜਰਾ ਸਾਹਿਬ, ਤੁਸੀਂ ਅੱਜ ਤਿਆਰ ਹੋਣ ਤੇ ਜ਼ਿਆਦਾ ਜ਼ੋਰ ਲਗਾ ਦਿੱਤਾ ਹੈ।

---

## ਸਰਕਾਰੀ ਸਕੂਲਾਂ ਵਿੱਚ ਮੁਫ਼ਤ ਬਿਜਲੀ ਦੇਣੀ

***1965. ਸਰਦਾਰ ਹਰਮੀਤ ਸਿੰਘ ਪਠਾਣਮਾਜਰਾ** : ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਰਕਾਰੀ ਸਕੂਲਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਹ ਸਹੂਲਤ ਕਦੋਂ ਤੱਕ ਦੇ ਦਿੱਤੀ ਜਾਵੇਗੀ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ** : ਸ਼੍ਰੀਮਾਨ ਜੀ, ਨਹੀਂ ਜੀ।

ਮਾਣਯੋਗ ਸਪੀਕਰ ਸਾਹਿਬ, ਤੁਹਾਡੇ ਮਾਧਿਅਮ ਨਾਲ ਇਹ ਦੱਸਣਾ ਚਾਹੁੰਦਾ ਹਾਂ ਕਿ ਮੌਜੂਦਾ ਹਦਾਇਤਾਂ ਅਨੁਸਾਰ ਸਕੂਲ ਦੇ ਬਿਜਲੀ ਬਿਲਾਂ ਨੂੰ ਮੁਆਫ ਕਰਨ ਦਾ ਕੋਈ ਪ੍ਰਾਵਧਾਨ ਨਹੀਂ ਹੈ। ਇਸ ਤੋਂ ਇਲਾਵਾ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੁਆਰਾ ਸਾਲ 2026-27 ਲਈ ਜਾਰੀ ਕੀਤੇ ਗਏ ਟੈਰਿਫ ਆਰਡਰ ਅਨੁਸਾਰ ਸਾਰੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਤੋਂ DS Tariff ਭਾਵ ਘਰੇਲੂ ਸਪਲਾਈ ਟੈਰਿਫ ਅਨੁਸਾਰ ਬਿਜਲੀ ਬਿਲ ਵਸੂਲੇ ਜਾਂਦੇ ਹਨ।

**1040/mehak**

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ**: ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਆਪਣੇ ਹਲਕੇ ਵਿੱਚ ਤਕਰੀਬਨ 70% ਸਰਕਾਰੀ ਸਕੂਲਾਂ ਵਿੱਚ ਏ.ਸੀ. ਲਗਵਾਏ ਹਨ। ਜਿਵੇਂ ਸਰਦਾਰ ਸੁਰਿੰਦਰ ਸਿੰਘ ਨਿੱਜਰ ਵਰਗੇ, ਜਿਹੜੇ ਸਾਡੇ ਵਿੱਚ ਨਹੀਂ ਰਹੇ ਹਨ, ਉਨ੍ਹਾਂ ਤੋਂ ਅਤੇ ਸਾਡੇ ਐਨ.ਆਰ.ਆਈ. ਭਰਾਵਾਂ ਤੋਂ ਕਰੋੜਾਂ ਰੁਪਏ ਲਗਵਾ ਕੇ ਸਕੂਲਾਂ ਵਿੱਚ ਏ.ਸੀ. ਲਗਾਏ ਹਨ। ਮੈਂ ਪਿਛਲੀ ਵਾਰੀ ਵੀ ਇਹ ਪ੍ਰਸ਼ਨ ਉਠਾਇਆ ਸੀ ਤੇ ਅਮਨ ਅਰੋੜਾ ਜੀ, ਮੰਤਰੀ ਜੀ ਨੇ ਕਿਹਾ ਸੀ ਕਿ ਅਸੀਂ ਪੰਜ ਪੰਜ ਟਨ ਦੇ ਸੋਲਰ ਪੈਨਲ ਲਗਾਏ ਹਨ ਪਰ ਸਾਡੇ ਕਈ ਸਕੂਲ ਅਜਿਹੇ ਹਨ ਜਿੱਥੇ 25-25, 30-30 ਏ.ਸੀ. ਦਿੱਤੇ ਹੋਏ ਹਨ ਪਰ ਉਹ ਅੱਜ ਵੀ ਬੰਦ ਪਏ ਹਨ। ਮੈਂ ਜਦੋਂ ਵੀ ਜਾਂਦਾ ਹਾਂ ਤਾਂ ਸਕੂਲ ਵਾਲੇ ਕਹਿੰਦੇ ਹਨ ਕਿ ਸਾਡਾ ਬਿਜਲੀ ਦਾ ਬਿਲ ਇੰਨਾ ਆ ਜਾਣਾ ਹੈ ਕਿ ਅਸੀਂ ਏ.ਸੀ. ਨਹੀਂ ਚਲਾ ਸਕਦੇ। ਆਪਾਂ ਸਾਰੇ ਪੰਜਾਬ ਨੂੰ ਖੇਤੀ ਵਾਸਤੇ ਬਿਜਲੀ ਫਰੀ ਦਿੰਦੇ ਹਾਂ ਤੇ ਜਿੱਥੇ ਗਰੀਬਾਂ ਦੇ ਬੱਚੇ ਪੜ੍ਹ ਕੇ ਸਾਡਾ ਭਵਿੱਖ ਬਣਨਾ ਹੈ, ਉੱਥੇ ਨਹੀਂ ਦੇ ਸਕਦੇ। ਅੱਜ ਸਾਰੇ ਅਮੀਰਾਂ ਦੇ ਬੱਚੇ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਇੰਗਲੈਂਡ ਚਲੇ ਗਏ ਹਨ, ਜਿਹੜਾ ਸਾਡਾ ਆਉਣ ਵਾਲਾ ਭਵਿੱਖ ਹੈ, ਉਹ ਗਰੀਬਾਂ ਦੇ ਬੱਚੇ ਹਨ ਤੇ ਜੇ ਉਹ ਏ.ਸੀ. ਥੱਲੇ ਪੜ੍ਹ ਲੈਣਗੇ ਤੇ ਉਹ ਪੜ੍ਹ-ਲਿਖ ਕੇ ਹਿੰਦੁਸਤਾਨ ਦੇ ਕੰਮ ਆ ਸਕਣਗੇ ਤੇ ਆਪਣੀ ਕੋਈ ਵਿਉਂਤ ਦਿਖਾ ਸਕਣਗੇ।

**ਮਾਣਯੋਗ ਸਪੀਕਰ:** ਸਵਾਲ ਪੁੱਛੋ ਜੀ।

**ਸਰਦਾਰ ਹਰਮੀਤ ਸਿੰਘ ਪਠਾਨਮਾਜਾਰਾ**: ਬੇਨਤੀ ਕਰਕੇ ਸਕੂਲਾਂ ਦੀ ਬਿਜਲੀ ਵੀ ਫਰੀ ਕੀਤੀ ਜਾਵੇ ਜਿੱਥੇ ਸਾਰੇ ਮੁਲਕ ਦੀ ਬਿਜਲੀ ਫਰੀ ਕਰਕੇ ਘਾਟਾ ਨਹੀਂ ਪੈਂਦਾ, ਉੱਥੇ ਸਕੂਲਾਂ ਨਾਲ ਵੀ ਕੋਈ ਘਾਟਾ ਨਹੀਂ ਪੈਣਾ ਚਾਹੀਦਾ ਹੈ।

**ਮੰਤਰੀ:** ਸਰ, ਕੋਈ ਨਹੀਂ, ਇਹ ਵਿਚਾਰ ਅਧੀਨ ਰੱਖ ਲੈਂਦੇ ਹਾਂ, ਅਸੀਂ ਗੱਲ ਕਰਕੇ ਫਿਰ ਇਨ੍ਹਾਂ ਨੂੰ ਦੱਸ ਦਿਆਂਗੇ।

(ਇਸ ਸਮੇਂ ਨਵ ਤੇ ਨਵਿਆਉਣਯੋਗ ਮੰਤਰੀ, ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਆਗਿਆ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਅਮਨ ਜੀ, ਕੀ ਤੁਹਾਡੀ ਕੋਈ ਸਪਲੀਮੈਂਟਰੀ ਹੈ?

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ਼੍ਰੀ ਅਮਨ ਅਰੋੜਾ):** ਨਹੀਂ ਸਰ, ਸਪਲੀਮੈਂਟਰੀ ਨਹੀਂ ਹੈ, ਮੈਂ ਸਿਰਫ ਐਡ ਆਨ ਕਰਨਾ ਚਾਹੁੰਦਾ ਹਾਂ ਕਿ ਹਰਮੀਤ ਜੀ ਦਾ ਸਵਾਲ ਬੜਾ ਵਾਜ਼ਿਬ ਹੈ। ਮੈਂ ਪਿਛਲੀ ਵਾਰੀ ਵੀ ਕਿਹਾ ਸੀ ਤੇ ਮੈਂ ਆਪਣੀ ਗੱਲ ਫਿਰ reiterate ਕਰਦਾ ਹਾਂ ਕਿ ਚਾਹੇ ਸਕੂਲ ਹਨ, ਚਾਹੇ ਹਸਪਤਾਲ ਹਨ, ਚਾਹੇ ਕੋਈ ਪ੍ਰਾਈਵੇਟ ਬਿਲਡਿੰਗ ਹੈ, ਉਨ੍ਹਾਂ ਉੱਪਰ ਜਿੰਨੇ ਲੋਡ ਦਾ ਕੁਨੈਕਸ਼ਨ ਲਗਿਆ ਹੋਇਆ ਹੈ, ਉਹ ਸਾਡੇ ਵਿਭਾਗ ਨੂੰ ਆਪਣੇ ਵਿਭਾਗ ਰਾਹੀਂ ਫੰਡਜ਼ ਭੇਜਣ ਤਾਂ ਅਸੀਂ ਉਸ ਦਾ ਸਰਵੇ ਕਰਾਵਾਂਗੇ ਅਤੇ ਜੇ ਉੱਥੇ ਸਪੇਸ ਅਵੇਲੇਬਲ ਹੋਵੇਗੀ ਤਾਂ ਜਿੰਨਾ ਚਾਹੀਦਾ ਹੋਵੇਗਾ, ਸਾਡਾ ਡਿਪਾਰਟਮੈਂਟ ਸੋਲਰ ਦਾ ਇੰਤਜ਼ਾਮ ਕਰ ਦੇਵੇਗਾ। (ਥੰਪਿੰਗ)

**ਮਾਣਯੋਗ ਸਪੀਕਰ**: ਵੈਰੀ ਗੁੱਡ। ਬਹੁਤ ਅੱਛੇ, ਬਹੁਤ ਅੱਛੇ।

**ਸਰਦਾਰ ਹਰਮੀਤ ਸਿੰਘ ਪਠਾਣਮਾਜਰਾ**: ਜਦੋਂ ਅਸੀਂ ਸਕੂਲ ਵਾਲਿਆਂ ਨਾਲ ਗੱਲ ਕਰਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਸਾਡੇ ਕੋਲ ਕੋਈ ਫੰਡ ਹੀ ਨਹੀਂ ਹਨ ਕਿ ਅਸੀਂ ਆਪਣਾ ਮੀਟਰ ਵੱਡਾ ਕਰਵਾ ਲਈਏ।

**ਮਾਣਯੋਗ ਸਪੀਕਰ**: ਹੋ ਗਈ ਗੱਲ ਜੀ।

**ਸਰਦਾਰ ਹਰਮੀਤ ਸਿੰਘ ਪਠਾਣਮਾਜਰਾ**: ਕੀ ਉਹ ਇਕੱਲੀ ਡਿਟੇਲ ਭੇਜ ਦੇਣ, ਫੰਡਜ਼ ਭਰਨ ਦੀ ਲੋੜ ਤਾਂ ਨਹੀਂ, ਉਹ ਤਾਂ ਸਰਕਾਰ ਬਾਅਦ ਵਿੱਚ ਕਰਵਾ ਦੇਵੇਗੀ। ਇੰਨਾ ਕੁ ਤਾਂ ਕਰਵਾ ਦਿਓ। ਆਪਾਂ ਜਿੰਨੇ ਵੀ ਹਾਂ ਆਪਾਂ ਸਾਰਿਆਂ ਨੂੰ ਪਤਾ ਹੈ ਕਿ ਗਰੀਬਾਂ ਦੀਆਂ ਵੋਟਾਂ ਨਾਲ ਹੀ ਆਪਾਂ ਕੁਝ ਬਣਨਾ ਹੈ। ਇਹ ਆਪਾਂ ਨੂੰ ਮਾਫ ਕਰਵਾ ਦੇਣਾ ਚਾਹੀਦਾ ਹੈ।

**ਮਾਣਯੋਗ ਸਪੀਕਰ**: ਠੀਕ ਹੈ, ਠੀਕ ਹੈ। ਮੰਤਰੀ ਜੀ, ਸਕੂਲਾਂ ਦੀ ਬਿਜਲੀ ਤਾਂ ਨਹੀਂ ਕੱਟੀ ਜਾ ਰਹੀ?

**ਮੰਤਰੀ:** ਨਹੀਂ, ਨਹੀਂ। ਸਰ, ਅਸੀਂ ਕਿਸੇ ਵੀ ਸਕੂਲ ਦੀ ਬਿਜਲੀ ਨਹੀਂ ਕੱਟੀ ਤੇ ਜੇ ਕਿਤੇ ਗਾਹੇ-ਬਗਾਹੇ ਮਾੜੀ-ਮੋਟੀ ਕਦੇ ਕਿਤੇ ਕੱਟੀ ਵੀ ਹੈ ਤਾਂ ਉਸ ਨੂੰ ਨਾਲ ਦੇ ਨਾਲ ਹੀ reinstate ਕਰਵਾ ਦਿੱਤਾ ਹੈ। ਬਿਜਲੀ ਅਸੀਂ ਕਿਸੇ ਦੀ ਨਹੀਂ ਕੱਟੀ ਹੈ ਅਤੇ ਅਸੀਂ ਹਦਾਇਤ ਵੀ ਕੀਤੀ ਹੈ ਕਿ ਕਿਸੇ ਵੀ ਸਕੂਲ ਦੀ ਬਿਜਲੀ ਨਹੀਂ ਕੱਟਣੀ ਹੈ। ਜਿਹੜੇ ਬਿਲ ਬਹੁਤ ਲੰਮੇ ਲੰਮੇ ਪੈਂਡਿੰਗ ਹੁੰਦੇ ਹਨ, ਉਨ੍ਹਾਂ ਦੀ ਰਿਕਵਰੀ ਤਾਂ ਸਾਨੂੰ ਕਰਨੀ ਪੈਂਦੀ ਹੈ। ਸੋ, ਇਹ ਬਹੁਤ ਵਧੀਆ ਪ੍ਰਪੋਜ਼ਲ ਹੈ ਕਿ ਇਹ ਆਪਣੀ ਰਿਕੁਆਇਰਮੈਂਟ ਦੇ ਦੇਣ ਤੇ ਪੇਡਾ ਰਾਹੀਂ ਸੋਲਰ ਪੈਨਲ ਲਗਾਉਣ ਦੀ ਓਪਸ਼ਨ ਹੈ ਤੇ ਉਹ ਸਕੂਲ ਵਿੱਚ ਲੱਗ ਜਾਣਗੇ।

-------

## ਲੁਧਿਆਣਾ ਸ਼ਹਿਰ ਵਿਖੇ ਟਰੇਡ ਸੈਂਟਰ ਬਣਾਉਣਾ

**1962. ਸਰਦਾਰ ਕੁਲਵੰਤ ਸਿੰਘ ਸਿੱਧੂ:** ਕੀ ਉਦਯੋਗ ਅਤੇ ਵਣਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲੁਧਿਆਣਾ ਸ਼ਹਿਰ ਵਿਖੇ ਕੋਈ ਟਰੇਡ ਸੈਂਟਰ (ਵਪਾਰਕ ਸੈਂਟਰ) ਬਣਾਉਣ ਜਾਂ ਸਰਕਾਰ ਵੱਲੋਂ ਕੋਈ ਜ਼ਮੀਨ ਵਪਾਰੀਆਂ ਨੂੰ ਅਲਾਟ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਅਮਨ ਅਰੋੜਾ:** ਨਹੀਂ ਜੀ। "ਲੁਧਿਆਣਾ ਸ਼ਹਿਰ ਵਿੱਚ ਵਪਾਰੀਆਂ ਲਈ ਟਰੇਡ ਸੈਂਟਰ (ਵਪਾਰਕ ਕੇਂਦਰ) ਸਥਾਪਿਤ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।"

**ਸਰਦਾਰ ਕੁਲਵੰਤ ਸਿੰਘ ਸਿੱਧੂ**: ਸਰ, ਮੈਂ ਆਤਮ ਨਗਰ ਹਲਕੇ ਦੀ ਨੁਮਾਇੰਦਗੀ ਕਰਦਾ ਹਾਂ ਜਿਸ ਵਿੱਚ ਚਾਹੇ ਸਾਈਕਲ ਇੰਡਸਟਰੀ ਹੋਵੇ, ਚਾਹੇ machine and tool purse industry ਹੋਵੇ, ਨਾਲ ਹੀ ਮੈਂ ਲੁਧਿਆਣਾ ਸ਼ਹਿਰ ਦੀ ਗੱਲ ਕਰਾਂ ਤਾਂ ਉੱਥੇ ਯਾਰਨ ਹੌਜ਼ਰੀ ਹੈ, ਧਾਗਾ ਹੌਜ਼ਰੀ ਹੈ, ਇਨ੍ਹਾਂ ਕੋਲ ਆਪਣੇ ਐਗਜ਼ੀਬੀਸ਼ਨ ਸੈਂਟਰ ਜਾਂ ਕੋਈ ਪੇਡ ਸੈਂਟਰ ਨਹੀਂ ਹਨ ਤੇ ਪ੍ਰਦਰਸ਼ਨੀਆਂ ਵਿੱਚ ਭਾਗ ਲੈਣ ਵਾਸਤੇ ਇਨ੍ਹਾਂ ਨੂੰ ਦਿੱਲੀ ਵਿੱਚ ਐਕਸਪੋ ਵਰਗੀਆਂ ਵੱਡੀਆਂ ਕੰਪਨੀਆਂ ਪ੍ਰਦਰਸ਼ਨੀਆਂ ਲਗਾਉਂਦੀਆਂ ਹਨ, ਉਨ੍ਹਾਂ ਵਿੱਚ ਜਾਣਾ ਪੈਂਦਾ ਹੈ। ਮੈਂ ਮਾਣਯੋਗ ਮੰਤਰੀ ਸਾਹਿਬ ਤੋਂ ਸਵਾਲ ਕਰਦਾ ਹਾਂ ਕਿ ਆਪਾਂ ਇਹ ਕਿਉਂ ਨਹੀਂ ਬਣਾਉਣਾ ਚਾਹੁੰਦੇ? ਇਸ ਨਾਲ ਪੰਜਾਬ ਦੀ ਇੰਡਸਟਰੀ ਨੂੰ ਤਰੱਕੀ ਮਿਲਣੀ ਹੈ। ਜੇ ਤੁਸੀਂ ਕਹਿੰਦੇ ਹੋ ਕਿ ਇਸ ਵਾਸਤੇ ਜਗ੍ਹਾ ਨਹੀਂ ਹੈ ਤਾਂ ਮੈਂ ਜਗ੍ਹਾ ਦੀ ਨਿਸ਼ਾਨਦੇਹੀ ਕਰਕੇ ਆਇਆ ਹਾਂ ਅਤੇ ਪੁੱਛ ਕੇ ਆਇਆ ਹਾਂ ਕਿ ਜਗ੍ਹਾ ਕਿੱਥੇ ਕਿੱਥੇ ਅਵੇਲੇਬਲ ਹੈ। ਕੀ ਮਾਣਯੋਗ ਮੰਤਰੀ ਸਾਹਿਬ ਦੱਸਣਗੇ ਕਿ ਇਹ ਕਿਉਂ ਨਹੀਂ ਬਣਾਉਣਾ ਚਾਹੁੰਦੇ?

**ਮੰਤਰੀ**: ਸਪੀਕਰ ਸਾਹਿਬ, ਇਸ ਵਿੱਚ ਇਸ ਤਰ੍ਹਾਂ ਹੈ ਕਿ ਇਹ ਸਾਡੇ ਡਿਪਾਰਟਮੈਂਟ ਦਾ ਬੇਸੀਕਲੀ ਮੈਨਡੇਟ ਨਹੀਂ ਹੈ। ਸਾਡੇ ਕੋਲ ਇੰਡਸਟਰੀ ਡਿਪਾਰਟਮੈਂਟ ਵਿੱਚ ਨਾ ਤਾਂ ਅਜਿਹੀ ਕੋਈ ਡਿਮਾਂਡ ਆਈ ਹੈ ਤੇ ਨਾ ਹੀ ਕੋਈ ਪ੍ਰਪੋਜ਼ਲ ਹੈ। ਪਰ all set and done, ਚਾਹੇ ਉਹ ਡਿਪਾਰਟਮੈਂਟ ਮੇਰਾ ਨਹੀਂ ਹੈ ਪਰ ਮੈਂ ਮੈਂਬਰ ਸਾਹਿਬ ਦੀ ਇਨਫਰਮੇਸ਼ਨ ਵਾਸਤੇ ਦੱਸ ਦਿੰਦਾ ਹਾਂ ਕਿ ਇਹ ਬੇਸੀਕਲੀ ਇੱਕ MICE ਦੀ ਪਾਲਿਸੀ ਹੈ ਜਿਸ ਦੀ ਫੁੱਲ ਫੋਰਮ ਹੈ ਮੀਟਿੰਗਜ਼, ਇੰਸੈਂਟਿਵਜ਼, ਕਾਨਫਰੰਸਿਜ਼ ਐਂਡ ਐਗਜ਼ੀਬੀਸ਼ਨਜ਼। ਇਸ ਦੇ ਤਹਿਤ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਆਲਰੇਡੀ ਤਿੰਨ ਜਗ੍ਹਾ ਉੱਪਰ MICE ਸੈਂਟਰ ਜਿਸ ਨੂੰ ਐਗਜ਼ੀਬੀਸ਼ਨ ਸੈਂਟਰ ਜਾਂ ਕਾਨਫਰੰਸ ਸੈਂਟਰ ਕਹਿ ਸਕਦੇ ਹਾਂ, ਉਹ ਮੁਹਾਲੀ, ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਪਲਾਨ ਕਰ ਰਿਹਾ ਹੈ। ਜਿੱਥੋਂ ਤੱਕ ਮੇਰੀ ਨਾਲੇਜ ਹੈ, I am not sure, ਇਹ ਤੁਹਾਨੂੰ ਕੰਸਰਨਡ ਦੱਸ ਸਕਦੇ ਹਨ। ਇਸ ਵਿੱਚ ਹਾਊਸਿੰਗ ਅਤੇ PIDB ਦੋ ਡਿਪਾਰਟਮੈਂਟਸ ਤੋਂ ਤੁਸੀਂ ਕੰਫਰਮ ਕਰੋ, ਉਨ੍ਹਾਂ ਕੋਲ ਆਲਰੇਡੀ ਇਹ under consideration ਹੈ ਅਤੇ ਕੰਮ ਚੱਲ ਰਿਹਾ ਹੈ। ਸੋ, this is not practically industrial thing, ਇਹ ਹਾਊਸਿੰਗ ਦਾ ਇਨਫਰਾਸਟਰੱਕਚਰ ਦਾ ਮੈਨਡੇਟ ਹੈ ਅਤੇ ਉਹ ਕਰ ਰਹੇ ਹਨ ਜੀ।

**1045/Sukhpiar Singh**

**ਸਰਦਾਰ ਕੁਲਵੰਤ ਸਿੰਘ ਸਿੱਧੂ:** ਸਰ, ਮੈਂ ਤਾਂ ਇਹ ਕਹਾਂਗਾ ਕਿ ਜੋ ਦਿਖਦਾ ਹੈ, ਉਹ ਵਿਕਦਾ ਹੈ। ਜੇ ਵਪਾਰੀਆਂ ਨੂੰ ਆਪਣੀ ਪ੍ਰਦਰਸ਼ਨੀ ਲਗਾਉਣ ਲਈ ਕੋਈ ਸੈਂਟਰ ਹੀ ਨਹੀਂ ਹੋਵੇਗਾ ਤਾਂ ਕਿਵੇਂ ਦਿਖਾਉਣਗੇ?

**ਮਾਣਯੋਗ ਸਪੀਕਰ:** ਤੁਹਾਡੀ ਗੱਲ ਠੀਕ ਹੈ ਜੀ।

**ਸਰਦਾਰ ਕੁਲਵੰਤ ਸਿੰਘ ਸਿੱਧੂ:** ਸਰ, ਸਿਰਫ ਇੱਕ ਮਿੰਟ ਦਾ ਸਮਾਂ ਦੇ ਦਿਉ ਜੀ।

**ਮਾਣਯੋਗ ਸਪੀਕਰ:** ਤੁਹਾਡੀ ਸਵਾਲ ਆ ਗਿਆ ਹੈ।

**ਸਰਦਾਰ ਕੁਲਵੰਤ ਸਿੰਘ ਸਿੱਧੂ:** ਸਿਰਫ ਇੱਕ ਮਿੰਟ ਸਰ, ਜ਼ਿਆਦਾ ਸਮਾਂ ਨਹੀਂ ਮੰਗਦਾ।

**ਮਾਣਯੋਗ ਸਪੀਕਰ:** ਜੇ ਹਰੇਕ ਬੰਦਾ ਤਕਰੀਰ ਕਰੇਗਾ ਫਿਰ ਸਵਾਲ ਪੂਰੇ ਨਹੀਂ ਹੋਣੇ। ਪਲੀਜ਼ ਤੁਸੀਂ ਬੈਠੋ, ਤੁਹਾਡੀ ਗੱਲ ਹੋ ਗਈ ਹੈ। ਤੁਹਾਡੀ ਗੱਲ ਮੈਂ ਵੱਡੀ ਕਰ ਦਿੰਦਾ ਹਾਂ। ਲੁਧਿਆਣਾ ਵਿੱਚ ਹਰ ਮਹੀਨੇ ਵੱਡੇ ਵੱਡੇ ਐਗਜ਼ੀਬਿਸ਼ਨ ਲੱਗਦੇ ਹਨ ਔਰ ਉਨ੍ਹਾਂ ਤੇ ਕਰੋੜਾਂ ਰੁਪਏ ਖਰਚ ਹੁੰਦਾ ਹੈ ਅਤੇ ਕਰਵਾਇਆ ਜਾਂਦਾ ਹੈ। ਜੇਕਰ ਸਰਕਾਰ ਐਗਜ਼ੀਬਿਸ਼ਨ ਸੈਂਟਰ ਲੁਧਿਆਣਾ ਨੂੰ ਦੇ ਦੇਵੇਗੀ ਤਾਂ ਪੈਸਾ ਵੀ ਬਚੇਗਾ ਅਤੇ ਇਨਫਰਾਸਟਰੱਕਚਰ ਵੀ ਬਣੇਗਾ ਅਤੇ ਵਪਾਰੀਆਂ ਲਈ ਵੀ ਸੌਖਾ ਰਹੇਗਾ। ਮੰਤਰੀ ਜੀ, ਇਸ ਨੂੰ expedite ਕਰਵਾਓ।

**ਮੰਤਰੀ:** ਇਸ ਨੂੰ ਹਾਊਸਿੰਗ ਅਤੇ PIDB ਨੇ jointly expedite ਕੀਤਾ ਹੋਇਆ ਹੈ। ਇਹ ਇਨੀਸ਼ੀਅਲ ਸਟੇਜ ਤੇ ਹੈ ਪਰ ਤੁਹਾਡਾ ਹੁਕਮ ਹੋਇਆ ਹੈ, ਉਨ੍ਹਾਂ ਕੰਸਰਨਡ ਡਿਪਾਰਟਮੈਂਟਸ ਨੂੰ ਕਹਿ ਕੇ ਹੋਰ expedite ਕਰਵਾ ਦਿੰਦੇ ਹਾਂ ਜੀ।

**ਮਾਣਯੋਗ ਸਪੀਕਰ:** ਅਸੀਸਾਂ ਇੰਡਸਟਰੀ ਵਾਲਿਆਂ ਨੇ ਇੰਡਸਟਰੀ ਮਨਿਸਟਰ ਨੂੰ ਦੇਣੀਆਂ ਹਨ, ਲੈ ਲਵੋ।

**ਮੰਤਰੀ:** ਮਿਹਰਬਾਨੀ ਸਰ। ਧੰਨਵਾਦ ਜੀ, ਜ਼ਰੂਰ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1885**

**ਮਾਣਯੋਗ ਸਪੀਕਰ:** ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ।

---

**ਅੰਮ੍ਰਿਤਸਰ ਪੱਛਮੀ ਵਿੱਚ ਨਵਾਂ ਸੀਵਰੇਜ ਪਾਉਣਾ**

***1888. ਡਾਕਟਰ ਜਸਬੀਰ ਸਿੰਘ ਸੰਧੂ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਅੰਮ੍ਰਿਤਸਰ ਪੱਛਮੀ ਵਿੱਚ ਪੂਰੇ ਹਲਕੇ ਦਾ ਸੀਵਰੇਜ ਲਗਭਗ 50 ਸਾਲ ਪੁਰਾਣਾ ਹੈ, ਜੋ ਕਿ ਥਾਂ-ਥਾਂ ਤੋਂ ਟੁੱਟ ਚੁੱਕਾ ਹੈ, ਜਿਸ ਕਾਰਨ ਗੰਦਗੀ ਫੈਲ ਰਹੀ ਹੈ ਅਤੇ ਬਿਮਾਰੀਆਂ ਪੈਦਾ ਹੋਣ ਦਾ ਖਤਰਾ ਬਣਿਆ ਹੋਇਆ

ਹੈ; ਜੇਕਰ ਅਜਿਹਾ ਹੈ ਤਾਂ ਕੀ ਹਲਕਾ ਅੰਮ੍ਰਿਤਸਰ ਪੱਛਮੀ ਵਿੱਚ ਨਵਾਂ ਸੀਵਰੇਜ ਪਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕੰਮ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਹਰਜੋਤ ਸਿੰਘ ਬੈਂਸ**: ਜੀ ਹਾਂ। ਇਹ ਠੀਕ ਹੈ ਕਿ ਹਲਕਾ ਅੰਮ੍ਰਿਤਸਰ ਪੱਛਮੀ ਦੇ ਕੁਝ ਇਲਾਕਿਆਂ ਵਿੱਚ ਸੀਵਰੇਜ ਪ੍ਰਣਾਲੀ ਕਾਫ਼ੀ ਪੁਰਾਣੀ ਹੈ। ਜਿੱਥੇ ਵੀ ਸੀਵਰੇਜ ਦੇ ਬੰਦ ਹੋਣ ਜਾਂ ਟੁੱਟਣ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ, ਉੱਥੇ ਉਸ ਦਾ ਤੁਰੰਤ ਪਹਿਲ ਦੇ ਆਧਾਰ 'ਤੇ ਨਿਪਟਾਰਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਹਲਕਾ ਅੰਮ੍ਰਿਤਸਰ ਪੱਛਮੀ ਦੀਆਂ ਵੱਖ-ਵੱਖ ਵਾਰਡਾਂ ਵਿੱਚ ਸਾਲ 2022 ਤੋਂ ਹੁਣ ਤੱਕ ਨਗਰ ਨਿਗਮ, ਅੰਮ੍ਰਿਤਸਰ ਵੱਲੋਂ ਨਵੀਆਂ ਸੀਵਰੇਜ ਪਾਈਪਾਂ ਵਿਛਾਉਣ 'ਤੇ ਲਗਭਗ 273.00 ਲੱਖ ਰੁਪਏ ਖਰਚ ਕੀਤੇ ਗਏ ਹਨ। ਪੁਰਾਣੇ ਸੀਵਰੇਜ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਮੇਂ-ਸਮੇਂ 'ਤੇ ਵੱਖ-ਵੱਖ ਏਜੰਸੀਆਂ ਰਾਹੀਂ ਡੀਸਿਲਟਿੰਗ ਕਰਵਾ ਕੇ ਸੀਵਰੇਜ ਦੀ ਸਫ਼ਾਈ ਕਰਵਾਈ ਜਾਂਦੀ ਹੈ। ਇਸੇ ਤਹਿਤ ਪਿਛਲੇ ਤਿੰਨ ਮਹੀਨਿਆਂ ਦੌਰਾਨ ਹਾਟ-ਸਪਾਟਾਂ ਦੀ ਪਛਾਣ ਕਰਕੇ ਸੀਵਰੇਜ਼ ਦੀ ਸਫ਼ਾਈ ਕਰਵਾਈ ਜਾ ਚੁੱਕੀ ਹੈ। ਬਾਕੀ ਕੰਮ ਪ੍ਰਗਤੀ ਅਧੀਨ ਹੈ ਅਤੇ ਇਸ ਨੂੰ ਆਉਣ ਵਾਲੇ **15 ਤੋਂ 20 ਦਿਨਾਂ** ਵਿੱਚ ਮੁਕੰਮਲ ਕਰਵਾ ਦਿੱਤਾ ਜਾਵੇਗਾ।

ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਵਿਧਾਇਕ ਸਾਹਿਬ ਨੇ ਅੰਮ੍ਰਿਤਸਰ ਪੱਛਮੀ ਹਲਕੇ ਵਿੱਚ ਸੀਵਰੇਜ ਦੀਆਂ ਪਾਈਪ ਲਾਈਨਾਂ ਬਾਰੇ ਸਵਾਲ ਉਠਾਇਆ ਹੈ, ਕੱਲ੍ਹ ਮਾਣਯੋਗ ਵਿਧਾਇਕ ਸਾਹਿਬ ਦਾ ਪੀਣ ਵਾਲੇ ਪਾਣੀ ਦਾ ਪ੍ਰਸ਼ਨ ਸੀ। ਅੱਜ ਸੇਮ ਉਸ ਤਰ੍ਹਾਂ ਹੀ ਇਹ ਓਲਡ ਸਿਟੀਜ਼ ਦਾ ਏਰੀਆ ਹੈ, 50 ਸਾਲ ਤੋਂ ਉੱਪਰ ਹੋ ਚੁੱਕੇ ਹਨ। ਇਸ ਵਿੱਚ ਹੁਣ ਤੱਕ ਲਗਭਗ 22 ਕਰੋੜ ਰੁਪਏ ਦੀ ਮਿਊਂਸਿਪਲ ਕਾਰਪੋਰੇਸ਼ਨ ਨੇ ਸੀਵਰੇਜ ਪਾਈਪਾਂ ਬਦਲੀਆਂ ਹਨ। ਹੋਰ ਵੀ ਲਗਾਤਾਰ ਕੰਮ ਚੱਲ ਰਿਹਾ ਹੈ। ਰਹਿੰਦਾ ਕੰਮ ਅਗਲੇ 20 ਦਿਨਾਂ ਵਿੱਚ ਕੰਪਲੀਟ ਹੋ ਜਾਵੇਗਾ।

**ਡਾਕਟਰ ਜਸਬੀਰ ਸਿੰਘ ਸੰਧੂ**: ਸਰ, ਮੈਂ ਮੰਤਰੀ ਸਾਹਿਬ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਏਰੀਆ ਨਿਊ ਮਾਡਲ ਟਾਊਨ, ਗੁਰੂ ਨਾਨਕਪੁਰਾ, ਗੁਰੂ ਕੀ ਵਡਾਲੀ, ਗਮਟਾਲਾ, ਸਾਊਥ ਸਿਟੀ ਅਤੇ ਛੋਟਾ ਹਰੀਪੁਰਾ ਵਿੱਚ ਸੀਵਰ ਤਕਰੀਬਨ ਪਿਛਲੇ ਕਾਫੀ ਸਾਲਾਂ ਤੋਂ ਜਾਮ ਹੈ। ਪਾਈਪਾਂ ਛੋਟੀਆਂ ਹੋ ਚੁੱਕੀਆਂ ਹਨ, ਕਲੋਨੀਆਂ ਵੱਡੀਆਂ ਹੋ ਚੁੱਕੀਆਂ ਹਨ, ਘਰ ਨਵੇਂ ਬਣ ਗਏ ਹਨ ਪਰ ਸੀਵਰੇਜ ਦੇ ਪਾਈਪ ਉਹੀ ਛੋਟੇ ਡਾਇਆਮੀਟਰ ਵਾਲੇ ਹਨ। ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਨਵਾਂ ਸੀਵਰੇਜ ਸਿਸਟਮ ਇਸ ਏਰੀਏ ਵਿੱਚ ਪਾ ਦਿਉਗੇ?

**ਮਾਣਯੋਗ ਸਪੀਕਰ**: ਮੰਤਰੀ ਜੀ, ਕਦੋਂ ਤੱਕ ਨਵਾਂ ਸੀਵਰੇਜ ਸਿਸਟਮ ਪਾ ਦਿਉਗੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਨੂੰ ਏਰੀਏ ਵਾਈਜ਼ ਤਾਂ ਨਹੀਂ ਪਤਾ ਪਰ 2022 ਤੋਂ ਲੈ ਕੇ ਹੁਣ ਤੱਕ ਮਾਣਯੋਗ ਐਮ.ਐਲ.ਏ. ਸਾਹਿਬ ਦੇ ਹਲਕੇ ਬਾਰੇ ਮੈਂ ਦੁਬਾਰਾ ਦੱਸ ਦਿੰਦਾ ਹਾਂ ਕਿ ਇਨ੍ਹਾਂ ਦੇ ਵੱਖ ਵੱਖ ਵਾਰਡਾਂ ਵਿੱਚ 22 ਕਰੋੜ ਰੁਪਏ ਦੇ ਲਗਭਗ ਸਿਰਫ ਸੀਵਰੇਜ ਦਾ ਅਤੇ ਪਾਈਪਲਾਈਨਜ਼ ਨੂੰ ਬਦਲਣ ਦਾ ਕੰਮ ਚੱਲ ਰਿਹਾ ਹੈ, ਜੋ 20 ਦਿਨਾਂ ਵਿੱਚ ਮੁਕੰਮਲ ਹੋ ਜਾਵੇਗਾ। ਇਸ ਤੋਂ ਇਲਾਵਾ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਪੂਰੇ ਹਾਊਸ ਨੂੰ ਦੱਸਣਾ ਚਾਹਾਂਗਾ ਕਿ

ਪਹਿਲੀ ਵਾਰ ਇਸ ਮੌਨਸੂਨ ਵਿੱਚ ਡੀਸਿਲਟਿੰਗ ਆਫ ਸੀਵਰੇਜ ਲਾਈਨਜ਼ ਕੀਤੀ ਹੈ, 1400 ਕਿਲੋਮੀਟਰ ਦੇ ਲਗਭਗ, ਯਾਨੀ ਕਿ ਸੀਵਰੇਜ ਪਾ ਦਿੱਤੇ ਜਾਂਦੇ ਸੀ ਅਤੇ ਉਨ੍ਹਾਂ ਦੀ ਕਦੇ ਸਫਾਈ ਨਹੀਂ ਹੁੰਦੀ ਸੀ। ਸਾਲਾਂ ਦਰ ਸਾਲ ਕਦੇ ਸਫਾਈ ਨਹੀਂ ਹੋਈ, ਇਸ ਵਾਰੀ massive ਡੀਸਿਲਟਿੰਗ ਬਹੁਤ ਜਗ੍ਹਾ ਤੇ ਹੋਈ ਹੈ, ਉਸ ਦਾ ਅਸਰ ਪਾਜ਼ੀਟਿਵ ਦੇਖਣ ਨੂੰ ਮਿਲਿਆ ਹੈ ਅਤੇ ਕਿਤੇ ਕਿਤੇ ਇੰਨੇ ਸਾਲਾਂ ਬਾਅਦ ਜੇ ਕੰਕਰੀਟ ਫਸਿਆ ਹੋਇਆ ਹੈ ਜਾਂ ਟੋਟਲ ਬਲਾਕੇਜ ਸੀ, ਅਸੀਂ ਉਸ ਤੇ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ otherwise ਕੁਝ ਏਰੀਏ ਦੇ ਜੇ ਵਾਰਡ ਰਹਿੰਦੇ ਹਨ ਤਾਂ ਉਸ ਦੀ ਮੈਨੂੰ ਇਹ ਡਿਟੇਲ ਦੇ ਦੇਣ। ਅਸੀਂ ਪਰਪੋਜ਼ਲ ਬਣਾ ਕੇ ਕਰ ਦੇਵਾਂਗੇ।

**ਰਾਣਾ ਇੰਦਰ ਪ੍ਰਤਾਪ ਸਿੰਘ:** ਸਪੀਕਰ ਸਾਹਿਬ, ਬੜਾ ਇੰਪਾਰਟੈਂਟ ਇਸ਼ੂ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਆਪਣੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਕਈ ਜਗ੍ਹਾ ਸੀਵਰੇਜ 6-6, 8-8 ਇੰਚ ਦੇ ਪੈ ਰਹੇ ਹਨ ਅਤੇ ਉਸ ਨੂੰ ਕੌਣ ਡਿਜ਼ਾਇਨ ਕਰ ਰਿਹਾ ਹੈ? ਇਹ ਪਤਾ ਹੀ ਨਹੀਂ ਹੈ। ਇੱਕ ਸੈਕਟਰੀ ਡਿਸਾਈਡ ਕਰ ਦਿੰਦਾ ਹੈ ਕਿ 6 ਜਾਂ 8 ਇੰਚ ਦਾ ਸੀਵਰੇਜ ਪਾ ਦਿਉ। ਉਹ ਦੋ-ਤਿੰਨ ਸਾਲ ਚੱਲਦੇ ਹਨ ਅਤੇ 3 ਸਾਲ ਬਾਅਦ ਫਿਰ ਦੁਬਾਰਾ ਸੀਵਰੇਜ ਨਵਾਂ ਪਾਉਣ ਲੱਗ ਪੈਂਦੇ ਹਨ। ਤੁਸੀਂ ਦੇਖੋ ਕਿ ਕਿੰਨਾ ਵੱਡਾ ਵੇਸਟਫੁਲ ਐਕਸਪੈਂਡੀਚਰ ਸਟੇਟ ਦਾ ਹੋ ਰਿਹਾ ਹੈ, ਇਸ ਬਾਰੇ ਕੌਣ ਸੋਚੇਗਾ? ਮੈਂ ਚਾਹੁੰਦਾ ਹਾਂ ਕਿ ਪੰਜਾਬ ਦਾ ਇੱਕ ਇੱਕ ਰੁਪਿਆ ਸਹੀ ਜਗ੍ਹਾ ਲੱਗਣਾ ਚਾਹੀਦਾ ਹੈ, ਸਾਰੀ ਕੈਬਨਿਟ ਬੈਠੀ ਹੈ।

**ਮਾਣਯੋਗ ਸਪੀਕਰ:** ਸਵਾਲ ਪੁੱਛੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ:** ਇਸ ਦਾ ਇੱਕ ਐਸ.ਓ.ਪੀ. ਬਣਾਇਆ ਜਾਵੇ ਤਾਂ ਕਿ ਵੇਸਟਫੁਲ ਨਾ ਹੋਵੇ।

**ਮਾਣਯੋਗ ਸਪੀਕਰ:** ਸਵਾਲ ਪੁੱਛੋ ਜੀ। ਸੁਜੈਸ਼ਨ ਤੁਸੀਂ ਮਿਲ ਕੇ ਦੇ ਦਿਉ।

**ਰਾਣਾ ਇੰਦਰ ਪ੍ਰਤਾਪ ਸਿੰਘ:** ਸਰ, ਮੇਰਾ ਸਵਾਲ ਇਹ ਹੈ ਕਿ ਕੀ ਸਰਕਾਰ ਕੋਲ ਕੋਈ ਐਸ.ਓ.ਪੀ. ਬਣਿਆ ਹੋਇਆ ਹੈ, ਜੇ ਬਣਿਆ ਹੋਇਆ ਹੈ ਤਾਂ ਉਸ ਦਾ ਅਨੈਲਸਿਸ ਅਤੇ ਸਟੱਡੀ ਕਰਵਾ ਕੇ ਸਦਨ ਵਿੱਚ ਸੂਚਨਾ ਦਿੱਤੀ ਜਾਵੇ ਕਿ ਕਿੱਥੇ-ਕਿੱਥੇ ਸੀਵਰੇਜ ਪਏ ਹਨ ਅਤੇ ਦੋ ਸਾਲਾਂ ਵਿੱਚ ਕਿੰਨੇ ਬਲਾਕ ਹੋਏ ਹਨ ਅਤੇ 3 ਸਾਲ ਬਾਅਦ ਕਿੰਨੇ ਦੁਬਾਰਾ ਪੈ ਰਹੇ ਹਨ।

---

**1050/Manika Rani**

**ਮਾਣਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ। ਅਗਲਾ ਸਵਾਲ ਲੈਣ ਤੋਂ ਪਹਿਲਾਂ ਮੈਂ ਸਥਾਨਕ ਸਰਕਾਰ ਮੰਤਰੀ ਜੀ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਕੱਲ੍ਹ ਮੈਨੂੰ ਕੋਟਕਪੂਰੇ ਤੋਂ ਮੈਸੇਜ ਆਏ ਸਨ। ਫਰੀਦਕੋਟ ਰੋਡ ਤੇ ਪਿਛਲੇ 15 ਸਾਲਾਂ ਤੋਂ ਹਰ ਸਾਲ ਕੋਟਕਪੂਰੇ ਵਿਖੇ water logging ਬਹੁਤ ਜ਼ਿਆਦਾ ਹੁੰਦੀ ਸੀ। ਮੈਂ ਦੱਸਣਾ ਚਾਹਾਂਗਾ ਕਿ ਕੱਲ੍ਹ ਬਹੁਤ ਵੱਡੀ ਬਾਰਿਸ਼ ਹੋਣ ਤੋਂ ਬਾਅਦ ਵੀ ਉਥੇ ਠੀਕ ਰਿਹਾ ਹੈ ਅਤੇ ਨਾਲ ਦੀ ਨਾਲ ਥੋੜ੍ਹੀ ਦੇਰ ਵਿੱਚ ਸਾਫ ਵੀ ਹੋ

ਗਿਆ ਸੀ ਪਰੰਤੂ ਨਾਲ ਹੀ ਇੱਕ ਸ਼ਿਕਾਇਤ ਵੀ ਆਈ ਹੈ ਕਿ ਬੱਸ ਸਟੈਂਡ ਦੇ ਕੋਲ ਜਿਹੜੇ ਨਵੇਂ ਸੀਵਰ ਬਣੇ ਸਨ, ਉਨ੍ਹਾਂ ਨੂੰ ਪਾਣੀ ਦੀ ਪਾਈਪ ਪਾਉਣ ਲੱਗਿਆਂ ਡੈਮੇਜ ਕਰ ਦਿੱਤਾ ਗਿਆ ਸੀ। ਸੋ, ਇਸ ਲਈ ਰਿਸਪਾਂਸੀਬਿਲਟੀ ਫਿਕਸ ਕਰਵਾ ਦਿਉ ਜੀ।

**ਮੰਤਰੀ:** ਠੀਕ ਹੈ ਜੀ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਅਗਲਾ ਸਵਾਲ। ਸ੍ਰੀਮਤੀ ਅਰੁਨਾ ਚੌਧਰੀ ਜੀ।

-------

## ਦੀਨਾਨਗਰ ਹਲਕੇ ਦੀਆਂ ਮੁਰੰਮਤ ਕੀਤੀਆਂ ਲਿੰਕ ਸੜਕਾਂ ਦੇ ਵੇਰਵੇ

***1957. ਸ੍ਰੀਮਤੀ ਅਰੁਨਾ ਚੌਧਰੀ:** ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਦੀਨਾਨਗਰ ਵਿਧਾਨ ਸਭਾ ਹਲਕੇ ਵਿੱਚ ਸਾਲ 2022-23, 2023-24, 2024-25 ਅਤੇ 2025-26 ਦੌਰਾਨ ਨਿਯਮਾਂ ਅਨੁਸਾਰ ਮੁਰੰਮਤ ਲਈ ਬਣਦੀਆਂ ਲਿੰਕ ਸੜਕਾਂ ਦੀ ਕੁੱਲ ਗਿਣਤੀ ਅਤੇ ਕੁੱਲ ਲੰਬਾਈ ਸਾਲ ਵਾਰ ਕਿੰਨੀ ਸੀ ਅਤੇ ਇਨ੍ਹਾਂ ਸਾਲਾਂ ਦੌਰਾਨ ਅਸਲ ਵਿੱਚ ਮੁਰੰਮਤ ਕੀਤੀਆਂ ਗਈਆਂ ਅਜਿਹੀਆਂ ਸੜਕਾਂ ਦੀ ਕੁੱਲ ਗਿਣਤੀ ਅਤੇ ਲੰਬਾਈ ਕਿੰਨੀ ਸੀ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ:** ਵਿਧਾਨ ਸਭਾ ਹਲਕਾ ਦੀਨਾਨਗਰ ਵਿੱਚ ਸਾਲ 2022-23, 2023-24, 2024-25 ਅਤੇ 2025-26 ਦੌਰਾਨ ਨਿਯਮਾਂ ਅਨੁਸਾਰ ਮੁਰੰਮਤ ਲਈ ਡਿਊ ਲਿੰਕ ਸੜਕਾਂ ਦੀ ਗਿਣਤੀ, ਸਾਲ ਵਾਰ ਲੰਬਾਈ ਅਤੇ ਉਕਤ ਸਾਲਾਂ ਵਿੱਚ ਮੁਰੰਮਤ ਕੀਤੀਆਂ ਗਈਆਂ ਸੜਕਾਂ ਦਾ ਵੇਰਵਾ ਹੇਠ ਦਿੱਤੀ ਸਾਰਣੀ ਵਿੱਚ ਦਰਸਾਇਆ ਗਿਆ ਹੈ:-

| ਸਾਲ | ਨਿਯਮਾਂ ਅਨੁਸਾਰ ਮੁਰੰਮਤ ਲਈ ਡਿਊ ਲਿੰਕ ਸੜਕਾਂ ਦੀ ਗਿਣਤੀ | ਲੰਬਾਈ (ਕਿ.ਮੀ ਵਿੱਚ) | ਮੁਰੰਮਤ ਕੀਤੀਆਂ ਗਈਆਂ ਸੜਕਾਂ ਦੀ ਗਿਣਤੀ | ਲੰਬਾਈ (ਕਿ.ਮੀ ਵਿੱਚ) |
|---|---|---|---|---|
| 2022-23 | 44 | 74.84 | - | - |
| 2023-24 | 19 | 54.76 | - | - |
| 2024-25 | 23 | 63.93 | - | - |
| 2025-26 | 22 | 70.88 | 22 | 70.88 |
| ਕੁੱਲ ਜੋੜ | 108 | 264.41 | | |

ਵਿੱਤੀ ਸਾਲ 2022-23, 2023-24 ਅਤੇ 2024-25 ਦੌਰਾਨ ਮੁਰੰਮਤ ਲਈ ਡਿਊ ਹੋਈਆਂ 193.53 ਕਿਲੋਮੀਟਰ ਲੰਬਾਈ ਦੀਆਂ 86 ਲਿੰਕ ਸੜਕਾਂ ਨੂੰ ਵੀ ਸਾਲ 2025-26 ਦੌਰਾਨ ਹੀ ਮੁਰੰਮਤ ਕੀਤਾ ਜਾ ਰਿਹਾ ਹੈ। ਇਨ੍ਹਾਂ ਸਾਰੀਆਂ 264.41 ਕਿਲੋਮੀਟਰ ਲੰਬਾਈ ਦੀਆਂ 108 ਲਿੰਕ ਸੜਕਾਂ ਦਾ ਕੰਮ ਪ੍ਰਗਤੀ ਅਧੀਨ ਹੈ।

**ਸ੍ਰੀਮਤੀ ਅਰੁਨਾ ਚੌਧਰੀ:** ਸਪੀਕਰ ਸਾਹਿਬ, ਮੇਰੇ ਕੋਲ ਜਵਾਬ ਆ ਗਿਆ ਹੈ। ਮੈਂ ਸਪਲੀਮੈਂਟਰੀ ਕਰਨਾ ਚਾਹੁੰਦੀ ਹਾਂ। ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਜਿਹੜਾ ਇਨ੍ਹਾਂ ਵੱਲੋਂ ਜਵਾਬ ਆਇਆ ਹੈ, ਉਹ ਗਲਤ ਆਇਆ ਹੈ। ਮੈਂ ਸਵਾਲ ਵਿੱਚ ਪੁੱਛਿਆ ਸੀ ਕਿ ਸਾਲ 2022-23, 2023-24, 2024-25 ਅਤੇ 2025-26 ਵਿੱਚ ਚਾਰ ਸਾਲਾਂ ਦੌਰਾਨ ਦੀਨਾਨਗਰ ਹਲਕੇ ਦੀਆਂ ਲਿੰਕ ਰੋਡਜ਼ ਕਿੰਨੀਆਂ ਬਣੀਆਂ ਹਨ ਔਰ ਇਨ੍ਹਾਂ ਵੱਲੋਂ ਆਪ ਜਵਾਬ ਵਿੱਚ ਦੱਸਿਆ ਗਿਆ ਹੈ ਕਿ ਚਾਰ ਸਾਲਾਂ ਦੌਰਾਨ ਲਿੰਕ ਰੋਡਜ਼ ਬਣਾਉਣ ਦੀ ਗਿਣਤੀ ਬਿਲਕੁਲ ਨਿੱਲ ਹੈ। ਜਿਹੜੇ ਹਲਕੇ ਵਿੱਚ 193.53 ਕਿਲੋਮੀਟਰ ਸੜਕਾਂ ਜੋ ਕਿ 86 ਲਿੰਕ ਸੜਕਾਂ ਬਣਦੀਆਂ ਹਨ, ਜਿਨ੍ਹਾਂ ਦੀ ਅੱਜ ਤੱਕ ਮੁਰੰਮਤ ਹੀ ਨਹੀਂ ਹੋਈ ਹੈ ਤਾਂ ਤੁਸੀਂ ਆਪ ਹੀ ਸੋਚੋ ਕਿ ਉਨ੍ਹਾਂ ਦਾ ਕੀ ਹਾਲ ਹੋਵੇਗਾ। ਸੋ, ਮੇਰੀ ਰਿਕੁਐਸਟ ਹੈ ਕਿ ਜਿਹੜੇ ਕੰਮ ਹੁਣ ਤੁਸੀਂ ਵਿੱਤੀ ਸਾਲ 2026-27 ਦੌਰਾਨ ਕਰਨੇ ਹਨ, ਜੋ 31 ਮਾਰਚ, 2026 ਤੋਂ ਸ਼ੁਰੂ ਹੋਇਆ ਹੈ, ਜਿਹੜੀਆਂ ਲਿੰਕ ਸੜਕਾਂ ਇਸ ਵਿੱਤੀ ਸਾਲ ਦੌਰਾਨ ਬਣਾਉਣੀਆਂ ਸ਼ੁਰੂ ਕਰਨੀਆਂ ਹਨ, ਕੀ ਉਹ ਸਰਦ ਸੀਜ਼ਨ ਆਉਣ ਤੋਂ ਪਹਿਲਾਂ-ਪਹਿਲਾਂ ਬਣਾ ਦਿੱਤੀਆਂ ਜਾਣਗੀਆਂ? ਕਿਉਂਕਿ ਸਰਦੀਆਂ ਵਿੱਚ ਬਿਟੂਮੈਨ ਲੁੱਕ ਦਾ ਕੰਮ ਨਹੀਂ ਹੁੰਦਾ ਹੈ ਕਿਉਂਕਿ ਠੰਢੇ ਮੌਸਮ ਕਾਰਨ ਲੁੱਕ ਜਲਦੀ ਠੰਡੀ ਹੋ ਜਾਂਦੀ ਹੈ। ਸੋ, ਮੈਂ ਚਾਹੁੰਦੀ ਹਾਂ ਕਿ ਤੁਸੀਂ ਇਸ ਸਬੰਧੀ ਐਸੋਰੈਂਸ ਦਿਉ। ਕੀ ਤੁਸੀਂ ਇਸ ਚਾਰ ਸਾਲਾਂ ਦੇ ਕੰਮ ਨੂੰ ਦਸੰਬਰ ਮਹੀਨੇ ਤੋਂ ਪਹਿਲਾਂ ਪਹਿਲਾਂ ਕੰਪਲੀਟ ਕਰਵਾ ਦਿਉਗੇ?

**ਮੰਤਰੀ:** ਸਪੀਕਰ ਸਾਹਿਬ, ਧੰਨਵਾਦ ਜੀ। ਮਾਣਯੋਗ ਮੈਂਬਰ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ, ਉਸ ਸਬੰਧੀ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਜਿਹੜੀਆਂ ਸੜਕਾਂ ਬਣਦੀਆਂ ਹਨ, ਉਹ ਆਰ.ਡੀ.ਐਫ. ਰਾਹੀਂ ਬਣਾਈਆਂ ਜਾਂਦੀਆਂ ਹਨ ਪਰੰਤੂ ਇਹ ਫੰਡ ਕਾਫੀ ਦੇਰ ਤੋਂ ਸੈਂਟਰ ਦੀ ਸਰਕਾਰ ਕੋਲ ਜਾਮ ਪਿਆ ਹੈ, ਜੋ ਕਿ 8700 ਕਰੋੜ ਰੁਪਏ ਦੇ ਕਰੀਬ ਬਣਦਾ ਹੈ। ਇਸ ਕਾਰਨ ਸਾਲ 2022-23, 2023-24, 2024-25 ਦੌਰਾਨ ਸੜਕਾਂ ਦਾ ਕੰਮ ਨਹੀਂ ਹੋ ਸਕਿਆ ਹੈ ਪਰੰਤੂ ਹੁਣ ਇੰਤਜ਼ਾਮ ਕੀਤਾ ਗਿਆ ਹੈ। ਇਸ ਗੱਲ ਲਈ ਮੈਂ ਵਿਸ਼ਵਾਸ ਵੀ ਦਿਵਾਉਂਦਾ ਹਾਂ ਕਿ ਇਹ ਸੜਕਾਂ ਬਣਨੀਆਂ ਸ਼ੁਰੂ ਹੋ ਗਈਆਂ ਹਨ ਅਤੇ ਅਸੀਂ 2-3 ਮਹੀਨਿਆਂ ਦੇ ਅੰਦਰ-ਅੰਦਰ ਇਸ ਕੰਮ ਨੂੰ ਨੇਪਰੇ ਚਾੜ੍ਹ ਦਿਆਂਗੇ।

**ਸ੍ਰੀਮਤੀ ਅਰੁਨਾ ਚੌਧਰੀ:** ਕੀ ਤੁਸੀਂ ਦਸੰਬਰ ਮਹੀਨੇ ਤੋਂ ਪਹਿਲਾਂ-ਪਹਿਲਾਂ ਕਰਵਾ ਦਿਉਗੇ।

**ਮੰਤਰੀ:** ਹਾਂ ਜੀ।

**ਸ੍ਰੀਮਤੀ ਅਰੁਨਾ ਚੌਧਰੀ:** ਧੰਨਵਾਦ ਜੀ।

**ਮਾਣਯੋਗ ਸਪੀਕਰ:** ਹਾਂ ਜੀ। ਅਗਲਾ ਸਵਾਲ। ਸ੍ਰੀ ਨਰੇਸ਼ ਕਟਾਰੀਆ।

------

## ਹਲਕਾ ਜੀਰਾ ਦੇ ਖੇਡ ਮੈਦਾਨਾਂ ਦੀ ਉਸਾਰੀ ਮੁਕੰਮਲ ਕਰਨਾ

***1950. ਸ੍ਰੀ ਨਰੇਸ਼ ਕਟਾਰੀਆ** : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੀਰਾ ਹਲਕੇ ਦੇ ਪਿੰਡਾਂ ਵਿੱਚ ਕੁੱਲ 29 ਖੇਡ ਮੈਦਾਨ ਮਨਜ਼ੂਰ ਹੋਏ ਸਨ, ਜਿਨ੍ਹਾਂ ਵਿੱਚ ਅਜੇ ਤੱਕ ਸਿਰਫ ਇੱਕ ਖੇਡ ਮੈਦਾਨ ਦਾ ਹੀ ਉਦਘਾਟਨ ਹੋਇਆ ਹੈ, ਜੇਕਰ ਅਜਿਹਾ ਹੈ ਤਾਂ ਬਾਕੀ ਰਹਿੰਦੇ ਖੇਡ ਮੈਦਾਨਾਂ ਦਾ ਉਦਘਾਟਨ ਕਦੋਂ ਤੱਕ ਹੋ ਜਾਵੇਗਾ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤਰੁਨਪ੍ਰੀਤ ਸਿੰਘ ਸੋਂਦ**: ਸ੍ਰੀਮਾਨ ਜੀ, ਹਾਂ ਜੀ, ਜ਼ਿਲ੍ਹਾ ਫਿਰੋਜ਼ਪੁਰ ਦੇ ਹਲਕਾ ਜੀਰਾ ਦੇ ਕੁੱਲ 29 ਵੱਖ-ਵੱਖ ਪਿੰਡਾਂ ਵਿੱਚ ਪੇਂਡੂ ਖੇਡ ਮੈਦਾਨ ਦੀ ਉਸਾਰੀ ਦਾ ਕੰਮ ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਵਲੋਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਤਕਨੀਕੀ ਵਿੰਗ ਰਾਹੀਂ ਕਰਵਾਇਆ ਜਾ ਰਿਹਾ ਹੈ। ਜਿਨ੍ਹਾਂ ਵਿੱਚੋਂ ਬਲਾਕ ਮੱਖੂ ਅਧੀਨ 10 ਅਤੇ ਬਲਾਕ ਜੀਰਾ ਅਧੀਨ 19 ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚੋਂ 1 ਖੇਡ ਮੈਦਾਨ (ਪਿੰਡ ਵਾੜਾ ਪੋਹਵਿੰਡ ਬਲਾਕ ਜੀਰਾ) ਦਾ ਕੰਮ ਮੁਕੰਮਲ ਹੋਣ ਉਪਰੰਤ ਉਦਘਾਟਨ ਹੋ ਚੁੱਕਾ ਹੈ। 13 ਖੇਡ ਮੈਦਾਨਾਂ ਦਾ ਕੰਮ ਮੁਕੰਮਲ ਹੋਣ ਦੇ ਨੇੜੇ ਹੈ ਅਤੇ ਅਗਸਤ ਮਹੀਨੇ ਦੇ ਅਖੀਰ ਤੱਕ ਉਦਘਾਟਨ ਕਰਵਾਉਣ ਦਾ ਟੀਚਾ ਹੈ। ਇਸ ਤੋਂ ਇਲਾਵਾ 14 ਹੋਰ ਖੇਡ ਮੈਦਾਨਾਂ ਦਾ ਕੰਮ ਸਤੰਬਰ ਮਹੀਨੇ ਦੇ ਅਖੀਰ ਤੱਕ ਉਦਘਾਟਨ ਲਈ ਮੁਕੰਮਲ ਕਰਵਾਉਣ ਦਾ ਟੀਚਾ ਹੈ। ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਇੱਕ ਖੇਡ ਮੈਦਾਨ ਬਣਾ ਕੇ ਬਿਲਕੁਲ ਤਿਆਰ ਹੋ ਚੁੱਕਿਆ ਹੈ ਅਤੇ ਇੱਕ ਖੇਡ ਮੈਦਾਨ ਦੀ ਜਗ੍ਹਾ ਦਾ ਡਿਸਪਿਊਟ ਹੋਣ ਕਾਰਨ ਸ਼ੁਰੂ ਨਹੀਂ ਹੋ ਸਕਿਆ ਹੈ।

**ਸ੍ਰੀ ਨਰੇਸ਼ ਕਟਾਰੀਆ**: ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇੰਨੇ ਸਮੇਂ ਵਿੱਚ ਸਿਰਫ ਇੱਕ ਖੇਡ ਮੈਦਾਨ ਹੀ ਕੰਪਲੀਟ ਹੋਇਆ ਹੈ। ਹੁਣ ਸਮਾਂ ਤਾਂ ਥੋੜ੍ਹਾ ਰਹਿ ਗਿਆ ਹੈ। ਬਾਕੀ ਦੇ ਖੇਡ ਮੈਦਾਨ ਕਿੱਥੇ ਪੂਰੇ ਹੋ ਜਾਣਗੇ। ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਕੰਮ ਨੂੰ ਟਾਈਮ ਬਾਊਂਡ ਕੀਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਟਾਈਮ ਬਾਊਂਡ ਕਰੋ ਜੀ।

**ਮੰਤਰੀ**: ਮੈਂ ਦੱਸਣਾ ਚਾਹੁੰਦਾ ਹਾਂ ਕਿ ਖੇਡ ਮੈਦਾਨ ਬਣਾਉਣ ਦੇ ਪਿੱਛੇ ਤਿੰਨ ਵਿਭਾਗਾਂ ਦਾ ਸਾਂਝਾ ਉਪਰਾਲਾ ਹੈ। ਸਭ ਤੋਂ ਪਹਿਲਾਂ ਜਿਹੜਾ ਪੰਚਾਇਤੀ ਰਾਜ ਵਿਭਾਗ ਹੈ, ਉਸ ਦਾ ਟੈਕਨੀਕਲ ਵਿੰਗ ਕੰਮ ਕਰ ਰਿਹਾ ਹੈ। ਇਸ ਵਿੱਚ ਸਪੋਰਟਸ ਵਿਭਾਗ ਦਾ ਬਹੁਤ ਵੱਡਾ ਯੋਗਦਾਨ ਹੈ। ਜਿਸ ਕਾਰਨ ਪਿਛਲੇ ਸਮੇਂ ਮਗਨਰੇਗਾ ਦਾ ਬਹੁਤ ਸਮਾਂ ਕੇਂਦਰ ਸਰਕਾਰ

ਨਾਲ ਰੇੜਕਾ ਚੱਲਦਾ ਆਇਆ। ਜਿਸ ਕਰਕੇ ਇਸ ਵਿੱਚ ਦੋ ਮਹੀਨੇ ਲੈਗ ਝੱਲਣਾ ਪਿਆ। ਮੈਂ time bound ਕਰ ਰਿਹਾ ਹਾਂ ਕਿ 13 ਖੇਡ ਮੈਦਾਨਾਂ ਦਾ ਅਗਸਤ ਮਹੀਨੇ ਵਿੱਚ ਕੰਮ ਮੁਕੰਮਲ ਕਰਕੇ ਉਦਘਾਟਨ ਕਰ ਦਿੱਤਾ ਜਾਵੇਗਾ ਅਤੇ ਬਾਕੀ ਰਹਿੰਦੇ 14 ਖੇਡ ਮੈਦਾਨਾਂ ਦਾ ਕੰਮ ਸਤੰਬਰ ਦੇ end ਵਿੱਚ ਹੋ ਜਾਵੇਗਾ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਕਟਾਰੀਆ ਜੀ, ਬੈਠੋ ਹੁਣ।

**ਸਰਦਾਰ ਪਰਗਟ ਸਿੰਘ ਪੋਆਰ:** ਸਪੋਰਟਸ ਡਿਪਾਰਟਮੈਂਟ ਨਾਲ ਸਬੰਧਤ ਸਵਾਲ ਹੈ। ਸਪਲੀਮੈਂਟਰੀ ਤਾਂ ਦੇ ਦਿੰਦੇ।

**ਮਾਣਯੋਗ ਸਪੀਕਰ:** ਕੁਐਸਚਨ ਰਹਿ ਜਾਣੇ ਹਨ। ਪਹਿਲਾਂ ਹੀ 15 ਮਿੰਟ ਖਰਾਬ ਕਰ ਦਿੱਤੇ। ਜਿਹੜੀ ਗੱਲ ਕਰਨੀ, ਉਹ ਜ਼ੀਰੋ ਆਵਰ ਵਿੱਚ ਕਰ ਲੈਣਾ ਜੀ।

------

**ਖਾਦ ਵਿਕਰੇਤਾ ਕੰਪਨੀਆਂ ਦੁਆਰਾ ਖਾਦ ਡੀਲਰਾਂ ਨੂੰ ਕੀਤੀ ਜਾਣ ਵਾਲੀ ਟੈਗਿਗ ਉੱਤੇ ਰੋਕ ਲਗਾਉਣਾ**

***1945 ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ :** ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਖਾਦ ਵਿਕਰੇਤਾ ਕੰਪਨੀਆਂ ਦੁਆਰਾ ਖਾਦ ਡੀਲਰਾਂ ਨੂੰ ਕੀਤੀ ਜਾਣ ਵਾਲੀ ਟੈਗਿੰਗ ਉੱਤੇ ਕੋਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ, ਜੇਕਰ ਅਜਿਹਾ ਹੈ ਤਾਂ ਇਸ ਟੈਗਿੰਗ ਨੂੰ ਰੋਕਣ ਲਈ ਸਰਕਾਰ ਵੱਲੋਂ ਕੋਈ ਕਾਰਵਾਈ ਅਮਲ ਵਿੱਚ ਲਿਆਦੀ ਗਈ ਹੈ: ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਗੁਰਮੀਤ ਸਿੰਘ ਖੁੱਡੀਆ:** ਜੀ ਹਾਂ, ਸਰਕਾਰ ਵੱਲੋਂ ਖਾਦ ਵਿਕਰੇਤਾ ਕੰਪਨੀਆਂ ਅਤੇ ਡੀਲਰਾਂ ਨੂੰ ਟੈਗਿੰਗ ਨਾ ਕਰਨ ਸਬੰਧੀ ਸਮੇਂ-ਸਮੇਂ ਤੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ। ਟੈਗਿੰਗ ਕੀਤੇ ਜਾਣ ਦੀ ਸੂਰਤ ਵਿੱਚ ਸਬੰਧਤ ਕੰਪਨੀ ਅਤੇ ਡੀਲਰ ਵਿਰੁੱਧ ਖਾਦ ਕੰਟਰੋਲ ਆਰਡਰ, 1985 ਅਤੇ ਜਰੂਰੀ ਵਸਤਾਂ ਐਕਟ, 1955 ਅਧੀਨ ਕਾਰਵਾਈ ਵੀ ਕੀਤੀ ਜਾਂਦੀ ਹੈ ।

ਇਸ ਸਬੰਧੀ 1800, 100, 80, 1551 ਨੰਬਰ 24 ਘੰਟੇ ਚੱਲ ਰਿਹਾ ਹੈ। ਜੇਕਰ ਉੱਥੇ ਕੋਈ ਵੀ ਇਤਲਾਹ ਦੇ ਦਿੰਦਾ ਹੈ ਤਾਂ ਨਾਲ ਦੀ ਨਾਲ ਉੱਥੇ ਜਾ ਕੇ ਕਾਰਵਾਈ ਕੀਤੀ ਜਾਂਦੀ ਹੈ। ਜਿਵੇਂ ਜਿਵੇਂ ਜਿੱਥੇ ਜਿੱਥੇ ਪਤਾ ਲੱਗਦਾ ਹੈ, ਉੱਥੇ ਅਸੀਂ ਆਪਣੇ ਵੱਲੋਂ ਜ਼ਰੂਰ ਸਖਤੀ ਕਰਦੇ ਹਾਂ। ਸਾਡੀਆਂ ਟੀਮਾਂ ਹਮੇਸ਼ਾਂ ਤਿਆਰ ਰਹਿੰਦੀਆਂ ਹਨ। ਜਿੱਥੋਂ ਵੀ ਸ਼ਿਕਾਇਤ ਆਉਂਦੀ ਹੈ, ਉੱਥੇ ਟੀਮਾਂ ਨੂੰ ਭੇਜ ਦਿੱਤਾ ਜਾਂਦਾ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ :** ਸਪੀਕਰ ਸਾਹਿਬ, ਕੀ ਇਹ ਸਹੀ ਹੈ ਕਿ ਖਾਦ ਦੀ ਵੰਡ 60% ਕੋਆਪ੍ਰੇਟਿਵ ਸੁਸਾਇਟੀਆਂ ਨੂੰ ਅਤੇ 40 % ਪ੍ਰਾਈਵੇਟ ਖਾਦ ਡੀਲਰਾਂ ਨੂੰ ਕੀਤੀ ਜਾਂਦੀ ਹੈ। ਜਿਹੜੀਆਂ ਆਪਣੇ ਕੋਲ 6-7 ਕੰਪਨੀਆਂ ਹਨ, ਉਨ੍ਹਾਂ ਵੱਲੋਂ ਖਾਦ ਡੀਲਰਾਂ ਨੂੰ ਫੋਰਸ ਕੀਤਾ ਜਾਂਦਾ ਹੈ ਕਿ ਜਿਹੜੀਆਂ ਨਾਲ ਦੀਆਂ ਦਵਾਈਆਂ ਹਨ ਜਿਵੇਂ ਸਿਮੁਲੇਟਰ ਦਵਾਈਆਂ ਹਨ, ਉਹ ਵੀ ਖਰੀਦੇ ਜਾਣ। ਜੇਕਰ ਕੋਈ ਕਿਸਾਨ ਦਵਾਈ ਲੈਣ ਤੋਂ ਇਨਕਾਰ

ਕਰਦਾ ਹੈ ਜਾਂ ਫੋਨ ਕਰਦਾ ਹੈ ਤਾਂ ਉਸ ਨੂੰ ਖਾਦ ਨਹੀਂ ਦਿੱਤੀ ਜਾਂਦੀ। ਇਸ ਨਾਲ ਬਜ਼ਾਰ ਵਿੱਚ ਇਸ ਤਰ੍ਹਾਂ ਦਾ ਮਾਹੌਲ ਬਣ ਜਾਂਦਾ ਹੈ ਕਿ ਖਾਦ ਉਪਲਬਧ ਨਹੀਂ ਹੈ। ਇਸ ਨਾਲ ਕਿਸਾਨਾਂ ਵਿੱਚ ਵੀ ਡਰ ਦਾ ਮਾਹੌਲ ਬਣਿਆ ਰਹਿੰਦਾ ਹੈ।

**ਮਾਣਯੋਗ ਸਪੀਕਰ**: ਸਵਾਲ ਪੁੱਛੋ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਇਹ ਦੱਸਣਗੇ ਕਿ ਕੀ ਖਾਦ ਕੰਪਨੀਆਂ ਨੂੰ ਕੋਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹੋਏ ਹਨ ਕਿ ਤੁਸੀਂ ਜੋ ਖਾਦ ਨਾਲ ਫਾਲਤੂ ਦਾ ਸਮਾਨ ਦਿੰਦੇ ਹੋ, ਉਹ ਤੁਸੀਂ ਨਹੀਂ ਦੇਣਾ। ਜੇਕਰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹੋਏ ਹਨ ਤਾਂ ਕਿਰਪਾ ਕਰਕੇ ਉਹ ਸਦਨ ਵਿੱਚ ਦੱਸੇ ਜਾਣ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਕਿਹਾ ਹੈ, ਮੈਂ ਇਸ ਸਬੰਧੀ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਵੀ ਕੰਪਨੀਆਂ ਵੱਲੋਂ ਇੰਡੀਅਨ ਫਾਰਮਰਜ਼ ਫਰਟੀਲਾਈਜ਼ਰ ਖਾਦ ਕੰਪਨੀਆਂ KRIBHCO ਸਭ ਨੂੰ ਆਪਣੇ ਵੱਲੋਂ ਰੋਕਿਆ ਗਿਆ ਹੈ ਕਿ ਇਹ ਨਹੀਂ ਦੇਣੀਆਂ। ਕਈ ਥਾਵਾਂ ਤੇ ਜੇਕਰ ਅਜਿਹਾ ਕੰਮ ਹੁੰਦਾ ਹੈ ਜਾਂ ਪ੍ਰਾਈਵੇਟ ਡੀਲਰ ਅਜਿਹੀ ਕੋਈ ਗੱਲ ਕਰਦਾ ਹੈ ਤਾਂ ਉੱਥੇ ਸਾਡੇ ਵੱਲੋਂ ਕਾਰਵਾਈ ਵੀ ਕੀਤੀ ਜਾਂਦੀ ਹੈ।

-----

## ਜੇਲ੍ਹਾਂ ਵਿੱਚ ਪੱਖੇ ਅਤੇ ਕੂਲਰਾਂ ਦੀ ਵਿਵਸਥਾ ਕਰਨਾ

***1963. ਸਰਦਾਰ ਹਰਮੀਤ ਸਿੰਘ ਪਠਾਣਮਾਜਰਾ**: ਕੀ ਜੇਲ੍ਹ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜੇਲ੍ਹਾਂ ਵਿੱਚ ਪੀਣ ਵਾਲੇ ਪਾਣੀ ਦੇ ਕੂਲਰ, ਹਵਾ ਦੇਣ ਵਾਲੇ ਕੂਲਰ ਅਤੇ ਪੱਖਿਆਂ ਦੀ ਘਾਟ ਨੂੰ ਪੂਰਾ ਕਰਨ ਦਾ ਇਰਾਦਾ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਡਾਕਟਰ ਰਵਜੋਤ ਸਿੰਘ**: ਹਾਂ ਜੀ, ਪੰਜਾਬ ਸਰਕਾਰ ਪੰਜਾਬ ਵੱਲੋਂ ਜੇਲ੍ਹਾਂ ਵਿੱਚ ਪੀਣ ਵਾਲੇ ਪਾਣੀ ਲਈ ਵਾਟਰ ਕੂਲਰਾਂ ਅਤੇ ਪੱਖਿਆਂ ਅਤੇ ਵੈਂਟੀਲੇਸ਼ਨ ਸਬੰਧੀ ਹੇਠ ਲਿਖੇ ਉਪਰਾਲੇ ਕੀਤੇ ਗਏ ਹਨ :-

1. ਵਾਟਰ ਕੂਲਰ ਸਮੇਤ RO :- ਪੰਜਾਬ ਜੇਲ੍ਹਾਂ ਵਿੱਚ ਕੁੱਲ 183 ਨੱਗ ਵਾਟਰ ਕੂਲਰ ਲੱਗੇ ਹਨ, ਇਸ ਤੋਂ ਇਲਾਵਾ ਵਿਭਾਗ ਵੱਲੋਂ ਵੱਖ ਵੱਖ ਜੇਲ੍ਹਾਂ ਲਈ 43 ਨੱਗ ਵਾਟਰ ਕੂਲਰ ਸਮੇਤ RO ਦੀ ਖਰੀਦ ਸਬੰਧੀ ਸਪਲਾਈ ਆਰਡਰ ਮਿਤੀ 24.07.2026 ਨੂੰ ਜਾਰੀ ਕੀਤਾ ਜਾ ਚੁੱਕਾ ਹੈ ਅਤੇ ਇਹ ਵਾਟਰ ਕੂਲਰ ਸਮੇਤ RO ਦੀ ਜਲਦ ਹੀ ਜੇਲ੍ਹਾਂ ਵਿੱਚ ਸਪਲਾਈ ਹੋ ਜਾਵੇਗੀ।

2. ਛੱਤ ਵਾਲੇ ਪੱਖੇ :- ਜੇਲ੍ਹਾਂ ਵਿੱਚ ਕੁੱਲ 15438 ਨੱਗ ਛੱਤ ਵਾਲੇ ਪੱਖੇ ਲੱਗੇ ਹਨ ਇਸ ਤੋਂ ਇਲਾਵਾ ਵਿਭਾਗ ਵੱਲੋਂ ਸਮੂਹ ਜੇਲ੍ਹਾਂ ਲਈ 5250 ਨੱਗ ਛੱਤ ਵਾਲੇ ਪੱਖਿਆਂ ਦੀ ਖਰੀਦ ਲਈ GeM Portal ਤੇ ਟੈਂਡਰ ਬਿੱਡ ਮਿਤੀ 30.07.2026 ਨੂੰ ਪਬਲਿਸ਼ ਕਰ ਦਿੱਤੀ ਗਈ ਹੈ ਅਤੇ ਸਮੂਹ ਜੇਲ੍ਹਾਂ ਵਿੱਚ ਛੱਤ ਵਾਲੇ ਪੱਖਿਆ ਦੀ ਜਲਦ ਸਪਲਾਈ/ ਇੰਸਟਾਲੇਸ਼ਨ ਹੋ ਜਾਵੇਗੀ।

3. ਹਵਾ ਦੇਣ ਵਾਲੇ ਕੂਲਰ:- ਜੇਲ੍ਹਾਂ ਵਿੱਚ ਜਰੂਰਤ ਅਨੁਸਾਰ ਬੈਰਕਾਂ ਵਿੱਚ ਹਵਾ ਦੇਣ ਵਾਲੇ ਕੂਲਰ ਲੱਗੇ ਹਨ ਅਤੇ ਜੇਲ੍ਹਾਂ ਵੱਲੋਂ ਸਮੇਂ ਸਮੇਂ ਤੇ ਜਰੂਰਤ ਅਨੁਸਾਰ ਆਪਣੇ ਪੱਧਰ ਤੇ ਆਪਣੀ ਕੰਪੀਟੈਂਸੀ ਅਧੀਨ ਹਵਾ ਦੇਣ ਵਾਲੇ ਕੂਲਰ ਦੀ ਖਰੀਦ ਕਰਕੇ ਇੰਸਟਾਲੇਸ਼ਨ ਕਰਵਾ ਲਈ ਜਾਂਦੀ ਹੈ। ਉਕਤ ਤੋਂ ਇਲਾਵਾ ਜੇਲ੍ਹਾਂ ਵਿੱਚ Ventilation ਲਈ ਗਰਿੱਲਾਂ ਲਗੀਆਂ ਹੁੰਦੀਆਂ ਹਨ, ਜਿਹਨਾਂ ਵਿੱਚੋਂ ਹਵਾ ਪਾਸ ਹੁੰਦੀ ਰਹਿੰਦੀ ਹੈ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ**: ਮੇਰਾ ਤਾਂ ਜੇਲ੍ਹ ਦਾ ਐਕਸਪੀਰੀਐਂਸ ਹੋਇਆ ਹੈ। ਹੁਣ ਤਾਂ ਕਈ ਹੋਰ ਵੀ ਚਲੇ ਗਏ ਹਨ। (ਹਾਸਾ) ਬਠਿੰਡਾ ਜੇਲ੍ਹ ਵਿੱਚ ਤਕਰੀਬਨ 2000 ਦੇ ਨੇੜੇ ਕੈਦੀ ਹਨ। ਉੱਥੇ ਸਿਰਫ ਇੱਕ ਵਾਟਰ ਕੂਲਰ ਹੈ। ਸਵੇਰ ਤੋਂ ਲੈ ਕੇ ਸ਼ਾਮ ਤੱਕ ਉੱਥੇ ਲਾਈਨ ਲੱਗੀ ਰਹਿੰਦੀ ਹੈ। ਉੱਥੇ ਨਾ ਤਾਂ ਕੋਈ ਵਾਟਰ ਕੂਲਰ ਦਾ ਪ੍ਰਬੰਧ ਹੈ ਅਤੇ ਨਾ ਹੀ ਪੱਖਿਆਂ ਦਾ ਪ੍ਰਬੰਧ ਹੈ।

**ਮਾਣਯੋਗ ਸਪੀਕਰ**: ਤੁਸੀਂ ਸਵਾਲ ਪੁੱਛੋ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ** : ਸਰ, ਇਹ ਸਵਾਲ ਦੇ ਵਿੱਚ ਹੀ ਹੈ। ਤੁਹਾਡਾ ਸਮਾਂ ਖਤਮ ਹੋ ਜਾਣਾ ਹੈ।

**ਮਾਣਯੋਗ ਸਪੀਕਰ** : ਮੰਤਰੀ ਸਾਹਿਬ, ਕੀ ਤੁਸੀਂ ਐਡੀਸ਼ਨਲ ਵਾਟਰ ਕੂਲਰ, ਐਡੀਸ਼ਨਲ ਪੱਖੇ ਦੇਵੋਗੇ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਇਹ ਫੈਕਟ ਹੈ ਕਿ ਜਿਹੜੀ inmates ਦੀ ਕਪੈਸਿਟੀ ਹੈ ਤਕਰੀਬਨ 25-30% ਤੋਂ ਪਲੱਸ ਹੀ ਚੱਲ ਰਹੇ ਹਾਂ। ਐਮ.ਐਲ.ਏ. ਸਾਹਿਬ ਵੱਲੋਂ ਜਿਹੜੀ ਪ੍ਰਾਬਲਮ ਫੇਸ ਕੀਤੀ ਗਈ ਹੈ, ਮੈਂ ਸਦਨ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਅਸੀਂ 43 ਵਾਟਰ ਕੂਲਰ with ROਦਾ ਮਿਤੀ 24.07.2026 ਨੂੰ ਟੈਂਡਰ ਕਰ ਦਿੱਤਾ ਹੈ।

**1100/Kuldeep kaur**

**ਮਾਣਯੋਗ ਸਪੀਕਰ**: ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

## WRITTEN ANSWER TO STARRED QUESTION LAID ON THE TABLE OF THE HOUSE UNDER RULE 38

## ਸਾਲ 2022 ਤੋਂ ਹੁਣ ਤੱਕ ਵੱਖ-ਵੱਖ ਬਿਮਾਰੀਆਂ ਨਾਲ ਹੋਈਆਂਮੌਤਾਂ ਦੀ ਗਿਣਤੀ

*** 1967 ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:

**ੳ)** ਕੀ ਇਹ ਠੀਕ ਹੈ ਕੀ ਪੰਜਾਬ ਵਿੱਚ ਦਿਲ ਦੀਆਂ ਬਿਮਾਰੀਆਂ, ਕੈਂਸਰ, ਸਟ੍ਰੋਕ, ਸ਼ੂਗਰ (**Diabetes**), ਉੱਚ ਰਕਤਚਾਪ (Hypertension),ਗੁਰਦਿਆਂ ਦੀਆਂ ਬਿਮਾਰੀਆਂ, ਫੇਫੜਿਆਂ ਦੀਆਂ ਬਿਮਾਰੀਆਂ (COPD/ਅਸਥਮਾ), ਟੀ.ਬੀ. ਅਤੇ ਹੋਰ ਗੈਰ-ਸੈਚਾਰੀ ਬਿਮਾਰੀਆਂ (Non-CommunicableDiseases)ਦੇ ਮਾਮਲੇ ਅਤੇ ਇਨ੍ਹਾਂ ਕਾਰਨ ਹੋਣ ਵਾਲੀਆ ਮੌਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ; ਜੇਕਰ ਹਾਂ ਤਾ ਸਾਲ 2022 ਤੋਂ ਹੁਣ ਤੱਕ ਉਪਰੋਕਤ ਬਿਮਾਰੀਆਂ ਦੇ ਜ਼ਿਲ੍ਹਾ-ਵਾਰ ਮਰੀਜਾਂ ਅਤੇ ਮੌਤਾਂ ਦੀ ਗਿਣਤੀ ਕੀ ਹੈ **?**

**ਅ)-** ਕੀ ਸਰਕਾਰ ਕੋਲ ਕੋਈ ਵਿਗਿਆਨਕ ਅਧਿਐਨ ਜਾ ਸਰਵੇਖਣ ਹੈ, ਜਿਸ ਵਿੱਚ ਇਹ ਦਰਸਾਇਆ ਗਿਆ ਹੋਵੇ ਕਿ ਪੰਜਾਬ ਵਿੱਚ ਇਹ ਬਿਮਾਰੀਆਂ ਵਧਣ ਦੇ ਮੁੱਖ ਕਾਰਨ ਕੀ ਹਨ, ਜਿਵੇਂ ਕਿ ਪ੍ਰਦੂਸ਼ਨ, ਕੀਟਨਾਸ਼ਕਾਂ ਦੀ ਵਰਤੋਂ, ਦੂਸ਼ਿਤ ਖੁਰਾਕ, ਪੀਣ ਵਾਲੇ ਪਾਣੀ ਦੀ ਗੁਣਵੱਤਾ, ਤੰਬਾਕੂ ਅਤੇ ਨਸ਼ਿਆਂ ਦੀ ਵਰਤੋਂ, ਮੋਟਾਪਾ, ਸਰੀਰਕ ਕਸਰਤ ਦੀ ਘਾਟ ਜਾ ਹੋਰ ਕਾਰਨ **?**

**ੲ)-** ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਕੋਈ ਲੰਬੀ ਮਿਆਦ ਦੀ ਕਾਰਜ ਯੋਜਨਾ (Long-term Action Plan), ਸਮੇਂ ਸਿਹ ਜਾਂਚ ਇਲਾਜ ਅਤੇ ਲੋਕਾਂ ਵਿੱਚ ਜਾਗਰੂਕਤਾ ਲੀ ਸਰਕਾਰ ਵਲੋਂ ਕਿਹੜੀਆਂ ਯੋਜਨਾਵਾਂ ਚਲਾਇਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਲਈ ਕਿੰਨਾ ਬਜਟ ਰੱਖਿਆ ਗਿਆ ਹੈ ?

**ਸ)** ਕੀ ਸਰਕਾਰ ਆਉਣ ਵਾਲੇ ਸਮੇਂ ਵਿੱਚ ਰਾਜ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਮਾਹਿਰ ਡਾਕਟਰਾਂ, ਪਬਲਿਕ ਹੈਲਥ ਵਿਸ਼ੇਸ਼ਗਿਆ, ਮੈਡੀਕਲ ਕਾਲਜਾਂ ਅਤੇ ਸੰਬੰਧਤ ਵਿਭਾਗਾਂ ਦੇ ਨੁਮਾਂਇਦਿਆਂ ਨੂੰ ਸ਼ਾਮਲ ਕਰਕੇ ਵਿਸ਼ੇਸ਼ ਕਮੇਟੀਆਂ ਬਣਾਉਣ ਦਾ ਵਿਚਾਰ ਰੱਖਦੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ:** ਸ੍ਰੀ ਮਾਨ ਜੀ,

**ੳ)** ਨਹੀਂ, ਹਾਈਪਰਟੈਨਸ਼ਨ (ਹਾਈ ਬਲੱਡ ਪ੍ਰੈਸ਼ਰ), ਡਾਇਬਟੀਜ਼ (ਸ਼ੂਗਰ), ਕੈਂਸਰ, ਦਿਲ ਦੀਆਂ ਬਿਮਾਰੀਆਂ, ਸਟ੍ਰੋਕ ਅਤੇ ਹੋਰ ਗੈਰ-ਸੰਚਾਰੀ ਰੋਗਾਂ ਦੇ ਮਾਮਲੇ ਸਿਰਫ਼ ਪੰਜਾਬ ਰਾਜ ਵਿੱਚ ਹੀ ਜ਼ਿਆਦਾ ਨਹੀਂ ਹਨ, ਪਰੰਤੂ ਇਹ ਇੱਕ ਗਲੋਬਲ ਮਹਾਮਾਰੀ (Global Pandemic) ਹੈ ਅਤੇ ਅਮਰੀਕਾ (USA) ਵਰਗੇ ਵਿਕਸਿਤ ਦੇਸ਼ਾਂ ਅਤੇ ਵਿਸ਼ਵ ਭਰ ਵਿੱਚ ਗੈਰ-ਸੰਚਾਰੀ ਰੋਗਾਂ ਦੇ ਕੇਸ਼ ਵਧ ਰਹੇ ਹਨ।

- ਗੈਰ-ਸੰਚਾਰੀ ਰੋਗਾਂ (NCDs) ਵਿੱਚ ਵਾਧੇ ਦਾ ਮੁੱਖ ਕਾਰਨ ਆਬਾਦੀ ਦੀ ਬਦਲੀ ਹੋਈ ਜੀਵਨ ਸ਼ੈਲੀ ਅਤੇ ਸੁਸਤ ਆਦਤਾਂ ਹਨ। ਸਰੀਰਕ ਮਿਹਨਤ ਦੀ ਥਾਂ ਖੇਤੀਬਾੜੀ ਅਤੇ ਉਦਯੋਗ ਵਿੱਚ ਮਸ਼ੀਨੀਕਰਨ ਅਤੇ ਆਟੋਮੇਸ਼ਨ (ਮਸ਼ੀਨਾਂ ਦੀ ਵਰਤੋਂ) ਨੇ ਲੈ ਲਈ ਹੈ, ਵੱਧ ਸੋਡੀਅਮ (ਨਮਕ) ਦੀ ਮਾਤਰਾ ਵਾਲੇ ਪ੍ਰੋਸੈਸਡ ਅਤੇ ਰਿਫਾਇੰਡ ਭੋਜਨ ਦੇ ਵੱਧਦੇ ਸੇਵਨ ਨਾਲ ਖਾਣ-ਪੀਣ ਦੀਆਂ ਆਦਤਾਂ ਬਦਲ ਗਈਆਂ ਹਨ, ਅਤੇ ਸਾਰੇ ਉਮਰ ਵਰਗਾਂ ਵਿੱਚ ਵਧਦੇ ਮਾਨਸਿਕ ਤਣਾਅ ਕਾਰਨ ਵੀ ਗੈਰ-ਸੰਚਾਰੀ ਰੋਗਾਂ ਵਿੱਚ ਵਾਧਾ ਹੋਇਆ ਹੈ।

ਇਸ ਦੇ ਨਾਲ ਹੀ ਕਈ ਨੌਜਵਾਨ ਵਿਸ਼ੇਸ਼ ਤੌਰ 'ਤੇ ਹਾਈਪਰਟੈਨਸ਼ਨ (ਹਾਈ ਬਲੱਡ ਪ੍ਰੈਸ਼ਰ), ਸ਼ੂਗਰ (ਡਾਇਬਟੀਜ਼) ਅਤੇ ਦਿਲ ਦੇ ਦੌਰਿਆਂ (Heart Attacks) ਵਰਗੀਆਂ ਬਿਮਾਰੀਆਂ ਤੋਂ ਪੀੜਤ ਹੋਏ ਹਨ।

- ICMR-INDIAB ਅਧਿਐਨ (ਸਰਵੇਖਣ) ਅਨੁਸਾਰ, ਪੰਜਾਬ, ਕੇਰਲ, ਗੋਆ, ਅਤੇ ਸਿੱਕਮ ਵਰਗੇ ਉੱਨਤ ਅਤੇ ਵਧੇਰੇ ਵਿਕਸਿਤ ਰਾਜਾਂ ਵਿੱਚ ਗੈਰ-ਸੰਚਾਰੀ ਰੋਗਾਂ (NCDs) ਦਾ ਬੋਝ ਵਧੇਰੇ ਹੈ, ਜਦੋਂ ਕਿ ਉੱਤਰ ਪ੍ਰਦੇਸ਼, ਬਿਹਾਰ, ਅਤੇ ਮੱਧ ਪ੍ਰਦੇਸ਼ ਵਰਗੇ ਗਰੀਬ ਜਾਂ ਘੱਟ ਵਿਕਸਿਤ ਰਾਜਾਂ ਵਿੱਚ ਮੈਟਾਬੋਲਿਕ ਬਿਮਾਰੀਆਂ ਅਤੇ ਸ਼ੂਗਰ (ਡਾਇਬਟੀਜ਼) ਦੀ ਦਰ ਘੱਟ ਹੈ।

| ਲੜੀ ਨੰ. | ਬਿਮਾਰੀ / ਰੋਗ | ਰਾਸ਼ਟਰੀ ਦਰ | ਸਭ ਤੋਂ ਵੱਧ ਪ੍ਰਭਾਵਿਤ ਸਟੇਟ |
|---|---|---|---|
| 1 | ਹਾਈਪਰਟੈਨਸ਼ਨ | 35.5% | ਪੰਜਾਬ-40.1%<br>ਕੇਰਲਾ- 40% |
| 2 | ਡਾਇਬੀਟਿਜ਼ | 11-12% | ਗੋਆ- 26.4%<br>ਕੇਰਲਾ-25.5%<br>ਤਾਮਿਲਨਾਡੂ -22.23%<br>ਪੰਜਾਬ-14.3% |
| 3 | ਸੀ.ਓ.ਪੀ.ਡੀ. | 4-7% | ਜੰਮੂ ਅਤੇ ਕਸ਼ਮੀਰ<br>ਹਿਮਾਚਲ ਪ੍ਰਦੇਸ਼<br>ਰਾਜਸਥਾਨ<br>ਪੰਜਾਬ (ਨਾਮ ਮਾਤਰ) |
| 4 | ਕੈਂਸਰ | 100-110 per lakh population (Incidence) | ਮਿਜ਼ੋਰਮ<br>ਨਾਗਾਲੈਂਡ<br>ਮੇਘਾਲਿਆ<br>ਪੰਜਾਬ -75-90 per lakh<br>(ਹੋਮੀ ਭਾਬਾ ਕੈਂਸਰ ਜ਼ਿਲ੍ਹਾ ਪੱਧਰੀ ਕੈਂਸਰ ਰਜਿਸਟਰੀ) |

- ਐੱਨ.ਐੱਫ.ਐੱਚ.ਐੱਸ.-6 (ਰਾਸ਼ਟਰੀ ਪਰਿਵਾਰਕ ਸਿਹਤ ਸਰਵੇਖਣ) ਦੇ ਅੰਕੜਿਆਂ ਅਨੁਸਾਰ, ਔਰਤਾਂ ਵਿੱਚ ਹਾਈਪਰਟੈਨਸ਼ਨ (ਹਾਈ ਬਲੱਡ ਪ੍ਰੈਸ਼ਰ) 31.2% ਤੋਂ ਘਟ ਕੇ 24.5% ਅਤੇ ਮਰਦਾਂ ਵਿੱਚ 37.7% ਤੋਂ ਘਟ ਕੇ 26.3% ਰਹਿ ਗਿਆ ਹੈ।
- ਦੇਸ਼ ਵਿੱਚ ਔਰਤਾਂ ਵਿੱਚ ਮੋਟਾਪਾ 24% ਤੋਂ ਵੱਧ ਕੇ 30.7% ਹੋ ਗਿਆ ਹੈ, ਜਦੋਂ ਕਿ ਪੰਜਾਬ ਔਰਤਾਂ ਦੇ ਮੋਟਾਪੇ ਦੇ ਮਾਮਲੇ ਵਿੱਚ ਭਾਰਤ ਵਿੱਚ ਚੌਥੇ ਨੰਬਰ 'ਤੇ ਆਉਂਦਾ ਹੈ।
- ਪਿਛਲੇ ਕੁੱਝ ਸਾਲਾਂ ਵਿੱਚ ਦੇਸ਼ ਵਿੱਚ ਔਰਤਾਂ ਅਤੇ ਮਰਦਾਂ ਦੋਵਾਂ ਵਿੱਚ ਡਾਇਬਟੀਜ਼ (ਸ਼ੂਗਰ) ਦੇ ਮਾਮਲੇ ਵਧੇ ਹਨ।

ਹੋਮੀ ਭਾਬਾ ਕੈਂਸਰ ਹਸਪਤਾਲ ਅਤੇ ਰਿਸਰਚ ਸੈਂਟਰ ਦੁਆਰਾ ਜ਼ਿਲ੍ਹਾ ਪੱਧਰੀ ਕੈਂਸਰ ਰਜਿਸਟਰੀਆਂ (ਕੈਂਸਰ ਦੇ ਅੰਕੜਿਆਂ ਦੇ ਸਰਵੇਖਣ) ਅਨੁਸਾਰ:

ਸੰਗਰੂਰ (2019-2020)

- ਔਰਤਾਂ ਦੀ ਏਜ਼ ਐਡਜਸਟਿਡ ਘਟਨਾ ਦਰ (Female age adjusted Incidence Rate): 84.8 ਪ੍ਰਤੀ 1,00,000
- ਮਰਦਾਂ ਦੀ ਏਜ਼ ਐਡਜਸਟਿਡ ਘਟਨਾ ਦਰ (Male age adjusted Incidence Rate): 76.3 ਪ੍ਰਤੀ 1,00,000

ਮਾਨਸਾ (2019-2020)

- ਔਰਤਾਂ ਦੀ ਏਜ਼ ਐਡਜਸਟਿਡ ਘਟਨਾ ਦਰ (Female age adjusted Incidence Rate): 75 ਪ੍ਰਤੀ 1,00,000
- ਮਰਦਾਂ ਦੀ ਏਜ਼ ਐਡਜਸਟਿਡ ਘਟਨਾ ਦਰ (Male age adjusted Incidence Rate): 62.6 ਪ੍ਰਤੀ 1,00,000

ਪੰਜਾਬ ਦੀਆਂ ਜ਼ਿਲ੍ਹਾ-ਪੱਧਰੀ ਉਮਰ-ਸਮਾਯੋਜਿਤ ਘਟਨਾ ਦਰਾਂ (75-90 ਪ੍ਰਤੀ 1,00,000) ਮਿਜ਼ੋਰਮ ਦੇ ਉੱਚ ਘਟਨਾ ਦਰ ਵਾਲੇ ਜ਼ਿਲ੍ਹਿਆਂ (250 ਪ੍ਰਤੀ 1,00,000) ਅਤੇ ਰਾਸ਼ਟਰੀ ਪੱਧਰ ਨਾਲੋਂ ਘੱਟ ਹਨ। ਇਹ ਦਰਸਾਉਂਦਾ ਹੈ ਕਿ ਪੰਜਾਬ ਰਾਸ਼ਟਰੀ ਪੱਧਰ 'ਤੇ ਸਭ ਤੋਂ ਵੱਧ ਕੈਂਸਰ ਦੇ ਬੋਝ ਦੀ ਪ੍ਰਤੀਨਿਧਤਾ ਨਹੀਂ ਕਰਦਾ।

ਰਾਜ ਸਰਕਾਰ ਨੇ ਰਾਜ ਵਿੱਚ ਪ੍ਰਾਇਮਰੀ ਪੱਧਰ ਤੋਂ ਲੈ ਕੇ ਟਰਸ਼ਰੀ (ਉੱਚ) ਪੱਧਰ ਤੱਕ ਨਿਗਰਾਨੀ (surveillance) ਨੂੰ ਵਧਾਇਆ ਹੈ। ਲਗਭਗ 1,000 ਆਮ ਆਦਮੀ ਕਲੀਨਿਕ (AACs) ਸਥਾਪਿਤ ਕੀਤੇ ਗਏ ਹਨ। ਜਿੱਥੇ ਲਗਭਗ 70,000 – 75,000 ਵਿਅਕਤੀ ਓ.ਪੀ.ਡੀ. (OPD) ਵਿੱਚ ਆਉਂਦੇ ਹਨ ਅਤੇ ਗੈਰ-ਸੰਚਾਰੀ ਰੋਗਾਂ (Non-communicable Diseases) ਲਈ ਉਨ੍ਹਾਂ ਦੀ ਸਕ੍ਰੀਨਿੰਗ ਕੀਤੀ ਜਾਂਦੀ ਹੈ।

- ਸੈਕੰਡਰੀ ਪੱਧਰ 'ਤੇ, ਸਾਰੇ ਹਸਪਤਾਲ ਹਾਈਪਰਟੈਨਸ਼ਨ, ਡਾਇਬਟੀਜ਼, ਕੈਂਸਰ, ਦਿਲ ਦੀਆਂ ਬਿਮਾਰੀਆਂ, ਸਟ੍ਰੋਕ ਅਤੇ ਹੋਰ ਗੈਰ-ਸੰਚਾਰੀ ਰੋਗਾਂ ਦੇ ਨਿਦਾਨ (diagnosis) ਅਤੇ ਪ੍ਰਬੰਧਨ (management) ਲਈ ਪੂਰੀ ਤਰ੍ਹਾਂ ਲੈਸ ਹਨ।

ਗੈਰ ਸੰਚਾਰੀ ਬਿਮਾਰੀਆਂ ਦੀ ਮੌਤ ਦੇ ਅਸਲ ਕਾਰਨ ਦਾ ਪਤਾ ਨਹੀਂ ਲਗਾਇਆ ਜਾ ਸਕਦਾ ਹੈ ਅਤੇ ਨਾ ਹੀ ਕੋਈ ਟਿੱਪਣੀ ਕੀਤੀ ਜਾ ਸਕਦੀ ਹੈ ਕਿਉਂਕਿ ਬਹੁਤ ਸਾਰੀਆਂ ਮੌਤਾਂ ਘਰ ਵਿੱਚ ਹੁੰਦੀਆਂ ਹਨ ਅਤੇ ਅਸਲ ਕਾਰਨਾਂ ਦਾ ਪਤਾ ਨਹੀਂ ਲਗਾਇਆ ਜਾ ਸਕਦਾ। ਇੱਥੋਂ ਤੱਕ ਕਿ ਜਦੋਂ ਮਰੀਜ਼ ਦੀ ਮੌਤ ਹਸਪਤਾਲਾਂ ਵਿੱਚ ਹੁੰਦੀ ਹੈ, ਤਾਂ ਹਾਰਟ ਅਟੈਕ ਵਰਗੀ ਅੰਤਿਮ ਘਟਨਾ ਨੂੰ ਹੀ ਤੁਰੰਤ ਕਾਰਨ ਮੰਨ ਲਿਆ ਜਾਂਦਾ ਹੈ, ਹਾਲਾਂਕਿ ਇਸ ਦੇ ਪਿੱਛੇ ਦੀਆਂ ਅੰਦਰੂਨੀ ਬਿਮਾਰੀਆਂ ਅਕਸਰ ਅਣਦੇਖੀਆਂ ਰਹਿ ਜਾਂਦੀਆਂ ਹਨ। ਇਸ ਲਈ ਗੈਰ-ਸੰਚਾਰੀ ਰੋਗਾਂ ਕਰਕੇ ਹੋਣ ਵਾਲੀਆਂ ਮੌਤਾਂ ਦੇ ਸਹੀ ਅੰਕੜਿਆਂ ਦਾ ਪਤਾ ਨਹੀਂ ਲਗਾਇਆ ਜਾ ਸਕਦਾ।

**ਅ)** ਗੈਰ-ਸੰਚਾਰੀ ਰੋਗਾਂ (NCDs) ਦੇ ਮੁੱਖ ਜੋਖਮ ਕਾਰਨਾਂ (risk factors) ਦਾ ਪਤਾ ਲਗਾਉਣ ਲਈ ਬਹੁਤ ਸਾਰੇ ਅਧਿਐਨ ਕੀਤੇ ਗਏ ਹਨ, ਜੋ ਇਹ ਦਰਸਾਉਂਦੇ ਹਨ ਕਿ ਇਹ ਬਹੁ-ਕਾਰਨ (multi-factorial) ਹਨ ਅਤੇ ਗੈਰ-ਸੰਚਾਰੀ ਰੋਗਾਂ ਲਈ ਕੋਈ ਇੱਕ ਕਾਰਨ ਜਾਂ ਜੋਖਮ ਕਾਰਨ ਜ਼ਿੰਮੇਵਾਰ ਨਹੀਂ ਹੈ। ਮੁੱਖ ਜੋਖਮ ਕਾਰਨ ਹਨ:

- ਸੁਸਤ ਜੀਵਨ ਸ਼ੈਲੀ ਅਤੇ ਸ਼ਰੀਰਕ ਕਸਰਤ ਦੀ ਘਾਟ (Sedentary behaviour)
- ਪ੍ਰੋਸੈਸਡ ਅਤੇ ਰਿਫਾਇੰਡ ਫੂਡ ਵਿੱਚ ਵਾਧਾ ਅਤੇ ਨਮਕ (Sodium) ਦੀ ਜ਼ਿਆਦਾ ਵਰਤੋਂ
- ਮੋਟਾਪਾ ਅਤੇ ਵੱਧ ਵਜ਼ਨ (Overweight)
- ਗੈਂਰ ਸੰਚਾਰੀ ਰੋਗਾਂ ਦੀ ਪਰਿਵਾਰਕ ਹਿਸ਼ਟਰੀ
- ਸ਼ਰਾਬ (Alcohol) ਅਤੇ ਤੰਬਾਕੂ (Tobacco) ਦਾ ਸੇਵਨ

ਐੱਨ.ਐੱਫ.ਐੱਚ.ਐੱਸ.-6 (NFHS-6) ਦੇ ਅੰਕੜਿਆਂ ਅਨੁਸਾਰ, ਪੰਜਾਬ ਸ਼ਰਾਬ ਸੇਵਨ ਦੀ ਦਰ ਦੇ ਮਾਮਲੇ ਵਿੱਚ ਭਾਰਤ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ ਲਗਭਗ 21ਵੇਂ ਨੰਬਰ 'ਤੇ ਆਉਂਦਾ ਹੈ। NFHS-6 ਦੇ ਅੰਕੜਿਆਂ ਅਨੁਸਾਰ, ਪੰਜਾਬ ਵਿੱਚ ਤੰਬਾਕੂ ਦੀ ਵਰਤੋਂ ਪੂਰੇ ਭਾਰਤ ਵਿੱਚ ਸਭ ਤੋਂ ਘੱਟ (ਨਾਮਾਤਰ) ਹੈ।

**ੲ)** ਪੰਜਾਬ ਰਾਜ ਨੇ ਗੈਰ-ਸੰਚਾਰੀ ਰੋਗਾਂ (NCDs) ਦੀ ਰੋਕਥਾਮ ਅਤੇ ਪ੍ਰਬੰਧਨ ਲਈ ਕਈ ਸਕੀਮਾਂ ਸ਼ੁਰੂ ਕੀਤੀਆਂ ਹਨ।

- ਜੀਵਨ ਸ਼ੈਲੀ ਵਿੱਚ ਸੁਧਾਰ ਅਤੇ ਸਰੀਰਕ ਗਤੀਵਿਧੀਆਂ ਲਈ ਪੂਰੇ ਰਾਜ ਵਿੱਚ ਯੋਗ ਸੈਸ਼ਨ ਅਤੇ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ। 'ਸੀ.ਐੱਮ. ਦੀ ਯੋਗਸ਼ਾਲਾ' (CM's Yogshala) ਪ੍ਰੋਜੈਕਟ ਸ਼ਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ, ਤਣਾਅ ਘਟਾਉਣ ਅਤੇ ਸਮੁੱਚੀ ਸਿਹਤ ਨੂੰ ਸੁਧਾਰਨ ਲਈ

ਨਿਯਮਤ ਯੋਗ ਅਭਿਆਸ ਨੂੰ ਉਤਸ਼ਾਹਿਤ ਕਰਦਾ ਹੈ। ਇਸ ਪ੍ਰੋਜੈਕਟ ਤਹਿਤ ਰਾਜ ਦੇ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਵਿੱਚ 10,933 ਯੋਗ ਕੈਂਪ ਲਗਾਏ ਜਾ ਰਹੇ ਹਨ। ਸੀ.ਐੱਮ. ਦੀ ਯੋਗਸ਼ਾਲਾ ਤਹਿਤ ਯੋਗ ਟ੍ਰੇਨਰਾਂ ਦੀ ਸਿਖਲਾਈ ਲਈ ਇੱਕ ਸਾਲ ਦਾ ਕੋਰਸ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ ਹੁਣ ਤੱਕ 3,622 ਸਿਖਿਆਰਥੀਆਂ (trainees) ਨੂੰ ਸਿਖਲਾਈ ਲਈ ਦਾਖਲ ਕੀਤਾ ਗਿਆ ਹੈ।

- ਰਾਜ ਵਿੱਚ ਲਗਭਗ 1,000 ਆਮ ਆਦਮੀ ਕਲੀਨਿਕ (AACs) ਸਥਾਪਿਤ ਕੀਤੇ ਗਏ ਹਨ ਜਿੱਥੇ ਗੈਰ-ਸੰਚਾਰੀ ਰੋਗਾਂ ਦੀ ਸਕ੍ਰੀਨਿੰਗ, ਨਿਦਾਨ ਟੈਸਟ (diagnostic tests) ਅਤੇ ਇਲਾਜ ਮੁਫ਼ਤ ਕੀਤਾ ਜਾ ਰਿਹਾ ਹੈ।
- ਪੰਜਾਬ WHO (ਵਿਸ਼ਵ ਸਿਹਤ ਸੰਗਠਨ) ਦੇ ਸਹਿਯੋਗ ਨਾਲ IHCI (ਇੰਡੀਆ ਹਾਈਪਰਟੈਨਸ਼ਨ ਕੰਟਰੋਲ ਇਨੀਸ਼ੀਏਟਿਵ) ਸ਼ੁਰੂ ਕਰਨ ਵਾਲਾ ਪਹਿਲਾ ਰਾਜ ਸੀ ਅਤੇ ਹੁਣ ਇਸ ਨੂੰ ਪੂਰੇ ਦੇਸ਼ ਵਿੱਚ ਲਾਗੂ ਕੀਤਾ ਜਾ ਰਿਹਾ ਹੈ। ਡੀ.ਐੱਮ.ਸੀ. ਹਸਪਤਾਲ ਲੁਧਿਆਣਾ ਦੇ ਕਾਰਡੀਓਲੋਜੀ ਵਿਭਾਗ ਦੇ ਸਹਿਯੋਗ ਨਾਲ, IHCI ਪ੍ਰੋਜੈਕਟ ਦਾ ਵਿਸਥਾਰ ਲੁਧਿਆਣਾ ਦੇ ESI ਹਸਪਤਾਲ ਅਤੇ ਡਿਸਪੈਂਸਰੀਆਂ ਤੱਕ ਕੀਤਾ ਗਿਆ ਹੈ, ਜੋ ਕਿ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਗਤੀਵਿਧੀ ਹੈ। ਬਲੱਡ ਪ੍ਰੈਸ਼ਰ (BP) ਮਾਪਣ, ਜੀਵਨ ਸ਼ੈਲੀ ਵਿੱਚ ਸੁਧਾਰ ਅਤੇ ਗੈਰ-ਸੰਚਾਰੀ ਰੋਗਾਂ (NCDs) ਦੀ ਰੋਕਥਾਮ ਅਤੇ ਪ੍ਰਬੰਧਨ ਲਈ ਸਰਕਾਰੀ ਹਸਪਤਾਲਾਂ, ਪ੍ਰਾਈਵੇਟ ਹਸਪਤਾਲਾਂ ਅਤੇ ਨਰਸਿੰਗ ਕਾਲਜਾਂ ਦੇ ਲਗਭਗ 5,000 ਸਟਾਫ ਨਰਸਾਂ ਨੂੰ ਇਸ ਪ੍ਰੋਜੈਕਟ ਤਹਿਤ ਸਿਖਲਾਈ ਦਿੱਤੀ ਗਈ ਹੈ। IHCI-ESI ਪ੍ਰੋਜੈਕਟ ਤਹਿਤ ਲਗਭਗ 45,000 ਵਿਅਕਤੀਆਂ ਦੀ ਸਕ੍ਰੀਨਿੰਗ ਕੀਤੀ ਗਈ ਅਤੇ 14,531 ਵਿਅਕਤੀਆਂ ਵਿੱਚ ਹਾਈਪਰਟੈਨਸ਼ਨ (ਹਾਈ ਬਲੱਡ ਪ੍ਰੈਸ਼ਰ) ਦੀ ਪਛਾਣ ਕੀਤੀ ਗਈ ।
- ਦਿਲ ਦੇ ਦੌਰੇ (Heart Attack) ਦੇ ਪ੍ਰਬੰਧਨ ਲਈ STEMI ਕੇਅਰ ਦਾ ਪੰਜਾਬ ਮਾਡਲ ਵਿਭਿੰਨ ਰਾਸ਼ਟਰੀ ਮੰਚਾਂ 'ਤੇ ਪ੍ਰਮੁੱਖਤਾ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਤਹਿਤ ਜ਼ਿਲ੍ਹਾ ਅਤੇ ਸਬ-ਡਿਵੀਜ਼ਨਲ ਪੱਧਰ 'ਤੇ ਦਿਲ ਦੇ ਦੌਰੇ ਦੇ ਲਗਭਗ 1,100 ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਗਿਆ ਹੈ।
- ਪੰਜਾਬ ਨੇ CMC ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ 'ਹੱਬ ਅਤੇ ਸਪੋਕ' (Hub and Spoke) ਮਾਡਲ ਵਿੱਚ ਸਟ੍ਰੋਕ (Stroke) ਪ੍ਰੋਜੈਕਟ ਦਾ ਵਿਸਥਾਰ ਸਾਰੇ 23 ਜ਼ਿਲ੍ਹਿਆਂ ਵਿੱਚ ਕੀਤਾ ਹੈ। ਇਸ ਪ੍ਰੋਜੈਕਟ ਤਹਿਤ ਜ਼ਿਲ੍ਹਾ ਪੱਧਰ 'ਤੇ ਸਟ੍ਰੋਕ ਦੇ 74 ਮਰੀਜ਼ਾਂ ਦਾ ਥ੍ਰੌਮਬੋਲਾਈਸਿਸ (thrombolysis) ਕੀਤਾ ਗਿਆ ਹੈ ਅਤੇ 7 ਮਰੀਜ਼ਾਂ ਦਾ ਮੁਫ਼ਤ ਮਕੈਨੀਕਲ ਥ੍ਰੌਮਬੈਕਟੋਮੀ (thrombectomy) ਪ੍ਰਕਿਰਿਆ ਰਾਹੀਂ ਇਲਾਜ ਕੀਤਾ ਗਿਆ ਹੈ।

- ਪੰਜਾਬ ਨੇ 5 ਜ਼ਿਲ੍ਹਿਆਂ ਵਿੱਚ ਪੱਧਰ ਮੋਡ ਵਿੱਚ ਛਾਤੀ ਅਤੇ ਸਰਵਿਕਲ ਕੈਂਸਰ ਦੀ AI-ਆਧਾਰਿਤ ਸਕ੍ਰੀਨਿੰਗ ਸ਼ੁਰੂ ਕੀਤੀ ਹੈ ਅਤੇ ਪਛਾਣ ਕੀਤੇ ਗਏ ਸਾਰੇ 18 ਮਰੀਜ਼ਾਂ ਦਾ ਮੁਫ਼ਤ ਇਲਾਜ ਸ਼ੁਰੂ ਕਰ ਦਿੱਤਾ ਗਿਆ ਹੈ।
- ਘਰ ਦੇ ਨੇੜੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ, ਰਾਜ ਨੇ ਜ਼ਿਲ੍ਹਾ ਪੱਧਰ 'ਤੇ 7 DCCCs (ਡੇਅ ਕੇਅਰ ਕੈਂਸਰ ਸੈਂਟਰ) ਸਥਾਪਿਤ ਕੀਤੇ ਹਨ ਅਤੇ ਜੂਨ 2026 ਤੱਕ, MMSY ਤਹਿਤ 3,391 ਕੈਂਸਰ ਮਰੀਜ਼ਾਂ ਨੂੰ ਮੁਫ਼ਤ ਕੀਮੋਥੈਰੇਪੀ ਸੈਸ਼ਨ ਦਿੱਤੇ ਗਏ ਹਨ।
- ਰਾਜ ਕੋਲ ਸਾਰੇ ਸਰਕਾਰੀ ਮੈਡੀਕਲ ਕਾਲਜਾਂ, ਐਡਵਾਂਸਡ ਕੈਂਸਰ ਇੰਸਟੀਚਿਊਟ ਬਠਿੰਡਾ ਵਿੱਚ ਕੈਂਸਰ ਦੇ ਪ੍ਰਬੰਧਨ ਲਈ ਟਰਸ਼ਰੀ ਕੇਅਰ (ਉੱਚ ਪੱਧਰੀ) ਸੁਵਿਧਾਵਾਂ ਹਨ ਅਤੇ ਕੈਂਸਰ ਪ੍ਰਬੰਧਨ ਲਈ ਮੈਡੀਕਲ ਅਤੇ ਪੈਰਾਮੈਡੀਕਲ ਸਟਾਫ ਦੀ ਸਿਖਲਾਈ ਅਤੇ MMSY ਤਹਿਤ ਮੁਫ਼ਤ ਕੈਂਸਰ ਸੰਭਾਲ ਲਈ ਹੋਮੀ ਭਾਬਾ ਕੈਂਸਰ ਹਸਪਤਾਲ ਵਰਗੇ ਟਰਸ਼ਰੀ ਕੇਅਰ ਹਸਪਤਾਲਾਂ ਨਾਲ ਸਹਿਯੋਗ ਕੀਤਾ ਜਾਂਦਾ ਹੈ।
- ਰਾਜ ਕੋਲ NCDs ਦੇ ਪ੍ਰਬੰਧਨ ਲਈ MMSY ਤਹਿਤ ਪਰਿਆਪਤ ਫੰਡ ਹਨ ਅਤੇ ਇਸ ਸਕੀਮ ਤਹਿਤ ਕੈਂਸਰ ਦੀ ਸੰਭਾਲ ਲਈ 488 ਪੈਕੇਜ ਰੱਖੇ ਗਏ ਹਨ। ਇਸ ਤੋਂ ਇਲਾਵਾ 'ਮੁੱਖ ਮੰਤਰੀ ਕੈਂਸਰ ਰਾਹਤ ਕੋਸ਼' ਲਈ 35 ਕਰੋੜ ਰੁਪਏ ਅਤੇ ਗੈਰ-ਸੰਚਾਰੀ ਰੋਗਾਂ (NCDs) ਦੀਆਂ ਦਵਾਈਆਂ ਅਤੇ ਪ੍ਰਬੰਧਨ ਲਈ 25 ਕਰੋੜ ਰੁਪਏ ਮੰਜ਼ੂਰ ਕੀਤੇ ਗਏ ਹਨ।

**ਸ)** NP-NCD — (ਗੈਰ-ਸੰਚਾਰੀ ਬਿਮਾਰੀਆਂ ਦੀ ਰੋਕਥਾਮ ਅਤੇ ਕੰਟਰੋਲ ਲਈ ਰਾਸ਼ਟਰੀ ਪ੍ਰੋਗਰਾਮ) — ਰਾਜ ਵਿੱਚ ਟਰਸ਼ਰੀ ਕੇਅਰ ਸਿਹਤ ਸੰਸਥਾਵਾਂ/ਮੈਡੀਕਲ ਕਾਲਜਾਂ ਦੇ ਸਹਿਯੋਗ ਨਾਲ ਅਤੇ ਮਾਹਿਰਾਂ (ਕਾਰਡੀਓਲੋਜਿਸਟ/ਨਿਊਰੋਲੋਜਿਸਟ/ਓਨਕੋਲੋਜਿਸਟ/ਗਾਇਨਕੋਲੋਜਿਸਟ/ਮੈਡੀਕਲ ਮਾਹਿਰਾਂ) ਦੀ ਰਹਿਨੁਮਾਈ ਹੇਠ ਲਾਗੂ ਕੀਤਾ ਜਾ ਰਿਹਾ ਹੈ।

1. **ਮਿਸ਼ਨ ਅੰਮ੍ਰਿਤ – ਪੰਜਾਬ ਸਟੈਮੀ ਪ੍ਰੋਜੈਕਟ:** ਇਹ ਪ੍ਰੋਜੈਕਟ 'ਹੱਬ ਅਤੇ ਸਪੋਕ ਮਾਡਲ' (HUB AND SPOKE MODEL) ਦੇ ਤਹਿਤ ਸਾਰੇ 23 ਜ਼ਿਲ੍ਹਿਆਂ (23 ਜ਼ਿਲ੍ਹਾ ਹਸਪਤਾਲਾਂ ਅਤੇ 41 ਸਬ-ਡਿਵੀਜ਼ਨਲ ਹਸਪਤਾਲਾਂ) ਵਿੱਚ 6 ਹੱਬਾਂ ਦੇ ਸਹਿਯੋਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਹ ਹੱਬ ਸੂਬੇ ਦੇ ਮੈਡੀਕਲ ਕਾਲਜ ਹਨ, ਜਿਨ੍ਹਾਂ ਵਿੱਚ 3 ਸਰਕਾਰੀ ਮੈਡੀਕਲ ਕਾਲਜ, ਏਮਜ਼ (AIIMS) ਬਠਿੰਡਾ, ਡੀ.ਐਮ.ਸੀ.ਐਚ. (DMCH) ਲੁਧਿਆਣਾ ਅਤੇ ਜੀ.ਐਮ.ਸੀ.ਐਚ.-32 ਚੰਡੀਗੜ੍ਹ ਸ਼ਾਮਲ ਹਨ। ਸਾਰੇ ਦਿਲ ਦੇ ਰੋਗਾਂ ਦੇ ਮਾਹਰ (Cardiologists) ਜ਼ਿਲ੍ਹਾ ਸਿਹਤ ਕੇਂਦਰਾਂ (ਸਪੋਕ ਸੈਂਟਰਾਂ) ਨੂੰ ਦਿਸ਼ਾ-ਨਿਰਦੇਸ਼ ਅਤੇ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ।

2. **ਪੰਜਾਬ ਸਟ੍ਰੋਕ ਪ੍ਰੋਜੈਕਟ** : ਇਹ ਪ੍ਰੋਜੈਕਟ ਸੀ.ਐਮ.ਸੀ. ਲੁਧਿਆਣਾ (CMC Ludhiana) ਦੇ ਸਹਿਯੋਗ ਨਾਲ ਸੂਬੇ ਦੇ ਸਾਰੇ 23 ਜ਼ਿਲ੍ਹਿਆਂ ਵਿੱਚ 'ਹੱਬ ਅਤੇ ਸਪੋਕ ਮਾਡਲ' ਵਜੋਂ ਲਾਗੂ ਕੀਤਾ ਜਾ ਰਿਹਾ ਹੈ। ਨਿਊਰੋਲੋਜੀ ਮਾਹਰ (Neurology Experts) ਸਟ੍ਰੋਕ (ਦਿਮਾਗ਼ ਦੇ ਦੌਰੇ/ਲਕਵੇ) ਦੇ ਮਰੀਜ਼ਾਂ ਦੇ ਪ੍ਰਬੰਧਨ ਲਈ ਸਪੋਕ ਕੇਂਦਰਾਂ ਨੂੰ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ।

3. **ਕੈਂਸਰ ਸਕ੍ਰੀਨਿੰਗ ਅਤੇ ਟਰੀਟਮੈਂਟ**

- ਟਰਸ਼ਰੀ ਕੇਅਰ ਸੰਸਥਾਵਾਂ (Tertiary Care Institutions) ਓਨਕੋਲੋਜਿਸਟਾਂ/ਮਾਹਿਰਾਂ ਦੁਆਰਾ ਵਿਸ਼ੇਸ਼ ਕੈਂਸਰ ਸੇਵਾਵਾਂ ਪ੍ਰਦਾਨ ਕਰਦੀਆਂ ਹਨ।
- ਕੈਂਸਰ ਦੇ ਪ੍ਰਬੰਧਨ ਲਈ ਡਾਇਰੈਕਟਰ ਹੋਮੀ ਭਾਬਾ ਦੀ ਪ੍ਰਧਾਨਗੀ ਹੇਠ ਇੱਕ ਤਕਨੀਕੀ ਕਮੇਟੀ (Technical Committee) ਦਾ ਗਠਨ ਕੀਤਾ ਗਿਆ ਹੈ।
- ਜ਼ਿਲ੍ਹਾ ਹਸਪਤਾਲਾਂ ਵਿੱਚ ਕੈਂਸਰ ਕੇਅਰ ਕੀਮੋਥੈਰੇਪੀ ਪ੍ਰਦਾਨ ਕਰਨ ਲਈ ਜ਼ਿਲ੍ਹਾ ਡੇ ਕੇਅਰ ਸੈਂਟਰ (DCCCs) ਸਥਾਪਿਤ ਕੀਤੇ ਗਏ ਹਨ, ਅਤੇ ਹੋਮੀ ਭਾਬਾ ਕੈਂਸਰ ਹਸਪਤਾਲ, ਮੁੱਲਾਂਪੁਰ ਵਿਖੇ ਮੈਡੀਕਲ ਅਤੇ ਪੈਰਾਮੈਡੀਕਲ ਸਟਾਫ਼ ਨੂੰ ਸਿਖਲਾਈ ਦਿੱਤੀ ਗਈ ਹੈ।

-------

## MATTERS RAISED DURING ZERO HOUR

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਸਰ, ਇੱਕ ਥੋੜ੍ਹਾ ਜਿਹਾ ਮੇਰੇ ਵੱਲ ਧਿਆਨ ਦੇਵੋ। ਤੁਹਾਡੇ ਕੰਮ ਦੀ ਗੱਲ ਹੁੰਦੀ ਹੈ ਤਾਂ ਤੁਸੀਂ ਵੇਖਣ ਕਿਤੇ ਹੋਰ ਲੱਗ ਜਾਂਦੇ ਹੋ।

**ਮਾਣਯੋਗ ਸਪੀਕਰ**: ਆਹ, ਤੁਹਾਡੀ ਚਿੱਠੀ ਵੱਲ ਹੀ ਵੇਖਦਾ ਹਾਂ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੇਰੀ ਚਿੱਠੀ ਕਿੱਥੇ ਪੜ੍ਹਨੀ ਹੈ ਤੁਸੀਂ। (ਹਾਸਾ) ਸਪੀਕਰ ਸਾਹਿਬ, (ਹੱਥ ਵਿੱਚ The Indian Express ਅਖਬਾਰ ਫੜ ਕੇ ਦਿਖਾਉਂਦੇ ਹੋਏ) ਕੱਲ੍ਹ ਪੀ.ਐਸ.ਆਈ.ਸੀ. ਦੇ ਐਮ.ਡੀ, ਚੇਅਰਮੈਨ ਅਤੇ ਬਹੁਤ ਸਾਰੇ ਹੋਰ officials ਦੀਆਂ 11 ਲੋਕੇਸ਼ਨਜ਼ ਤੇ ਈ.ਡੀ. ਵੱਲੋਂ ਰੇਡ ਕੀਤੀ ਗਈ। ਮਹੀਨਾ ਡੇਢ ਮਹੀਨਾ ਪਹਿਲਾਂ ਸਨੀ-ਇਨਕਲੇਵ ਖਰੜ ਵਿੱਚ ਵੀ ਕੁਝ ਬੰਦੇ ਫੜੇ ਗਏ। ਪਹਿਲਾਂ ਫਿਲਮਾਂ ਵਿੱਚ ਵੇਖਦੇ ਹੁੰਦੇ ਸੀ ਕਿ ਛੇਵੀਂ, ਸੱਤਵੀਂ, ਅੱਠਵੀਂ ਮੰਜ਼ਿਲ ਤੋਂ 5-6 ਸੂਟਕੇਸ ਸੁੱਟੇ ਗਏ। ਲੱਖਾਂ ਕਰੋੜਾਂ ਲੋਕਾਂ ਦੇ ਪੈਸੇ ਹਵਾ ਵਿੱਚ ਉੱਡਦੇ ਵੇਖੇ ਹਨ। ਹਿੰਦੀ ਫਿਲਮਾਂ ਵਿੱਚ ਜਾਂ ਕਿਸੇ ਅੰਗਰੇਜ਼ੀ ਫਿਲਮਾਂ ਵਿੱਚ ਇਸ ਤਰ੍ਹਾਂ ਦਾ ਕੰਮ ਵੇਖਿਆ ਸੀ। ਸਵੇਰ ਦੇ ਟਾਈਮ ਤੋਂ ਹੀ ਸੀ.ਐਮ.ਓ. ਦਾ ਇੱਕ ਬਹੁਤ ਹੀ ਨਜ਼ਦੀਕੀ ਸਾਥੀ, ਜਿਸ ਸਬੰਧੀ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਸਰਕਾਰ ਨੂੰ run ਕਰਦਾ ਹੈ। ਉਸ ਦਾ ਨਾਂ ਆਉਂਦਾ ਰਿਹਾ ਹੈ। ਪੰਜ, ਛੇ ਵਜੇ ਤੱਕ ਉਸ ਦਾ ਨਾਂ ਸੀ। ਅਜੀਬੋ-ਗਰੀਬ ਗੱਲ ਹੋਈ, ਮੇਰਾ ਖਿਆਲ ਹੈ ਕਿ ਕੋਈ

ਤਾਰ ਵਗੈਰਾ ਕਿਤੇ ਜੋੜੀ ਗਈ ਅਤੇ ਉਸ ਦਾ ਨਾਂ ਬਚਾ ਕੇ ਆਪਣੀ ਹੀ ਸਰਕਾਰ ਦੇ ਇੱਕ ਇੰਪਾਰਟੈਂਟ ਮੰਤਰੀ ਦਾ ਈ.ਡੀ. ਵੱਲੋਂ ਸਾਢੇ ਪੰਜ ਵਜੇ ਨਾਂ ਆ ਗਿਆ। ਕੱਲ੍ਹ ਫਿਰ ਪੀ.ਐਸ.ਆਈ.ਸੀ. ਵਿੱਚ ਇੱਕ ਇੰਡਸਟਰੀਅਲ ਪਲਾਟ ਰੇਡ ਹੋਈ ਹੈ। ਕਮਰਸ਼ੀਅਲ ਪਲਾਟ ਬਣਾ ਦਿੱਤੇ ਗਏ ਹਨ। ਕਰੋੜਾਂ ਰੁਪਿਆਂ ਦਾ ਚੂਨਾ ਤੁਹਾਡੇ ਮੰਤਰੀਆਂ, ਸੰਤਰੀਆਂ ਨੇ ਲਾਇਆ ਹੈ। ਹਰ ਰੋਜ਼ ਗਮਾਡਾ ਵਿੱਚ ਕੀ ਹੋ ਰਿਹਾ ਹੈ? ਪੁੱਡਾ ਵਿੱਚ ਇੱਥੇ ਕੀ ਹੋ ਰਿਹਾ ਹੈ? ਮੋਹਾਲੀ, ਗਰੇਟਰ ਮੋਹਾਲੀ ਵਿੱਚ ਲੱਖਾਂ ਰੁਪਿਆਂ ਦੀ ਚੋਰੀ ਕੀਤੀ ਜਾ ਰਹੀ ਹੈ। ਕੀ Government ਆ ਕੇ ਇਸ ਤੇ ਕੋਈ ਸਟੇਟਮੈਂਟ ਦੇਵੇਗੀ? who is responsible, who is this man? Whole of Punjab wants to ask. ਉਹ ਬੰਦਾ ਕੌਣ ਹੈ, ਜਿਹੜਾ ਗੁਰੂ ਦੋਖੀ ਤੇ ਪੰਥ ਵਿਰੋਧੀ ਦੇ ਦਫਤਰ ਵਿੱਚ ਬੈਠਾ ਹੋਇਆ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਉਹ ਕੌਣ ਹੈ ਜੋ ਪੰਜਾਬ ਦੇ ਖਿਲਾਫ ਇੰਨਾ ਵੱਡਾ ਕੰਮ ਕਰ ਰਿਹਾ ਹੈ ਅਤੇ ਉਸ ਨੂੰ ਪ੍ਰੋਟੈਕਟ ਕੌਣ ਕਰ ਰਿਹਾ ਹੈ? Who is responsible for this?

**ਮਾਣਯੋਗ ਸਪੀਕਰ**: ਠੀਕ ਹੈ ਜੀ। ਚੇਤਨ ਸਿੰਘ ਜੋੜਾਮਾਜਰਾ ਜੀ। (ਵਿਘਨ) (ਸ਼ੋਰ) ਤੁਹਾਡੀ ਗੱਲ ਆ ਗਈ ਜੀ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ (ਸਮਾਣਾ)**: ਮਾਣਯੋਗ ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦਾ ਬਹੁਤ ਹੀ ਅਹਿਮ ਮਸਲਾ ਲੈ ਕੇ ਆਉਣਾ ਚਾਹੁੰਦਾ ਹਾਂ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ**: ਇੱਕ ਮਿੰਟ ਜੋੜਾਮਾਜਰਾ ਸਾਹਿਬ। ਆਨਰੇਬਲ ਲੀਡਰ ਆਫ ਆਪੋਜ਼ੀਸ਼ਨ ਨੂੰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਆਪਣੀ ਗੱਲ ਪੂਰੇ ਦੋ ਮਿੰਟ ਦੇ ਸਮੇਂ ਵਿੱਚ ਕਹੀ ਹੈ ਔਰ ਤੁਹਾਡੀ ਪੂਰੀ ਗੱਲ ਆ ਗਈ ਹੈ। ਜ਼ੀਰੋ ਆਵਰ ਵਿੱਚ ਤੁਸੀਂ ਸਟੇਟ ਦੇ ਮੁੱਦੇ ਚੁੱਕਣੇ ਹੁੰਦੇ ਹਨ ਅਤੇ ਇਹ ਜ਼ਰੂਰੀ ਨਹੀਂ ਹੁੰਦਾ ਕਿ ਸਰਕਾਰ ਵੱਲੋਂ ਉਸ ਦਾ ਜਵਾਬ ਆਵੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਹ ਸਟੇਟ ਦਾ ਮੁੱਦਾ ਨਹੀਂ ਹੈ? (ਸ਼ੋਰ)

**ਮਾਣਯੋਗ ਸਪੀਕਰ**: ਠੀਕ ਹੈ, ਸਟੇਟ ਦਾ ਮੁੱਦਾ ਹੈ ਜੀ। ਤੁਸੀਂ ਮੁੱਦਾ ਚੁੱਕ ਲਿਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਸ ਦਾ ਮਤਲਬ ਇਹ ਸਾਰਾ ਪੈਸਾ ਦਿੱਲੀ ਜਾ ਰਿਹਾ ਹੈ।

**ਮਾਣਯੋਗ ਸਪੀਕਰ**: ਨਹੀਂ, ਨਹੀਂ। ਮੈਂ ਇਹ ਕਹਿੰਦਾ ਹਾਂ ਕਿ ਤੁਸੀਂ ਆਪਣਾ ਮੁੱਦਾ ਚੁੱਕ ਲਿਆ ਹੈ। ਤੁਹਾਡੀ ਗੱਲ ਆ ਗਈ ਹੈ। (ਵਿਘਨ) ਜ਼ੀਰੋ ਆਵਰ ਵਿੱਚ as per Rules ਕੋਈ ਜਵਾਬ ਨਹੀਂ ਹੁੰਦਾ ਹੈ। (ਵਿਘਨ) ਹਾਂ ਜੀ, ਜੋੜਾਮਾਜਰਾ ਸਾਹਿਬ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ**: ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਮੈਂ ਆਪਣੇ ਹਲਕੇ ਸਮਾਣੇ ਦੇ ਪਿੰਡ ਦੁੱਧੜ ਦੀ ਗੱਲ ਕਰਨਾ ਚਾਹੁੰਦਾ ਹਾਂ ਜਿੱਥੇ ਨਗਰ ਨਿਗਮ ਪਟਿਆਲਾ ਨੇ ਪਿਛਲੇ ਲੰਬੇ ਸਮੇਂ ਤੋਂ ਸਾਲਿਡ ਵੇਸਟ ਮੈਨੇਜਮੈਂਟ ਪਲਾਂਟ ਲਗਾਉਣ ਲਈ ਜ਼ਮੀਨ ਲਈ ਹੋਈ ਹੈ। ਪਿਛਲੇ ਸਾਢੇ ਚਾਰ

ਸਾਲ ਤੋਂ ਉਸ ਜ਼ਮੀਨ ਦਾ ਠੇਕਾ ਨਹੀਂ ਦਿੱਤਾ ਗਿਆ ਜੋ ਕਿ ਕਰੋੜ ਰੁਪਏ ਦੇ ਕਰੀਬ ਬਣਦਾ ਹੈ। ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਾਲਿਡ ਵੇਸਟ ਮੈਨੇਜਮੈਂਟ ਪਲਾਂਟ ਲਗਾਉਣਾ ਚਾਹੁੰਦੇ ਹਨ, ਇਸ ਨਾਲ ਦੁੱਧੜ, ਡਕਾਲਾ, ਮੈਨ, ਜਲਾਲ ਖੇੜਾ, ਕੱਲਰ ਭੈਣੀ ਅਤੇ ਹੋਰ ਵੀ ਬਹੁਤ ਸਾਰੇ ਪਿੰਡਾਂ ਨੂੰ ਨੁਕਸਾਨ ਹੋਣਾ ਹੈ ਕਿਉਂਕਿ ਇਸ ਦੇ ਲੱਗਣ ਨਾਲ ਲੋਕਾਂ ਨੂੰ ਬਹੁਤ ਸਾਰੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਵੇਗਾ। ਉੱਥੇ ਪਹਿਲਾਂ ਹੀ ਦਾਰੂ ਦੀ ਫੈਕਟਰੀ ਲੱਗੀ ਹੋਈ ਸੀ,ਉਸ ਦਾ ਗੰਦਾ ਪਾਣੀ ਹੋਣ ਕਾਰਨ ਲੋਕਾਂ ਨੂੰ ਪਹਿਲਾਂ ਹੀ ਬਹੁਤ ਸਾਰੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਹੀ ਇਹ ਪਲਾਂਟ ਲਗਾਉਣ ਤੋਂ ਪਹਿਲਾਂ ਉੱਥੋਂ ਦੇ ਲੋਕਾਂ ਨਾਲ ਵੀ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ। ਇਸ ਨਾਲ ਮੇਰੇ ਹਲਕੇ ਦੇ ਲੋਕਾਂ ਵਿੱਚ ਬਹੁਤ ਸਾਰਾ ਰੋਸ ਪਾਇਆ ਜਾ ਰਿਹਾ।

**1105/Pawan sharma**

ਕਿਉਂਕਿ ਇਹ ਇਲਾਕਾ ਪਹਿਲਾਂ ਹੀ, ਜਿਹੜੀ ਨਦੀ ਵਿੱਚ ਗੰਦੇ ਪਾਣੀ ਦੇ ਪ੍ਰਦੂਸ਼ਣ ਨਾਲ, ਪੇਪਰ ਮਿੱਲ, ਸ਼ਰਾਬ ਫੈਕਟਰੀ, ਅਨਾਜ ਅਤੇ ਗੁਦਾਮਾਂ ਤੇ ਜਿਹੜੇ ਪੋਲਟਰੀ ਫਾਰਮ ਲੱਗੇ ਹੋਏ ਹਨ, ਉਨ੍ਹਾਂ ਕਰਕੇ ਹੋਣ ਵਾਲੇ ਪ੍ਰਦੂਸ਼ਣ ਨਾਲ, ਜੂਝ ਰਿਹਾ ਹੈ। ਸੋ, ਮੇਰੀ ਬੇਨਤੀ ਹੈ ਕਿ ਇਹ ਪ੍ਰਾਜੈਕਟ ਨੂੰ, ਉੱਥੇ ਨਾ ਲੱਗਾ ਕੇ ਹੋਰ ਕਿਤੇ ਢੁਕਵੀਂ ਥਾਂ ਤੇ ਲਗਾਇਆ ਜਾਵੇ ਕਿਉਂਕਿ ਜਿੱਥੋਂ ਤੱਕ ਮੈਨੂੰ ਅਤੇ ਮੇਰੇ ਹਲਕੇ ਦੇ ਲੋਕਾਂ ਨੂੰ ਪਤਾ ਲੱਗਿਆ ਹੈ, ਉੱਥੇ ਇਕੱਲੇ ਪਟਿਆਲੇ ਦਾ ਹੀ ਨਹੀਂ, ਨੇੜੇ-ਤੇੜੇ ਤਿੰਨ ਚਾਰ ਜ਼ਿਲ੍ਹਿਆਂ ਦਾ wastage ਹੈ ਜਾਂ garbage ਹੈ, ਉਹ ਉੱਥੇ ਲਿਆ ਕੇ ਡੰਪ ਕੀਤਾ ਜਾਣਾ ਹੈ ਕਿਉਂਕਿ ਉੱਥੇ ਜਿਹੜਾ ਦੁੱਧੜ ਵਿਖੇ ਗਰਾਊਂਡ ਹੈ, ਉੱਥੇ ਨੌਜਵਾਨ ਬੱਚੇ ਖੇਡਦੇ ਹਨ, ਉਨ੍ਹਾਂ ਨੂੰ ਵੀ ਨੁਕਸਾਨ ਹੋਵੇਗਾ। ਸੋ, ਮੇਰੀ ਬੇਨਤੀ ਹੈ ਕਿ ਐਨ.ਜੀ.ਟੀ. ਦੀ ਗਾਈਡ ਲਾਈਨਜ਼ ਮੁਤਾਬਕ ਉੱਥੋਂ ਦੇ ਲੋਕਾਂ ਨੂੰ ਵੀ ਚੰਗਾ ਪਾਣੀ, ਚੰਗੀ ਹਵਾ ਮਿਲਣੀ ਚਾਹੀਦੀ ਹੈ, ਇਸ ਲਈ ਉੱਥੇ ਪਲਾਂਟ ਨਾ ਲਗਾਇਆ ਜਾਵੇ।

**ਮਾਣਯੋਗ ਸਪੀਕਰ** : ਧੰਨਵਾਦ, ਧੰਨਵਾਦ। ਹਾਂ ਜੀ ਦਿਆਲਪੁਰਾ ਜੀ।

**ਸਰਦਾਰ ਜਗਤਾਰ ਸਿੰਘ ਦਿਆਲਪੁਰਾ (ਸਮਰਾਲਾ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਮੈਂ ਤੁਹਾਡੇ ਮਾਧਿਅਮ ਰਾਹੀਂ ਮੇਰੇ ਇੱਕ ਹਲਕੇ ਦੀ ਗੱਲ ਕਹਿ ਲਵੋ ਜਾਂ ਜਿਹੜਾ ਸਤਲੁਜ ਦਰਿਆ ਉੱਤੇ ਪੁੱਲ ਹੈ, ਜੋ ਮਾਲਵੇ ਨੂੰ ਦੁਆਬੇ ਨਾਲ ਜੋੜਦਾ ਹੈ, ਉਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਲਗਭਗ ਇੱਕ ਸਾਲ ਹੋ ਗਿਆ ਹੈ, ਉਸ ਦਾ ਕੁਝ ਹਿੱਸਾ ਤਾਂ ਖਸਤਾ ਹਾਲਤ ਵਿੱਚ ਹੈ ਤੇ ਪਿਛਲੇ ਇੱਕ ਸਾਲ ਤੋਂ ਕੋਈ ਵੀ ਹੈਵੀ ਵਹੀਕਲ ਉਸ ਤੋਂ ਨਹੀਂ ਲੰਘ ਰਿਹਾ ਹੈ। ਇਹ ਮਾਮਲਾ ਵਾਰ ਵਾਰ ਡੀ.ਸੀ. ਸਾਹਿਬ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਹੈ। ਮੈਂ ਇਹੀ ਚਾਹੁੰਦਾ ਹਾਂ ਕਿ ਉਹ ਪੁਲ ਕਿੰਨੀ ਛੇਤੀ ਰਿਪੇਅਰ ਹੋਵੇਗਾ। ਕਾਰਨ ਇਹ ਹੈ ਕਿ ਹੁਣ ਜਿੰਨੀਆਂ ਵੀ ਗੱਡੀਆਂ ਹਨ, ਉਹ ਲਾਡੋਵਾਲ ਪੁਲ ਨੂੰ ਘੁੰਮ ਕੇ ਜਾਂਦੀਆਂ ਹਨ। ਇੱਕ ਤਾਂ ਉੱਥੇ ਟੋਲ ਪਲਾਜ਼ਾ ਬਹੁਤ ਮਹਿੰਗਾ ਹੈ ਅਤੇ ਦੂਜੀ ਗੱਲ ਇਹ ਹੈ ਕਿ ਡੀਜ਼ਲ ਦੀ ਖਪਤ ਵੱਧ ਹੁੰਦੀ ਹੈ ਕਿਉਂਕਿ ਇਸ ਪੁਲ ਦੇ ਥਰੂ ਜਿੰਨੀ ਵੀ ਆਵਾਜਾਈ ਜੰਮੂ ਕਸ਼ਮੀਰ ਨੂੰ ਜਾਂਦੀ ਹੈ, ਸਾਰੀ ਪੁਲ ਨੂੰ ਹੋ ਕੇ ਜਾਂਦੀ

ਹੈ। ਇਹ ਇੱਕ ਵੱਡੀ ਪ੍ਰਾਬਲਮ ਹੈ, ਜਿਹੜੀ ਕਿ ਲਗਭਗ ਇੱਕ ਸਾਲ ਤੋਂ ਚੱਲ ਰਹੀ ਹੈ। ਮੈਨੂੰ ਇਹ ਹੀ ਹੈ ਕਿ ਸਬੰਧਿਤ ਮੰਤਰੀ ਸਾਹਿਬ ਵੱਲੋਂ ਇਹ ਦੱਸਿਆ ਜਾਵੇ ਕਿ ਇਸ ਪੁਲ ਨੂੰ ਰਿਪੇਅਰ ਕਰਨ ਵਾਸਤੇ ਕਿੰਨਾ ਟਾਈਮ ਲੱਗੇਗਾ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਧਾਲੀਵਾਲ ਸਾਹਿਬ। ਸਰਦਾਰ ਕੁਲਦੀਪ ਸਿੰਘ ਧਾਲੀਵਾਲ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ)**: ਮਾਣਯੋਗ ਸਪੀਕਰ ਸਾਹਿਬ, ਮੇਰੇ ਆਪਣੇ ਹਲਕੇ ਅਜਨਾਲਾ ਵਿੱਚ ਇੱਕ ਕਸਬਾ ਰਮਦਾਸ ਹੈ। ਉਹ ਬਾਬਾ ਬੁੱਢਾ ਸਾਹਿਬ ਜੀ ਦੀ ਪਵਿੱਤਰ ਧਰਤੀ ਹੈ। ਉਸ ਸ਼ਹਿਰ ਦਾ ਹੁਣ ਤੱਕ ਕੋਈ ਵਿਕਾਸ ਨਹੀਂ ਹੋ ਸਕਿਆ ਜਦੋਂ ਕਿ ਬਾਬਾ ਬੁੱਢਾ ਸਾਹਿਬ ਜੀ ਦਾ ਸਾਡੇ ਸਿੱਖ ਧਰਮ ਵਿੱਚ ਬਹੁਤ ਵੱਡਾ ਅਸਥਾਨ ਹੈ। ਮੈਂ ਤੁਹਾਡੇ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਕੋਲ ਮੰਗ ਕਰਦਾ ਹਾਂ, ਮੰਤਰੀ ਸਾਹਿਬ ਵੀ ਬੈਠੇ ਹਨ ਕਿ ਜਿਹੜਾ ਸਾਡਾ ਕਸਬਾ ਰਮਦਾਸ ਹੈ, ਸ਼ਹਿਰ ਹੈ, ਉਸ ਦੀ ਇੱਕ ਸਟ੍ਰੀਟ ਹੈ, ਮੈਂ ਇਨ੍ਹਾਂ ਤੋਂ ਮੰਗ ਕਰਾਂਗਾ ਕਿ ਜਿਹੜਾ ਰਮਦਾਸ ਦਾ ਬੱਸ ਸਟੈਂਡ ਹੈ ਤੇ ਗੁਰਦੁਆਰਾ ਸਾਹਿਬ ਤਪ ਸਥਾਨ ਹੈ ਜਿੱਥੇ ਬਾਬਾ ਬੁੱਢਾ ਸਾਹਿਬ ਤਪ ਕਰਦੇ ਸਨ, ਉਸ ਸੜਕ ਨੂੰ ਹੈਰੀਟੇਜ ਸਟ੍ਰੀਟ ਐਲਾਨਿਆ ਜਾਵੇ। ਇਸ ਦੇ ਨਾਲ ਹੀ ਇਸ ਸ਼ਹਿਰ ਦਾ, ਧਰਮ ਦੇ ਤੌਰ ਤੇ, ਇਤਿਹਾਸਕ ਤੌਰ ਤੇ ਦੇਖਦੇ ਹੋਏ, ਮਤਲਬ ਸ੍ਰੀ ਕਰਤਾਰਪੁਰ ਸਾਹਿਬ ਸਾਡੇ ਨਾਲ ਹੈ, ਡੇਰਾ ਬਾਬਾ ਨਾਨਕ ਸਾਡੇ ਨਾਲ ਹੈ ਤੇ ਵਿਆਪਕ ਤੌਰ ਤੇ ਇਸ ਦੇ ਸੁੰਦਰੀਕਰਨ ਵਾਸਤੇ ਸਾਨੂੰ ਗ੍ਰਾਂਟ ਦਿੱਤੀ ਜਾਵੇ ਕਿਉਂਕਿ ਇਹ ਬਹੁਤ ਪਛੜਿਆ ਹੋਇਆ ਹੈ। ਸਰ, ਇਹ ਸਾਡੀ ਸਬ ਤਹਿਸੀਲ ਹੈ, ਮੇਰੀ ਮੁੱਖ ਮੰਤਰੀ ਸਾਹਿਬ ਕੋਲ ਮੰਗ ਹੈ ਕਿ ਇਹ ਬਾਰਡਰ ਦਾ ਏਰੀਆ ਹੈ ਅਤੇ ਬਿਲਕੁਲ ਬਾਰਡਰ ਤੇ ਹੈ, ਇਸ ਲਈ ਇਸ ਨੂੰ ਬਾਬਾ ਬੁੱਢਾ ਸਾਹਿਬ ਜੀ ਦੇ ਨਾਂਅ ਉੱਤੇ ਤਹਿਸੀਲ ਦਾ ਦਰਜਾ ਦਿੱਤਾ ਜਾਵੇ। ਸਰ, ਇੱਕ ਉੱਥੇ ਹਾਈ ਸਕੂਲ ਹੈ, ਪਹਿਲਾਂ ਉਸ ਦਾ ਨਾਂਅ ਬਾਬਾ ਬੁੱਢਾ ਸਾਹਿਬ ਜੀ ਦੇ ਨਾਂਅ ਉੱਤੇ ਸੀ ਪਰ ਹੁਣ ਉਹ ਨਾਂਅ ਹਟਾ ਦਿੱਤਾ ਹੈ। ਮੇਰੀ ਬੇਨਤੀ ਹੈ, ਸਿੱਖਿਆ ਮੰਤਰੀ ਸਾਹਿਬ ਬੈਠੇ ਹਨ ਕਿ ਉਸ ਸਕੂਲ ਦਾ ਨਾਂਅ ਬਾਬਾ ਬੁੱਢਾ ਸਾਹਿਬ ਜੀ ਦੇ ਨਾਂਅ ਤੇ ਰੱਖਿਆ ਜਾਵੇ। ਇਹ ਬਹੁਤ ਵੱਡਾ ਮੇਰੇ ਹਲਕੇ ਦਾ ਮਸਲਾ ਹੈ।

**ਮਾਣਯੋਗ ਸਪੀਕਰ**: ਧੰਨਵਾਦ, ਧੰਨਵਾਦ ਜੀ। ਬੀਬਾ ਗਨੀਵ ਜੀ। ਬਹੁਤ ਦੇਰ ਬਾਅਦ ਇਨ੍ਹਾਂ ਨੇ ਟਾਈਮ ਮੰਗਿਆ ਹੈ, ਜੀ।

**ਸ੍ਰੀਮਤੀ ਗਨੀਵ ਕੌਰ ਮਜੀਠੀਆ (ਮਜੀਠਾ)**: ਸ਼ੁਕਰ ਹੈ ਜੀ। ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਮੈਂ ਹੋਪ ਕਰਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਉਗੇ।

**ਮਾਣਯੋਗ ਸਪੀਕਰ**: ਦੋ ਮਿੰਟ ਤੋਂ ਜ਼ਿਆਦਾ ਨਹੀਂ ਕਿਉਂਕਿ ਸਾਰਿਆਂ ਨੇ ਬੋਲਣਾ ਹੈ।

**ਸ੍ਰੀਮਤੀ ਗਨੀਵ ਕੌਰ ਮਜੀਠੀਆ**: ** **[**]

---

[**] Expunged as ordered by the Chair.

**ਮਾਣਯੋਗ ਸਪੀਕਰ**: ਇਹ ਮੇਰਾ ਕਹਿਣਾ ਨਹੀਂ ਹੈ, ਇਹ ਪੰਥ ਦਾ ਕਹਿਣਾ ਹੈ, ਗੁਰੂ ਸਾਹਿਬ ਦਾ ਕਹਿਣਾ ਹੈ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ**: ** **

**ਮਾਣਯੋਗ ਸਪੀਕਰ**: ਵਾਹਿਗੁਰੂ ਜੀ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ**: ** **

**ਮਾਣਯੋਗ ਸਪੀਕਰ**: ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਜੀ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ**: ** **

**1110/Beant kaur**

**ਮਾਣਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ, ਬੈਠੋ ਪਲੀਜ਼। ਹੋ ਗਿਆ ਜੀ। ਬੀਬਾ ਜੀ, ਮੈਂ ਬੇਨਤੀ ਕਰਦਾ ਹਾਂ ਕਿ ਆਪਣੀਆਂ ਪੰਥਕ ਰਹੁ-ਰੀਤਾਂ ਬਾਰੇ ਜਾਣਕਾਰੀ ਨੂੰ ਹੋਰ ਠੀਕ ਕਰ ਲਓ। ਤੁਹਾਡਾ ਬਹੁਤ ਧੰਨਵਾਦ। Thank you.(Interruption) ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੈਲੰਜ ਕਰਨ ਦੀ ਕਿਸੇ ਦੀ ਹਿੰਮਤ ਨਹੀਂ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸ਼ਾਨ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਮਹਾਨ ਹੈ। ਤੁਸੀਂ ਪੰਥਕ ਰਹੁ-ਰੀਤਾਂ ਬਾਰੇ, ਹਿਸਟਰੀ ਬਾਰੇ ਚੈੱਕ ਕਰ ਲਓ ਅਤੇ ਆਪਣੇ ਗਿਆਨ ਨੂੰ ਥੋੜ੍ਹਾ ਹੋਰ ਠੀਕ ਕਰ ਲਓ। ਮੈਂ ਮਾਫ਼ੀ ਮੰਗਦਾ ਹਾਂ, ਮੈਂ ਇਨ੍ਹਾਂ ਸਾਰਿਆਂ (ਸਦਨ ਦੇ ਐਮ.ਐਲ.ਏਜ਼. ਵੱਲ ਇਸ਼ਾਰਾ) ਨੂੰ ਗੁਰੂ ਦੇ ਸੇਵਕ ਸਮਝਦਾ ਹਾਂ। ਗੁਰੂ ਨਾਨਕ ਨਾਮ ਲੇਵਾ ਸਮਝਦਾ ਹਾਂ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਸਪੀਕਰ ਸਾਹਿਬ, ਮੈਂ ਆਪਣੀ ਛੋਟੀ ਭੈਣ ਨੂੰ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕਿਸ ਨੇ ਚੈਲੰਜ ਕੀਤਾ ਹੈ? ਤੁਹਾਡੇ ਰਿਸ਼ਤੇਦਾਰਾਂ ਨੇ, ਬਾਦਲ ਪਰਿਵਾਰ ਨੇ ਕੀਤਾ ਹੈ। ਜਦੋਂ ਵੀ ਚੈਲੰਜ ਕੀਤਾ ਹੈ, ਤੁਹਾਡੇ ਰਿਸ਼ਤੇਦਾਰਾਂ ਨੇ ਕੀਤਾ ਹੈ।(ਵਿਘਨ, ਸ਼ੋਰ)

**ਮਾਣਯੋਗ ਸਪੀਕਰ** : ਬੈਠੋ ਜੀ। ਹਾਂ ਜੀ, ਮਨਵਿੰਦਰ ਸਿੰਘ ਗਿਆਸਪੁਰਾ ਜੀ।

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਮੈਂਬਰ ਸ਼੍ਰੋਮਣੀ ਅਕਾਲੀ ਦਲ ਸਮੇਤ ਸਰਦਾਰ ਮਨਪ੍ਰੀਤ ਸਿੰਘ ਇਆਲੀ ਆਪਣੀਆਂ ਸੀਟਾਂ ਤੇ ਖੜ੍ਹੇ ਉੱਚੀ ਉੱਚੀ ਬੋਲ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਮਾਣਯੋਗ ਸਪੀਕਰ ਸਾਹਿਬ, ਸਾਡੀ ਭੈਣ ਨੇ ਪਿਛਲੇ ਦਿਨੀਂ ਸਾਡੇ ਸਤਿਕਾਰਯੋਗ ਜਥੇਦਾਰ ਜੀ ਦਾ ਬਿਆਨ ਨਹੀਂ ਸੁਣਿਆ, ਨਾ ਅਮਲ ਕੀਤਾ ਅਤੇ ਨਾ ਹੀ ਪੜ੍ਹਿਆ ਹੈ। ਪਹਿਲੀ ਗੱਲ ਇਹ ਕਹਿ ਰਹੇ ਸੀ ਕਿ ਇਹ ਸੰਗਤ ਨਹੀਂ ਹੁੰਦੀ। ਮੈਂ ਗੁਰਬਾਣੀ ਵਿਚੋਂ ਦੱਸਣਾ ਚਾਹੁੰਦਾ ਹਾਂ, ਗੁਰਬਾਣੀ ਵਿੱਚ ਫੁਰਮਾਨ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ -

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ

ਭਾਵ ਸੰਗਤ ਵਿੱਚ ਰੱਬ ਵਸਦਾ ਹੈ। ਦੂਜਾ, ਜਥੇਦਾਰ ਸਾਹਿਬ ਨੇ ਗੱਲ ਕੀਤੀ ਸੀ ਕਿ ਵਿਧਾਨ ਸਭਾ ਵਿੱਚ ਇਸ ਕਾਨੂੰਨ ਉੱਤੇ ਕੋਈ ਚਰਚਾ ਨਹੀਂ ਹੋਣੀ ਚਾਹੀਦੀ। ਕੀ ਭੈਣ ਦੱਸ ਸਕਦੀ ਹੈ ਕਿ ਉਹ ਜਥੇਦਾਰ ਸਾਹਿਬ ਤੋਂ ਉੱਚੀ ਹੋ ਗਈ?

**ਮਾਣਯੋਗ ਸਪੀਕਰ** : ਠੀਕ ਹੈ ਜੀ। Thank you. ਸਰਦਾਰ ਪਰਗਟ ਸਿੰਘ। (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਰ, ਪਰਗਟ ਸਿੰਘ ਨਾਲ ਮੈਂ ਵੀ ਖੜ੍ਹਾ ਹਾਂ।

**ਮਾਣਯੋਗ ਸਪੀਕਰ** : ਹਾਂ ਜੀ, ਪਰਗਟ ਜੀ। ਬੋਲੋ। (ਵਿਘਨ)

(ਇਸ ਸਮੇਂ ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਮੈਂਬਰ ਸ਼੍ਰੋਮਣੀ ਅਕਾਲੀ ਦਲ ਆਪਣੀ ਸੀਟ ਤੇ ਖੜ੍ਹੇ ਬਿਨਾ ਮਾਈਕ ਤੋਂ ਉੱਚੀ ਉੱਚੀ ਬੋਲ ਰਹੇ ਸਨ।)

**ਮਾਣਯੋਗ ਸਪੀਕਰ** : ਠੀਕ ਹੈ ਜੀ। ਹੋ ਗਿਆ। ਧਿਆਨ ਦਿਵਾਊ ਨੋਟਿਸ। (ਵਿਘਨ)

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ ਅਤੇ ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਮੈਂਬਰ ਸ਼੍ਰੋਮਣੀ ਅਕਾਲੀ ਦਲ ਵੀ ਆਪਣੀ ਸੀਟ ਤੇ ਖੜ੍ਹੇ ਉੱਚੀ ਉੱਚੀ ਬੋਲ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**1110/Beant kaur/BS khokhar**

**1115/Karamjit kaur**

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਰਦਾਰ ਪਰਗਟ ਸਿੰਘ ਨੂੰ ਜ਼ੀਰੋ ਆਵਰ ਵਿੱਚ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ ਅਤੇ ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਮੈਂਬਰ ਸ਼੍ਰੋਮਣੀ ਅਕਾਲੀ ਦਲ ਆਪਣੀ ਸੀਟ ਤੇ ਖੜ੍ਹੇ ਬਹਿਸ ਕਰ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਹੋਣ ਕਾਰਨ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ:** ਜ਼ੀਰੋ ਆਵਰ ਹੋ ਗਿਆ ਹੈ ਜੀ। ਹੋ ਗਿਆ ਜੀ। ਬੱਸ, ਤੁਹਾਡੀ ਗੱਲ ਹੋ ਗਈ ਜੀ। ਅਗਲੀ ਆਈਟਮ। ਹਾਂ ਜੀ, ਸਰਦਾਰ ਬਲਕਾਰ ਸਿੰਘ ਸਿੱਧੂ ਜੀ। (ਵਿਘਨ, ਸ਼ੋਰ)

---

## CALLING ATTENTION NOTICE UNDER RULE 66

### (ਕ੍ਰਮ ਨੰ: 21)

**ਸ੍ਰੀ ਬਲਕਾਰ ਸਿੰਘ ਸਿੱਧੂ** : ਸਪੀਕਰ ਸਾਹਿਬ, ਧੰਨਵਾਦ ਜੀ। ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਲਹਿਰ ਥਰਮਲ ਪਲਾਂਟ ਤੋਂ ਭਾਈਰੂਪਾ ਨੂੰ ਚਲਦੀ 66 k.v. ਲਾਈਨ ਪਿਛਲੇ 5-6 ਸਾਲਾਂ ਤੋਂ ਓਵਰ ਲੋਡ ਹੈ, ਜਿਸ ਲਈ ਮਹਿਕਮੇ ਵੱਲੋਂ ਇੱਕ ਹੋਰ ਲਾਈਨ ਪਾ

ਦਿੱਤੀ ਗਈ ਹੈ, ਪਰੰਤੂ ਕਿਸੇ ਟੈਕਨੀਕਲ ਮੁਸ਼ਕਿਲ ਕਾਰਨ ਚਾਲੂ ਨਹੀਂ ਹੋ ਸਕੀ, ਜਿਸ ਨਾਲ ਮੇਰੇ ਇਲਾਕੇ ਦੇ ਤਿੰਨ ਗਰਿੱਡ ਓਵਰ ਲੋਡ ਚੱਲ ਰਹੇ ਹਨ ਅਤੇ ਮੋਟਰਾਂ ਵਾਲੀ ਬਿਜਲੀ 6 ਘੰਟੇ ਮਿਲ ਰਹੀ ਹੈ ਜੀ। ਜਿਸ ਕਾਰਨ ਸਥਾਨਕ ਕਿਸਾਨਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਾਨਕ ਲੋਕਾਂ ਵਿੱਚ ਇਸ ਮੁਸ਼ਕਿਲ ਕਾਰਨ ਭਾਰੀ ਪ੍ਰੇਸਾਨੀ ਪਾਈ ਜਾ ਰਹੀ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਸਮੱਸਿਆ ਦਾ ਹੱਲ ਤੁਰੰਤ ਪ੍ਰਭਾਵੀ ਤਰੀਕੇ ਨਾਲ ਕੀਤਾ ਜਾਵੇ ਜੀ।

ਮਾਮਲੇ ਦੀ ਅਤਿਅੰਤ ਗੰਭੀਰਤਾ ਨੂੰ ਵੇਖਦੇ ਹੋਏ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਕਿਰਪਾਲਤਾ ਕਰਨ ਜੀ। (ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਰਦਾਰ ਪਰਗਟ ਸਿੰਘ ਨੂੰ ਜ਼ੀਰੋ ਆਵਰ ਦੌਰਾਨ ਬੋਲਣ ਲਈ ਸਮਾਂ ਨਾ ਦੇਣ ਕਾਰਨ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਇਨ੍ਹਾਂ ਦੇ ਨਾਲ ਹੀ ਸ੍ਰੀਮਤੀ ਗਨੀਵ ਕੌਰ ਮਜੀਠੀਆ ਅਤੇ ਸਰਦਾਰ ਮਨਪ੍ਰੀਤ ਸਿੰਘ ਇਆਲੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਵੀ ਵੈਲ ਆਫ ਦਿ ਹਾਊਸ ਵਿੱਚ ਆ ਗਏ। ਸਾਰਿਆਂ ਵੱਲੋਂ ** ਨਾਅਰੇ ਲਗਾਏ ਗਏ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਹੋਣ ਕਾਰਨ ਕੁੱਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ:** ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਮੰਤਰੀ ਜੀ ਜਵਾਬ ਦਿਓ। (ਵਿਘਨ)(ਸ਼ੋਰ)

**ਊਰਜਾ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ):** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ (ਵਿਘਨ)(ਸ਼ੋਰ)

**ਮਾਣਯੋਗ ਸਪੀਕਰ:** ਜਿਨ੍ਹਾਂ ਨੇ ਖੁਸਰੇ ਦੀ ਅੱਡੀ ਵਰਗੀਆਂ ਦਾੜ੍ਹੀਆਂ ਕੀਤੀਆਂ, ਉਹ ਵੀ ਸਾਨੂੰ ਕਹਿ ਰਹੇ ਅਕਾਲ ਤਖ਼ਤ ਦੇ ਭਗੌੜੇ ਮੁਰਦਾਬਾਦ। ਕਮਾਲ ਹੈ? ਮੈਂ ਤਾਂ ਕਮਾਲ ਹੀ ਮੰਨ ਗਿਆ ਹਾਂ। ਮੁਆਫ਼ ਕਰੋ ਜੀ (ਹੱਥ ਜੋੜਦੇ ਹੋਏ) ਚੱਲੋ। (ਵਿਘਨ)(ਸ਼ੋਰ)

**ਊਰਜਾ ਮੰਤਰੀ:** ਸ਼੍ਰੀਮਾਨ ਜੀ, ਸਬ ਸਟੇਸ਼ਨਾਂ ਦੀ ਸਪਲਾਈ **220** ਕੇ.ਵੀ. ਸਬ ਸਟੇਸ਼ਨ ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਤੋਂ ਚੱਲ ਰਹੀ ਹੈ। ਇਸ ਲਾਈਨ ਨੂੰ ਡੀ-ਲੋਡ ਕਰਨ ਲਈ 220 ਕੇ.ਵੀ. ਸਬ ਸਟੇਸ਼ਨ ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਤੋਂ ਇੱਕ ਨਵੀਂ 66 ਕੇ.ਵੀ.ਏ. ਲਾਈਨ ਫੂਲ ਸਬ ਸਟੇਸ਼ਨ ਲਈ ਵੱਖਰੇ ਤੌਰ ਤੇ ਬਣਾਈ ਜਾਣੀ ਹੈ। ਜਿਸ ਦੀ ਕੁੱਲ ਲੰਬਾਈ 13.2 ਸਰਕਟ ਕਿਲੋਮੀਟਰ ਹੈ। ਹੁਣ ਤੱਕ ਇਸ ਲਾਈ ਦੇ 11.08 ਸਰਕਟ ਕਿਲਮੀਟਰ ਦਾ ਕੰਮ ਪੂਰਾ ਹੋ ਚੁੱਕਾ ਹੈ। ਬਾਕੀ ਰਹਿੰਦੀ ਲਾਈਨ ਨੂੰ ਪੂਰਾ ਕਰਨ ਲਈ 8 ਟਾਵਰਾਂ ਨੂੰ ਬਦਲਣ ਅਤੇ ਇਸ ਲਾਈਨ ਨੂੰ ਕਰਾਸ ਕਰਦੀਆਂ ਚਾਰ 220 ਕੇ.ਵੀ.ਏ. ਲਾਈਨਾਂ ਜਿਵੇਂ ਕਿ ਗੁਰੂ ਹਰਗੋਬਿੰਦ ਥਰਮਲ ਪਲਾਂਟ, ਜੀ.ਐਚ.ਟੀ.ਬੀ. ਤੋਂ ਮਾਨਸਾ ਤੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਜੀ.ਐਚ.ਟੀ.ਬੀ. ਤੋਂ

ਬਾਜਾਖਾਨਾ, ਗੁਰੂ ਹਰਗੋਬਿੰਦ ਥਰਮਲ ਪਲਾਂਟ ਤੋਂ ਗੁਰੂ ਨਾਨਕ ਦੇਵ ਥਰਮਲ ਪਲਾਂਟ ਬੀ.ਬੀ.ਐੱਮ.ਬੀ., ਅਤੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਤੋਂ ਗੁਰੂ ਨਾਨਕ ਦੇਵ ਥਰਮਲ ਪਲਾਂਟ (ਜੀ.ਐੱਨ.ਡੀ.ਟੀ.ਬੀ.), ਬਠਿੰਡਾ ਦੀ ਢੁੱਕਵੀਂ ਲਾਈਨ ਕਲੀਅਰੈਂਸ ਬਣਾਈ ਰੱਖਣ ਲਈ 220 ਕੇ.ਵੀ. ਲਾਈਨਾਂ ਦੀ ਉਚਾਈ ਵਧਾਉਣ ਦੀ ਲੋੜ ਹੈ ਅਤੇ ਇਹ ਕੰਮ ਮਿਤੀ 31.1.2027 ਤੱਕ ਸੰਭਾਵਿਤ ਤੌਰ ਤੇ ਪੂਰਾ ਕਰ ਲਿਆ ਜਾਵੇਗਾ। (ਵਿਘਨ)(ਸ਼ੋਰ)

**(**ਇਸ ਸਮੇਂ ਵੀ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਰਦਾਰ ਪਰਗਟ ਸਿੰਘ ਨੂੰ ਜ਼ੀਰੋ ਆਵਰ ਦੌਰਾਨ ਬੋਲਣ ਲਈ ਸਮਾਂ ਨਾ ਦੇਣ ਕਾਰਨ ਵੈੱਲ ਆਫ ਦਿ ਹਾਊਸ ਵਿੱਚ ਸਨ। ਇਨ੍ਹਾਂ ਦੇ ਨਾਲ ਹੀ ਸ਼੍ਰੀਮਤੀ ਗਨੀਵ ਕੌਰ ਮਜੀਠੀਆ ਅਤੇ ਸਰਦਾਰ ਮਨਪ੍ਰੀਤ ਸਿੰਘ ਇਆਲੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਵੀ ਵੈਲ ਆਫਿ ਦਿ ਹਾਊਸ ਵਿੱਚ ਸਨ। ਸਾਰਿਆਂ ਵੱਲੋਂ ** ਨਾਅਰੇ ਲਗਾਏ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਹੋਣ ਕਾਰਨ ਕੁੱਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ:** (ਵਿਘਨ)(ਸ਼ੋਰ**)** ਨਾਅਰੇ ਰਿਕਾਰਡ ਨਾ ਕੀਤੇ ਜਾਣ। ਸਿੱਧੂ ਸਾਹਿਬ, ਕੋਈ ਸਪਲੀਮੈਂਟਰੀ ਹੈ?

**ਸ਼੍ਰੀ ਬਲਕਾਰ ਸਿੰਘ ਸਿੱਧੂ**: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ:** ਹਾਂ ਜੀ, ਚੀਮਾ ਜੀ। (ਵਿਘਨ)(ਸ਼ੋਰ)

**----**

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਸਪੀਕਰ ਸਾਹਿਬ, ਕਾਂਗਰਸ ਪਾਰਟੀ ਅੱਜ ਉਸ ਮੁੱਦੇ ਤੇ ਗੱਲ ਕਰ ਰਹੀ ਹੈ, ਸਾਨੂੰ ਸਭ ਨੂੰ ਪਤਾ ਹੈ ਕਿ ਇਸ ਪਾਰਟੀ ਨੇ ਸਤਿਕਾਰਯੋਗ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕਿਵੇਂ ਢਾਹਿਆ? ਸਾਡੇ ਪਵਿੱਤਰ ਅਸਥਾਨ ਨੂੰ ਜਿੱਥੇ ਢਾਹਿਆ ਗਿਆ, ਉੱਥੇ ਦੂਸਰਾ ਲੱਖਾਂ ਹੀ ਨੌਜਵਾਨਾਂ ਦੇ ਕਾਂਗਰਸ ਪਾਰਟੀ ਨੇ ਮੁਕਾਬਲੇ ਬਣਾਏ। (ਵਿਘਨ)(ਸ਼ੋਰ) ਮੈਂ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਟਾਈਮ ਦਿੱਤਾ ਗਿਆ ਹੈ, ਕਮੇਟੀ ਬਣਾਈ ਗਈ ਹੈ। ਅੱਜ ਇਹ ਸਿਰਫ ਡਰਾਮਾ ਕਰ ਰਹੇ ਹਨ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਬਣਾਈ ਕਮੇਟੀ ਦੀ ਰਿਪੋਰਟ ਆ ਜਾਵੇ। ਉਸ ਨੂੰ ਵਾਚ ਕੀਤਾ ਜਾਵੇ। ਬਹੁਤ ਹੀ ਸਤਿਕਾਰਯੋਗ ਜਥੇਦਾਰ ਸਾਹਿਬ ਨੇ ਟਾਈਮ ਦਿੱਤਾ ਹੋਇਆ ਹੈ। ਉਸ ਸਮੇਂ ਤੱਕ ਵਿਧਾਨ ਸਭਾ ਵਿੱਚ ਡਿਸਕਸ ਨਹੀਂ ਕਰ ਸਕਦੇ। (ਵਿਘਨ) (ਸ਼ੋਰ) ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਰਵੱਈਆ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਹੁਕਮ ਅਦੂਲੀ ਹੈ। ਕਾਂਗਰਸ ਪਾਰਟੀ ਜਾਣਬੁੱਝ ਕੇ ਇਸ ਮੁੱਦੇ ਨੂੰ ਉਲਝਾ ਰਹੀ ਹੈ। (ਵਿਘਨ)(ਸ਼ੋਰ)

**1120/harpreet singh**

**ਮਾਣਯੋਗ ਸਪੀਕਰ:** ਮੇਰੀ ਸਾਰੇ ਸਤਿਕਾਰਯੋਗ ਮੈਂਬਰਾਂ ਨੂੰ ਬੇਨਤੀ ਹੈ ਕਿ ਆਪੋ ਆਪਣੀਆਂ ਸੀਟਾਂ ਤੇ ਬੈਠੋ। ਪੰਜਾਬ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਤੇ ਮੁਸ਼ਕਲਾਂ ਦਾ ਹੱਲ ਕਰੀਏ। ਇਹ ਬਹੁਤ ਜ਼ਰੂਰੀ ਹੈ ਕਿ ਆਪਾਂ ਇਸ ਕੀਮਤੀ ਸਮੇਂ ਨੂੰ ਵਾਈਜ਼ਲੀ ਯੂਜ਼ ਕਰੀਏ। ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ ਆਪਣੀ ਜਗ੍ਹਾ ਤੇ ਚਲੇ ਜਾਣ। ਮੈਂ ਸਾਡੇ ਸਾਰੇ ਸਤਿਕਾਰਯੋਗ ਸਾਥੀਆਂ ਨੂੰ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੈਲੰਜ ਉਦੋਂ ਕੀਤਾ ਗਿਆ ਸੀ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੁਰਾਣੀ ਸਰਕਾਰ ਵਿਚ ਐਮ.ਐਲ.ਏਜ਼ ਨੂੰ ਬੁਲਾਇਆ ਸੀ ਤੇ ਪਾਰਟੀ ਨੇ ਹਵਾਲਾ ਦਿੱਤਾ ਕਿ ਸਾਡੀ ਮੈਂਬਰਸ਼ਿਪ ਹੀ ਰੱਦ ਹੋ ਜਾਵੇਗੀ। ਇਹ ਉਦੋਂ ਚੈਲੰਜ ਸੀ। ਜਿਹੜੀ ਸਰਕਾਰ ਨਤਮਸਤਕ ਹੋ ਕੇ ਉੱਥੇ ਗਏ, ਉਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੈਲੰਜ ਨਹੀਂ ਸੀ ਹੋਇਆ। ਸੋ, ਇਨ੍ਹਾਂ ਗੱਲਾਂ ਦਾ ਧਿਆਨ ਰੱਖ ਲਿਆ ਜਾਵੇ। ਮੈਂ ਇਹ ਗੱਲ ਇੱਥੇ ਕਹਿਣੀ ਨਹੀਂ ਸੀ ਚਾਹੁੰਦਾ ਕਿ ਜਿਨ੍ਹਾਂ ਨੂੰ ਫ਼ਖ਼ਰ-ਏ-ਕੌਮ ਦਾ ਅਵਾਰਡ ਦਿੱਤਾ ਗਿਆ ਸੀ, ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਬੁਲਾਉਣ ਦੇ ਬਾਵਜੂਦ ਉੱਥੇ ਜਾਣਾ ਜ਼ਰੂਰੀ ਨਹੀਂ ਸਮਝਿਆ ਸੀ ਔਰ ਤੁਹਾਡੇ ਹੀ ਸਾਥੀ ਇਹ ਦੱਸਦੇ ਹਨ ਕਿ ਕਿਵੇਂ ਜਥੇਦਾਰ ਸਾਹਿਬ ਨੂੰ ਮਜਬੂਰ ਕਰਕੇ ਧੱਕੇ ਨਾਲ ਮੁਆਫ਼ੀਆਂ ਦਿਵਾਈਆਂ ਗਈਆਂ। 80-80 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥ ਨੂੰ ਚੈਲੰਜ ਉਹ ਸੀ। ਉਸ ਦਾ ਨਤੀਜਾ ਇਹ ਹੈ ਕਿ ਅੱਜ ਤੁਹਾਡੇ ਮੈਂਬਰ ਸਕੂਟਰ ਤੇ ਬੈਠਣ ਜੋਗੇ ਵੀ ਨਹੀਂ ਰਹੇ। ਸੋ, ਇਸ ਕਰਕੇ ਪਹਿਲਾਂ ਆਪਣੀਆਂ ਪੀੜ੍ਹੀਆਂ ਹੇਠਾਂ ਸੋਟਾ ਮਾਰ ਲਿਆ ਜਾਵੇ।

(ਇਸ ਸਮੇਂ ਵੈੱਲ ਆਫ਼ ਦਿ ਹਾਊਸ ਵਿਚ ਖੜੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਅਤੇ ਟਰੈਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਅਤੇ ਮੰਤਰੀ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੋਂ ਅੱਗੇ ਵੱਧ ਕੇ ਰਿਪੋਰਟਰਜ਼ ਟੇਬਲ ਕੋਲ ਆ ਕੇ ਵੈੱਲ ਆਫ਼ ਦਿ ਹਾਊਸ ਵਿਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨਾਲ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿਚ ਬਹੁਤ ਸ਼ੋਰ ਸੀ।)

----

## SHORT ADJOURNMENT OF THE HOUSE

**ਮਾਣਯੋਗ ਸਪੀਕਰ** : ਹੁਣ ਮੈਂ 11.30 ਵਜੇ ਪੂਰਵ ਦੁਪਹਿਰ ਤੱਕ ਸਦਨ ਨੂੰ ਸਥਗਿਤ ਕਰਦਾ ਹਾਂ।

*11.22 ਵਜੇ ਪੂਰਵ ਦੁਪਹਿਰ ।) (*ਇਸ ਸਮੇਂ ਸਦਨ 11.30 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

----

*11.30 ਵਜੇ ਪੂਰਵ ਦੁਪਿਹਰ (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

**1130/amandeep kaur**

**ਮਾਣਯੋਗ ਸਪੀਕਰ:** ਹਾਂ ਜੀ, ਚੀਮਾ ਜੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਸਪੀਕਰ ਸਾਹਿਬ, ਅੱਜ ਸਤਿਕਾਰਯੋਗ ਮੈਂਬਰ ਸਾਹਿਬਾਨ ਨੇ ਜਾਗਿਤ ਜੋਤ "ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ" ਤੇ ਗੱਲ ਕੀਤੀ ਹੈ। ਸਾਡੇ ਬਹੁਤ ਹੀ ਸਤਿਕਾਰਯੋਗ ਡਾਕਟਰ ਇੰਦਰਬੀਰ ਸਿੰਘ ਨਿੱਜਰ ਜੀ ਖੁਦ ਅਕਾਲ ਤਖਤ ਸਾਹਿਬ ਤੇ ਗਏ ਸੀ ਅਤੇ ਸਮੁੱਚੀ ਆਮ ਆਦਮੀ ਪਾਰਟੀ ਦੀ ਸਰਕਾਰ ਬਹੁਤ ਹੀ ਸ਼ਰਧਾ ਦੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਉਤੇ ਗਏ ਸੀ। ਕਾਂਗਰਸ ਪਾਰਟੀ ਦੇ ਵੀ ਬਹੁਤ ਸਾਰੇ ਨੁਮਾਇੰਦੇ ਗਏ ਸੀ। ਆਨਰੇਬਲ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੀ ਨੇ ਇੱਕ ਕਮੇਟੀ ਦਾ ਪੁਨਰ-ਗਠਨ ਕੀਤਾ ਹੈ ਕਿ ਕੋਈ ਵੀ ਜਿਹੜੀ ਸੋਧ ਹੈ ਉਹ ਕਮੇਟੀ ਦੇ ਵਿਚਾਰ ਨਾਲ ਅੱਗੇ ਲਿਆਂਦੀ ਜਾਵੇ। ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਬਣਾਈ ਗਈ ਕਮੇਟੀ ਦੀ ਰਿਪੋਰਟ ਆ ਜਾਵੇਗੀ ਤਾਂ ਉਸ ਤੋਂ ਬਾਅਦ ਇਸ ਤੇ ਵਿਚਾਰ ਕਰ ਲਿਆ ਜਾਵੇਗਾ। ਇਹ ਵੀ ਗੱਲ ਜਿੰਨਾ ਕੁ ਮੈਨੂੰ ਗਿਆਨ ਹੈ ਉਸ ਦੇ ਮੁਤਾਬਿਕ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੀ ਨੇ ਕਿਹਾ ਸੀ ਕਿ ਇਸ ਮਾਮਲੇ ਦੇ ਉੱਤੇ ਵਿਚਾਰ-ਵਟਾਂਦਰਾ ਨਾ ਕੀਤਾ ਜਾਵੇ। ਅੱਜ ਅਕਾਲੀ ਦਲ ਵੱਲੋਂ ਮੈਂ ਸਮਝਦਾ ਹਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਅਵੱਗਿਆ ਕੀਤੀ ਗਈ ਹੈ। ਉਨ੍ਹਾਂ ਦੇ ਹੁਕਮਾਂ ਦੀ ਤੌਹੀਨ ਕੀਤੀ ਗਈ ਹੈ। ਪਹਿਲਾਂ ਤਾਂ ਮੇਰੀ ਇਹੀ ਬੇਨਤੀ ਹੈ ਕਿ ਇਨ੍ਹਾਂ ਦੇ ਸਾਰੇ ਸ਼ਬਦ ਐਕਸਪੰਜ ਕੀਤੇ ਜਾਣ ਕਿਉਂਕਿ ਜੋ ਹੁਕਮ ਸਾਨੂੰ ਹੋਇਆ ਹੈ, ਅਸੀਂ ਹੁਕਮ ਮੰਨਣ ਦੇ ਪਾਬੰਦ ਹਾਂ। ਹੁਕਮਾਂ ਤੇ ਆਪਾਂ ਪਹਿਰਾ ਦੇਈਏ। ਇਹ ਜੋ ਮਰਜ਼ੀ ਬਿਹੇਵ ਕਰੀ ਜਾਣ ਚਾਹੇ ਉਹ ਕਾਂਗਰਸ ਪਾਰਟੀ ਹੈ, ਚਾਹੇ ਅਕਾਲੀ ਦਲ ਤੇ ਬੀ.ਜੇ.ਪੀ ਵਾਲੇ ਹਨ ਕਿਉਂਕਿ ਨਾ ਇਹ ਪੜਦੇ ਹਨ ਅਤੇ ਨਾ ਇਹ ਵੇਖਦੇ ਹਨ। ਮੈਂ ਹੈਰਾਨ ਹਾਂ ਕਿ ਕਾਂਗਰਸ ਪਾਰਟੀ ਤਾਂ ਉਹ ਜਮਾਤ ਹੈ ਜਿਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਢਾਹਿਆ ਹੈ। ਜਿਸ ਸ੍ਰੀ ਅਕਾਲ ਤਖਤ ਸਾਹਿਬ ਨੂੰ ਕਾਂਗਰਸ ਪਾਰਟੀ ਨੇ ਢਾਹਿਆ ਹੋਵੇ ਅੱਜ ਉਹ ਮਰਿਆਦਾ ਦੀ ਗੱਲ ਕਰ ਰਹੀ ਹੈ। ਅੱਜ ਉਹ ਆਮ ਆਦਮੀ ਪਾਰਟੀ ਨੂੰ ਸਿਖਾ ਰਹੀ ਹੈ। ਅਸੀਂ ਤਾਂ ਸ਼ਰਧਾ ਪੂਰਵਕ, ਬਹੁਤ ਹੀ ਸਤਿਕਾਰ ਦੇ ਨਾਲ ਸਮੁੱਚੇ ਸਾਰੇ ਮੈਂਬਰ ਸਾਹਿਬਾਨ ਜਾ ਕੇ ਉੱਥੇ ਨਤਮਸਤਕ ਹੋ ਕੇ ਆਏ ਹਾਂ। ਅਸੀਂ ਕਿਹਾ ਸੀ ਬਿਲਕੁਲ, ਜੋ ਤੁਸੀਂ ਕਹੋਂਗੇ ਅਸੀਂ ਕਰਾਂਗੇ। ਮੈਂ ਹੈਰਾਨ ਹਾਂ ਕਿ ਅੱਜ ਜਿਹੜਾ ਇਹ ਨਵਾਂ ਨਵਾਂ ਗਠਜੋੜ ਦਿਖਾਈ ਦੇ ਰਿਹਾ ਹੈ, ਕਾਂਗਰਸ ਪਾਰਟੀ ਨੂੰ ਵੀ ਸੁਚੇਤ ਹੋਣਾ ਚਾਹੀਦਾ ਹੈ, ਇੱਕ ਨਵਾਂ ਗੱਠਜੋੜ ਦਿਖਾਈ ਦੇ ਰਿਹਾ ਹੈ ਕਿ ਹੌਲੀ ਹੌਲੀ ਇਨ੍ਹਾਂ ਦੇ ਮੈਂਬਰ ਕਿਹੜੇ ਪਾਸੇ ਜਾਣਗੇ। ਪਰ ਜੋ ਗੱਲ ਆਪਾਂ ਨੂੰ ਕਹੀ ਗਈ ਸੀ ਆਪਾਂ ਉਸ ਤੇ ਖੜੇ ਹਾਂ। ਲੇਕਿਨ ਇਸ ਮਾਮਲੇ ਤੇ ਰਾਜਨੀਤੀ ਨਹੀਂ ਕਰਨੀ ਚਾਹੀਦੀ ਜਥੇਦਾਰ ਸਾਹਿਬ ਨੇ ਕਿਹਾ ਵੀ ਸੀ। ਮੈਂ ਸਮਝਦਾ ਹਾਂ ਕਿ ਇਨ੍ਹਾਂ ਮੈਂਬਰ ਸਾਹਿਬਾਨ ਦੇ ਸ਼ਬਦ ਐਕਸਪੰਜ ਕੀਤੇ ਜਾਣ। ਹੋਰ ਵੀ ਜਿਹੜੇ ਮੈਂਬਰ ਸਾਹਿਬਾਨ ਨੇ ਬੋਲਿਆ ਹੈ, ਉਨ੍ਹਾਂ ਦੇ ਵੀ ਸ਼ਬਦ ਐਕਸਪੰਜ ਕੀਤੇ ਜਾਣ। ਇਸ ਤੋਂ ਬਿਨਾਂ ਮੈਂ ਦੇਖ ਰਿਹਾ ਸੀ ਕਿ ਕਾਂਗਰਸ ਪਾਰਟੀ ਵਾਲੇ ਰਾਜਾ ਵੜਿੰਗ ਜੀ ਕਿਉਂਕਿ ਜ਼ੀਰੋ ਆਵਰ ਦੌਰਾਨ ਮੈਂ ਬੋਲਿਆ ਨਹੀਂ ਹਾਂ, ਮੈਂ ਦੇਖਿਆ

ਸੀ ਕਿ ਕਾਫੀ ਸਾਰੀਆਂ ਗੱਲਾਂ ਅੱਜ ਬਾਜਵਾ ਸਾਹਿਬ ਕਰ ਰਹੇ ਸਨ, ਜਿਸ ਲੜਕੇ ਦੇ ਨਾਲ ਰਾਜਾ ਵੜਿੰਗ ਜੀ ਵੀਡੀਓ ਬਣਾ ਰਹੇ ਹਨ ਕਿ ਚੰਨੀ ਨੂੰ ਫੋਨ ਲਗਾ ਅੱਜ ਉਨ੍ਹਾਂ ਦੇ ਇੱਕ ਮੈਂਬਰ ਸਾਹਿਬਾਨ ਇੱਥੇ ਬੈਠੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਵਿੱਤ ਮੰਤਰੀ:** ਤੁਸੀਂ ਬੋਲ ਲੈਣਾ। ਮੈਨੂੰ ਕੰਪਲੀਟ ਕਰ ਲੈਣ ਦਿਉ।

**Mr. Speaker:** A Minister can speak. ਮੰਤਰੀ ਜੀ ਆਪਣੀ ਗੱਲ ਕਰਨੀ ਚਾਹੁੰਦੇ ਹਨ, let him do. Let him complete.

(ਇਸ ਸਮੇਂ ਸ੍ਰੀ ਅਵਤਾਰ ਸਿੰਘ ਜੂਨੀਅਰ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੇ ਖੜ੍ਹੇ ਬਿਨਾ ਆਗਿਆ ਲਗਾਤਾਰ ਬੋਲ ਰਹੇ ਸਨ। ਉਨ੍ਹਾਂ ਦਾ ਮਾਈਕ ਬੰਦ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**1135/Tarlochan Singh**

**ਵਿੱਤ ਮੰਤਰੀ:** ਦੇਖੋ, ਐਫ.ਆਈ.ਆਰ ਨੰਬਰ 126, Anti Narcotic Force, 2025, Mohali ਦੇ ਵਿੱਚ NDPS ਦਾ ਪਰਚਾ ਦਰਜ ਹੈ। ਮੋਹਾਲੀ ਵਿੱਚ ਉਸ ਨੌਜਵਾਨ ਤੇ ਐਨ.ਡੀ.ਪੀ.ਐਸ. ਐਕਟ ਤਹਿਤ ਐਫ.ਆਈ.ਆਰ. ਨੰਬਰ 126 ਦਰਜ ਹੈ। ਉਸ ਵਿਅਕਤੀ ਤੇ 506 ਗ੍ਰਾਮ ਹੈਰੋਇਨ ਦਾ ਪਰਚਾ ਦਰਜ ਹੈ ਜਿਸ ਦੇ ਫੋਨ ਵਿੱਚ ਚੰਨੀ ਸਾਹਿਬ, ਸਾਬਕਾ ਮੁੱਖ ਮੰਤਰੀ ਸਾਹਿਬ ਦਾ ਫੋਨ ਨੰਬਰ ਦਰਜ ਹੈ। (ਵਿਘਨ) (ਸ਼ੋਰ) ਰਾਜਾ ਵੜਿੰਗ ਨੇ ਕਿਹਾ ਕਿ ਮੇਰਾ ਫੋਨ ਨੰਬਰ ਵੀ ਦਰਜ ਕਰ ਲੈ। ਇਸ ਤੋਂ ਪਤਾ ਲੱਗਦਾ ਹੈ ਕਿ ਕਾਂਗਰਸ ਪਾਰਟੀ ਦੇ ਲੋਕ ਡਰੱਗਜ਼ ਦੇ ਧੰਦੇ ਵਿੱਚ ਹਨ ਅਤੇ ਡਰੱਗ ਤਸਕਰਾਂ ਨਾਲ ਮਿਲੇ ਹੋਏ ਹਨ ਅਤੇ ਉਨ੍ਹਾਂ ਦੀ ਪੁਸ਼ਤ-ਪਨਾਹੀ ਕਰਦੇ ਹਨ। ਮੈਂ ਬੋਲਣਾ ਨਹੀਂ ਚਾਹੁੰਦਾ ਸੀ ਪਰ ਮੇਰੇ ਕੋਲ ਬਹੁਤ ਸਾਰੇ ਐਵੀਡੈਂਸ ਹਨ, ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਸੀ। ਇਹ ਹਰ ਗੱਲ ਤੇ ਅੱਗੇ ਆ ਜਾਂਦੇ ਹਨ। (ਵਿਘਨ) (ਸ਼ੋਰ) ਈ.ਡੀ. ਦੇਸ਼ ਵਿੱਚ ਕਿਸ ਤਰ੍ਹਾਂ ਝੂਠੇ ਫਰਜ਼ੀ ਕੇਸ ਬਣਾਉਂਦੀ ਹੈ। ਸਾਡੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਤੇ, ਸਾਡੇ ਆਮ ਆਦਮੀ ਪਾਰਟੀ ਦੇ ਪੰਜ top ਲੀਡਰਾਂ ਤੇ ਕੇਸ ਦਰਜ ਕੀਤੇ ਅਤੇ ਕਿੰਨਾ ਲੰਬਾ ਸਮਾਂ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਰੱਖਿਆ ਪਰ ultimately ਡਿਸੀਜ਼ਨ ਕੀ ਆਇਆ ਕਿ ਸਾਰਾ ਕੇਸ ਝੂਠਾ ਫਰਜ਼ ਹੈ। (ਵਿਘਨ) (ਸ਼ੋਰ) 1 ਸਾਲ ਵਿੱਚ ਆਨਰੇਬਲ ਕੋਰਟ ਦੀ ਜਜਮੈਂਟ ਆ ਗਈ ਹੋਵੇ, ਵਰਡਿਕਟ ਆ ਗਿਆ ਹੋਵੇ ਕਿ ਝੂਠਾ ਫਰਜ਼ੀ ਕੇਸ ਹੈ, ਇਹ ਉਸ ਈ.ਡੀ. ਦਾ ਸਹਾਰਾ ਲੈ ਰਹੇ ਹਨ। ਪੂਰਾ ਦੇਸ਼ ਜਾਣਦਾ ਹੈ ਕਿ ਜਿੱਥੇ ਬੀ.ਜੇ.ਪੀ. ਸਿੱਧੇ ਤੌਰ ਤੇ ਨਹੀਂ ਪਹੁੰਚ ਸਕਦੀ, ਉਥੇ ਈ.ਡੀ. ਰਾਹੀਂ, ਉਥੇ ਸੀ.ਬੀ.ਆਈ. ਰਾਹੀਂ, ਉਥੇ ਇਨਕਮ ਟੈਕਸ ਰਾਹੀਂ, ਐਸ.ਆਈ.ਆਰ. ਰਾਹੀਂ ਪਹੁੰਚਦੀ ਹੈ। ਸੋ, ਇਲੈਕਸ਼ਨ ਆ ਗਈ ਹੈ, 6 ਮਹੀਨਿਆਂ ਬਾਅਦ ਇਨੈਕਸ਼ਨ ਹੈ, ਸੋ, ਇਹ

ਕੰਮ ਭਾਰਤੀ ਜਨਤਾ ਪਾਰਟੀ ਨੇ ਸਟਾਰਟ ਕੀਤਾ ਹੈ। ਸੋ, ਅੱਜ ਮੈਂ ਸਮਝਦਾ ਹਾਂ ਕਿ ਭਾਰਤੀ ਜਨਤਾ ਪਾਰਟੀ ਦਾ ਟੂਲ ਬਣ ਕੇ, ਭਾਰਤੀ ਜਨਤਾ ਪਾਰਟੀ ਦਾ ਹੱਥ ਠੋਕਾ ਬਣ ਕੇ, ਭਾਰਤੀ ਜਨਤਾ ਪਾਰਟੀ ਦੇ ਏਜੰਡੇ ਤੇ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਕੰਮ ਕਰ ਰਹੀ ਹੈ। ਅੱਜ ਉਸ ਏਜੰਡੇ ਨੂੰ ਕਾਂਗਰਸ ਪਾਰਟੀ ਅੱਗੇ ਲਿਜਾ ਰਹੀ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਧੰਨਵਾਦ ਜੀ। Remarks by Smt. Ganieve Kaur stands expunged. ਦੂਜੀ ਗੱਲ ਇਹ ਹੈ ਕਿ ਪੰਥ ਦੋਖੀ ਤਾਂ ਉਹ ਸੀ ਜਿਨ੍ਹਾਂ ਦਾ "ਫਖਰ-ਏ-ਕੌਮ" ਵਾਪਸ ਲਿਆ ਗਿਆ ਹੈ। (ਥੰਪਿੰਗ) ਅਸੀਂ ਤਾਂ ਨਤਮਸਤਕ ਹੋ ਕੇ ਗਏ ਹਾਂ ਅਤੇ ਜਾਂਦੇ ਰਹਾਂਗੇ। ਅਸੀਂ ਸਮਰਪਿਤ ਹਾਂ ਸ੍ਰੀ ਗੁਰੂ ਗਰੰਥ ਸਾਹਿਬ ਮਹਾਰਾਜ ਜੀ ਨੂੰ, ਗੁਰੂ ਪੰਥ ਨੂੰ।

----

(ਇਸ ਸਮੇਂ ਸ੍ਰੀ ਅਮਨ ਅਰੋੜਾ, ਸੁਚੱਜਾ ਪ੍ਰਸ਼ਾਸਨ ਤੇ ਸੂਚਨਾ ਤਕਨੀਕ ਮੰਤਰੀ ਅਤੇ ਸ੍ਰੀ ਅਵਤਾਰ ਸਿੰਘ ਜੂਨੀਅਰ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀਆਂ ਸੀਟਾਂ ਤੇ ਖੜ੍ਹੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਆਪਾਂ ਅੱਗੇ ਗੱਲ ਕਰਾਂਗੇ। ਮੰਤਰੀ ਜੀ ਥੋੜ੍ਹਾ ਬਿਜ਼ਨਸ ਹੋ ਲੈਣ ਦਿਉ। ਮੈਂ ਟਾਈਮ ਦੇ ਦੇਵਾਂਗਾ। I'll alow you.

## WALK OUT

(ਇਸ ਸਮੇਂ ਸ੍ਰੀ ਅਵਤਾਰ ਸਿੰਘ ਜੂਨੀਅਰ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਸਦਨ ਵਿੱਚੋਂ ਵਾਕਆਊਟ ਕਰ ਗਏ।

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ** : ਮੇਜ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ। ਡਾਕਟਰ ਰਵਜੋਤ ਸਿੰਘ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)** : ਸ੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰਬਰ 3 ਅਧੀਨ ਦਰਸਾਏ ਗਏ ਲੜੀ ਨੰਬਰ 1 ਤੋਂ 6 ਤੱਕ ਦੇ ਕਾਗਜ਼ ਪੱਤਰ ਸਦਨ ਦੀ ਮੇਜ ਤੇ ਰੱਖਦਾ ਹਾਂ: -

(1) ਸਾਲ 2023-24 ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ )ਐਕਟ, 1974 ਦੀ ਧਾਰਾ 39 (2) ਅਧੀਨ ਲੋੜੀਂਦਾ ਹੈ।

(2) ਮੈਂ ਸਾਲ 2020-21 ਲਈ ਅੰਮ੍ਰਿਤਸਰ ਹੋਟਲ ਲਿਮਟਿਡ ਦੀ 18ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ।

(3) ਮੈਂ ਸਾਲ 2021-22 ਲਈ ਅੰਮ੍ਰਿਤਸਰ ਹੋਟਲ ਲਿਮਟਿਡ ਦੀ 19ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ|

(4) ਮੈਂ ਸਾਲ 2020-21 ਲਈ ਨੀਮ ਚਮੇਲੀ ਰਿਸਟ ਕੰਪਲੈਕਸ ਲਿਮਟਿਡ ਦੀ 18ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ।

(5) ਮੈਂ ਸਾਲ 2021-22 ਲਈ ਨੀਮ ਚਮੇਲੀ ਟਰਸਿਟ ਕੰਪਲੈਕਸ ਲਿਮਟਿਡ ਦੀ 19ਵੀਂ ਸਾਲਾਨਾ ਰਿਪੋਰਟ ਅਤੇ ਲੇਖੋ ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ।

(6) ਮੈਂ ਸਾਲ 2022-23 ਲਈ ਬਠਿੰਡਾ ਵਿਕਾਸ ਅਥਾਰਿਟੀ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ ਆਰ ਟੀ ਪੀ ਡੀ) ਐਕਟ, 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ।

---

**1140/mehak**

**RESOLUTION EXPRESSING GRATITUDE TO GOVERNMENT'S INITIATIVES FOR EMPLOYMENT GENERATION, MERIT BASED RECRUITEMENT AND INDUSTRIAL INVESTMENT IN PUNJAB.**

**ਸਰਦਾਰ ਕੁਲਦੀਪ ਸਿੰਘ ਧਾਲੀਵਾਲ**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

"ਕਿ ਰੋਜ਼ਗਾਰ ਹਰ ਨੌਜਵਾਨ ਦੀ ਸਭ ਤੋਂ ਵੱਡੀ ਆਸ ਹੈ। ਹਾਲ ਹੀ ਵਿੱਚ ਸੰਸਦ ਦੇ ਸਾਹਮਣੇ ਰੱਖੇ ਗਏ ਅੰਕੜਿਆਂ ਅਨੁਸਾਰ, ਭਾਵੇਂ ਪੰਜਾਬ ਦੀ ਬੇਰੋਜ਼ਗਾਰੀ ਦਰ ਵਿੱਚ ਸੁਧਾਰ ਆਇਆ ਹੈ ਪਰ ਇਹ ਅਜੇ ਵੀ ਰਾਸ਼ਟਰੀ ਔਸਤ ਤੋਂ ਉੱਪਰ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਰੋਜ਼ਗਾਰ ਪੈਦਾ ਕਰਨਾ ਸਾਡੀਆਂ ਸਭ ਤੋਂ ਵੱਡੀਆਂ ਤਰਜੀਹਾਂ ਵਿੱਚੋਂ ਇੱਕ ਰਹਿਣਾ ਚਾਹੀਦਾ ਹੈ। ਪਰ ਅਸਲ ਸਵਾਲ ਇਹ ਨਹੀਂ ਹੈ ਕਿ ਚੁਣੌਤੀਆਂ ਮੌਜੂਦ ਹਨ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਸਰਕਾਰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਿਵੇਂ ਕਰਦੀ ਹੈ। ਇਸ ਸਰਕਾਰ ਨੇ ਬਹਾਨਿਆਂ ਦੀ ਥਾਂ ਕਾਰਵਾਈ ਨੂੰ ਤਰਜੀਹ ਦਿੱਤੀ ਹੈ। ਦਹਾਕਿਆਂ ਤੱਕ ਪੰਜਾਬ ਦੇ ਨੌਜਵਾਨਾਂ ਦਾ ਭਰੋਸਾ ਭਰਤੀ ਪ੍ਰਣਾਲੀ ਤੋਂ ਉੱਠ ਗਿਆ ਸੀ। ਸਰਕਾਰੀ ਨੌਕਰੀਆਂ ਸਿਫ਼ਾਰਸ਼ਾਂ, ਸਿਆਸੀ ਦਖ਼ਲਅੰਦਾਜ਼ੀ ਅਤੇ ਭ੍ਰਿਸ਼ਟਾਚਾਰ ਨਾਲ ਜੋੜੀਆਂ ਜਾਂਦੀਆਂ ਸਨ। ਯੋਗਤਾ ਨੂੰ ਅਕਸਰ ਪਿੱਛੇ ਛੱਡ ਦਿੱਤਾ ਜਾਂਦਾ ਸੀ। ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਇਸ ਸੱਭਿਆਚਾਰ ਨੂੰ ਬੁਨਿਆਦੀ ਤੌਰ ’ਤੇ ਬਦਲ ਦਿੱਤਾ ਹੈ।

ਅੱਜ ਪੰਜਾਬ ਦਾ ਹਰ ਨੌਜਵਾਨ ਜਾਣਦਾ ਹੈ ਕਿ ਸਫਲਤਾ ਸਖ਼ਤ ਮਿਹਨਤ ਅਤੇ ਯੋਗਤਾ ’ਤੇ ਨਿਰਭਰ ਕਰਦੀ ਹੈ, ਨਾ ਕਿ ਸਿਆਸੀ ਸੰਬੰਧਾਂ ’ਤੇ। ਪਾਰਦਰਸ਼ੀ ਪ੍ਰੀਖਿਆਵਾਂ, ਨਿਰਪੱਖ ਚੋਣ ਪ੍ਰਕਿਰਿਆਵਾਂ ਅਤੇ ਭ੍ਰਿਸ਼ਟਾਚਾਰ ਰਹਿਤ ਭਰਤੀ ਨੇ ਲੱਖਾਂ ਉਮੀਦਵਾਰਾਂ ਦਾ ਭਰੋਸਾ ਮੁੜ ਬਹਾਲ ਕੀਤਾ ਹੈ। 1 ਅਪ੍ਰੈਲ, 2022 ਤੋਂ ਪੰਜਾਬ ਸਰਕਾਰ ਨੇ ਵੱਖ-ਵੱਖ ਵਿਭਾਗਾਂ ਵਿੱਚ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਯੋਗਤਾ ਅਧਾਰਿਤ ਭਰਤੀ ਪ੍ਰਕਿਰਿਆ ਰਾਹੀਂ 68,228 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਇਨ੍ਹਾਂ ਨਿਯੁਕਤੀਆਂ ਵਿੱਚ ਸ਼ਾਮਲ ਹਨ -

* ਸਕੂਲ ਸਿੱਖਿਆ ਵਿਭਾਗ ਵਿੱਚ 16,316 ਭਰਤੀਆਂ,
* ਗ੍ਰਹਿ ਮਾਮਲੇ ਵਿਭਾਗ ਵਿੱਚ 14,723,
* ਬਿਜਲੀ ਵਿਭਾਗ ਵਿੱਚ 8,706,
* ਸਥਾਨਕ ਸਰਕਾਰ ਵਿਭਾਗ ਵਿੱਚ 5,681,
* ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ 4,758 ਭਰਤੀਆਂ ਸ਼ਾਮਿਲ ਹਨ।

ਇਸ ਤੋਂ ਇਲਾਵਾ ਰੈਵੇਨਿਊ, ਮੈਡੀਕਲ ਸਿੱਖਿਆ, ਜਲ ਸਰੋਤ, ਖੇਤੀਬਾੜੀ ਅਤੇ ਹੋਰ ਕਈ ਵਿਭਾਗਾਂ ਵਿੱਚ ਹਜ਼ਾਰਾਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਇਹ ਅੰਕੜੇ ਸਿਰਫ਼ ਗਿਣਤੀਆਂ ਨਹੀਂ ਹਨ। ਹਰ ਨਿਯੁਕਤੀ ਦੇ ਪਿੱਛੇ ਇੱਕ ਪਰਿਵਾਰ ਦਾ ਬਦਲਿਆ ਹੋਇਆ ਭਵਿੱਖ ਹੈ। ਇੱਕ ਨੌਜਵਾਨ ਗ੍ਰੈਜੂਏਟ ਹੈ, ਜਿਸ ਨੂੰ ਹੁਣ ਸਿਫ਼ਾਰਸ਼ਾਂ ’ਤੇ ਨਿਰਭਰ ਨਹੀਂ ਰਹਿਣਾ ਪੈਂਦਾ, ਅਤੇ ਇਹ ਵਿਸ਼ਵਾਸ ਹੈ ਕਿ ਇਮਾਨਦਾਰੀ ਅਤੇ ਮਿਹਨਤ ਨੂੰ ਹੁਣ ਸਹੀ ਮਾਣ ਮਿਲ ਰਿਹਾ ਹੈ।

ਕੋਈ ਵੀ ਰਾਜ ਸਿਰਫ਼ ਸਰਕਾਰੀ ਨੌਕਰੀਆਂ ਰਾਹੀਂ ਬੇਰੋਜ਼ਗਾਰੀ ਦੀ ਸਮੱਸਿਆ ਦਾ ਹੱਲ ਨਹੀਂ ਕਰ ਸਕਦਾ। ਟਿਕਾਊ ਰੋਜ਼ਗਾਰ ਉਸ ਵੇਲੇ ਪੈਦਾ ਹੁੰਦਾ ਹੈ ਜਦੋਂ ਉਦਯੋਗ ਨਿਵੇਸ਼ ਕਰਦੇ ਹਨ, ਫੈਕਟਰੀਆਂ ਦਾ ਵਿਸਥਾਰ ਹੁੰਦਾ ਹੈ, ਕਾਰੋਬਾਰ ਵਧਦੇ ਹਨ ਅਤੇ ਉਦਮਤਾ ਨੂੰ ਉਤਸ਼ਾਹ ਮਿਲਦਾ ਹੈ। ਇਸ ਹਕੀਕਤ ਨੂੰ ਸਮਝਦਿਆਂ ਮਾਣਯੋਗ ਮੁੱਖ ਮੰਤਰੀ ਜੀ ਨੇ ਨੀਤੀ ਸਥਿਰਤਾ, ਕਾਰੋਬਾਰ ਕਰਨ ਵਿੱਚ ਆਸਾਨੀ ਅਤੇ ਪਾਰਦਰਸ਼ੀ ਪ੍ਰਸ਼ਾਸਨ ਰਾਹੀਂ ਪੰਜਾਬ ਨੂੰ ਭਾਰਤ ਦੇ ਪ੍ਰਮੁੱਖ ਨਿਵੇਸ਼ ਸਥਾਨਾਂ ਵਿੱਚੋਂ ਇੱਕ ਬਣਾਉਣ ਲਈ ਲਗਾਤਾਰ ਯਤਨ ਕੀਤੇ ਹਨ, ਜਿਸ ਦੇ ਨਤੀਜੇ ਸਾਡੇ ਸਾਹਮਣੇ ਹਨ।

16 ਮਾਰਚ, 2022 ਤੋਂ 31 ਜੁਲਾਈ, 2026 ਤੱਕ ਪੰਜਾਬ ਨੂੰ 9,899 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ, ਜਿਨ੍ਹਾਂ ਵਿੱਚ ₹1,83,837 ਕਰੋੜ ਦੇ ਪ੍ਰਸਤਾਵਿਤ ਨਿਵੇਸ਼ ਸ਼ਾਮਲ ਹਨ। ਇਨ੍ਹਾਂ ਰਾਹੀਂ ਰਾਜ ਭਰ ਵਿੱਚ 6,16,436 ਲੋਕਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਸੰਭਾਵਨਾ ਹੈ।

ਇਹ ਨਿਵੇਸ਼ ਮੈਨੂਫੈਕਚਰਿੰਗ, ਸਟੀਲ, ਨਵਿਆਉਣਯੋਗ ਊਰਜਾ, ਫਾਰਮਾਸਿਊਟੀਕਲ, ਫੂਡ ਪ੍ਰੋਸੈਸਿੰਗ, ਸਿਹਤ ਸੇਵਾਵਾਂ, ਸਿੱਖਿਆ, ਸੀਮੈਂਟ, ਹੋਟਲ ਉਦਯੋਗ, ਲਾਜਿਸਟਿਕਸ ਅਤੇ ਸੂਚਨਾ ਤਕਨਾਲੋਜੀ ਵਰਗੇ ਖੇਤਰਾਂ ਵਿੱਚ ਹੋਏ ਹਨ। ਟਾਟਾ ਸਟੀਲ, HMEL Organics, SAEL Solar, ਅੰਬੂਜਾ ਸੀਮੈਂਟਸ, ਹੈਪੀ ਫੋਰਜਿੰਗਜ਼, ਵਰਧਮਾਨ

ਸਪੈਸ਼ਲ ਸਟੀਲਜ਼, ਨੈਸਲੇ ਇੰਡੀਆ ਅਤੇ ਹੋਰ ਕਈ ਪ੍ਰਮੁੱਖ ਕੰਪਨੀਆਂ ਨੇ ਪੰਜਾਬ ਵਿੱਚ ਵੱਡੇ ਵਿਸਥਾਰ ਪ੍ਰੋਜੈਕਟਾਂ ਲਈ ਚੋਣ ਕੀਤੀ ਹੈ, ਜੋ ਰਾਜ ਦੀ ਅਰਥਵਿਵਸਥਾ ਵਿੱਚ ਮੁੜ ਬਣੇ ਵਿਸ਼ਵਾਸ ਨੂੰ ਦਰਸਾਉਂਦਾ ਹੈ।

ਇਸ ਸਰਕਾਰ ਨੇ ਇਸ ਲਈ ਦੋ-ਪੱਖੀ ਰਣਨੀਤੀ ਅਪਣਾਈ ਹੈ:

* ਪਾਰਦਰਸ਼ੀ ਸਰਕਾਰੀ ਭਰਤੀ, ਜਿੱਥੇ ਯੋਗ ਨੌਜਵਾਨਾਂ ਨੂੰ ਸਿਰਫ਼ ਯੋਗਤਾ ਦੇ ਆਧਾਰ ’ਤੇ ਨੌਕਰੀਆਂ ਮਿਲਦੀਆਂ ਹਨ; ਅਤੇ

* ਵੱਡੇ ਪੱਧਰ ’ਤੇ ਉਦਯੋਗਿਕ ਨਿਵੇਸ਼, ਜਿਸ ਨਾਲ ਨਿੱਜੀ ਖੇਤਰ ਵਿੱਚ ਟਿਕਾਊ ਰੋਜ਼ਗਾਰ ਦੇ ਮੌਕੇ ਪੈਦਾ ਹੋ ਰਹੇ ਹਨ।

ਇਹ ਦੂਰਦਰਸ਼ੀ ਸ਼ਾਸਨ ਹੈ। ਇਹ ਉਹ ਸ਼ਾਸਨ ਹੈ ਜੋ ਸਾਡੇ ਨੌਜਵਾਨਾਂ ਨੂੰ ਮਜ਼ਬੂਤ ਬਣਾਉਂਦਾ ਹੈ, ਨਾ ਕਿ ਉਨ੍ਹਾਂ ਨੂੰ ਮਜਬੂਰੀ ਵਿੱਚ ਪਰਵਾਸ ਕਰਨ ਲਈ ਮਜਬੂਰ ਕਰਦਾ ਹੈ।

ਇਹ ਸਦਨ ਮੰਨਦਾ ਹੈ ਕਿ ਬੇਰੋਜ਼ਗਾਰੀ ਦੀ ਚੁਣੌਤੀ ਅਜੇ ਵੀ ਮੌਜੂਦ ਹੈ ਅਤੇ ਹੋਰ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ ਪਰ ਇਹ ਵੀ ਮਹੱਤਵਪੂਰਣ ਹੈ ਕਿ ਉਸ ਸਰਕਾਰ ਦੀ ਸ਼ਲਾਘਾ ਕੀਤੀ ਜਾਵੇ ਜਿਸ ਨੇ ਭ੍ਰਿਸ਼ਟਾਚਾਰ ਦੀ ਥਾਂ ਪਾਰਦਰਸ਼ਤਾ, ਪੱਖਪਾਤ ਦੀ ਥਾਂ ਯੋਗਤਾ ਅਤੇ ਠਹਿਰਾਅ ਦੀ ਥਾਂ ਵਿਕਾਸ ਨੂੰ ਤਰਜੀਹ ਦਿੱਤੀ ਹੈ।

ਇਸ ਲਈ ਇਹ ਸਦਨ ਮਾਣਯੋਗ ਮੁੱਖ ਮੰਤਰੀ ਜੀ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਪ੍ਰਤੀ ਧੰਨਵਾਦ ਕਰਦਾ ਹੈ -

- ਭਰਤੀ ਪ੍ਰਣਾਲੀ ਵਿੱਚ ਵਿਸ਼ਵਾਸ ਮੁੜ ਸਥਾਪਿਤ ਕਰਨ ਅਤੇ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਰਹਿਤ ਨਿਯੁਕਤੀਆਂ ਯਕੀਨੀ ਬਣਾਉਣ ਲਈ;
- ਵੱਖ-ਵੱਖ ਵਿਭਾਗਾਂ ਵਿੱਚ ਯੋਗਤਾ ਦੇ ਆਧਾਰ ’ਤੇ 68,228 ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਲਈ;
- ₹1,83,837 ਕਰੋੜ ਦੇ 9,899 ਨਿਵੇਸ਼ ਪ੍ਰਸਤਾਵ ਆਕਰਸ਼ਿਤ ਕਰਨ ਅਤੇ ਪੰਜਾਬ ਵਿੱਚ 6,16,436 ਰੋਜ਼ਗਾਰ ਮੌਕਿਆਂ ਦੀ ਸੰਭਾਵਨਾ ਪੈਦਾ ਕਰਨ ਲਈ;
- ਅਜਿਹਾ ਮਾਹੌਲ ਤਿਆਰ ਕਰਨ ਲਈ ਜਿੱਥੇ ਸਰਕਾਰੀ ਅਤੇ ਨਿੱਜੀ ਦੋਵੇਂ ਖੇਤਰਾਂ ਵਿੱਚ ਰੋਜ਼ਗਾਰ ਦੇ ਮੌਕੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਮਜ਼ਬੂਤ ਕਰ ਰਹੇ ਹਨ;

ਇਹ ਸਦਨ ਮਾਣਯੋਗ ਮੁੱਖ ਮੰਤਰੀ ਜੀ ਅਤੇ ਉਨ੍ਹਾਂ ਦੀ ਸਰਕਾਰ ਨੂੰ ਇੱਕ ਖੁਸ਼ਹਾਲ, ਤਰੱਕੀਸ਼ੀਲ ਅਤੇ ਰੋਜ਼ਗਾਰ ਕੇਂਦਰਿਤ ਪੰਜਾਬ ਦੀ ਮਜ਼ਬੂਤ ਨੀਂਹ ਰੱਖਣ ਲਈ ਵਧਾਈ ਦਿੰਦਾ ਹੈ ਅਤੇ ਸ਼ਲਾਘਾ ਕਰਦਾ ਹੈ।

**1145/Sukhpiar Singh**

ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਜੀ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਵੱਲੋਂ ਜਿਹੜੇ ਪੰਜਾਬ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ, ਜਿਹੜੀਆਂ ਨੌਕਰੀਆਂ

ਦਿੱਤੀਆਂ ਗਈਆਂ ਹਨ, ਉਨ੍ਹਾਂ ਲਈ ਧੰਨਵਾਦ ਦਾ ਮਤਾ ਰੱਖਣ ਦਾ ਮੌਕਾ ਦਿੱਤਾ ਹੈ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ -

"ਕਿ ਰੋਜ਼ਗਾਰ ਹਰ ਨੌਜਵਾਨ ਦੀ ਸਭ ਤੋਂ ਵੱਡੀ ਆਸ ਹੈ। ਹਾਲ ਹੀ ਵਿੱਚ ਸੰਸਦ ਦੇ ਸਾਹਮਣੇ ਰੱਖੇ ਗਏ ਅੰਕੜਿਆਂ ਅਨੁਸਾਰ, ਭਾਵੇਂ ਪੰਜਾਬ ਦੀ ਬੇਰੋਜ਼ਗਾਰੀ ਦਰ ਵਿੱਚ ਸੁਧਾਰ ਆਇਆ ਹੈ ਪਰ ਇਹ ਅਜੇ ਵੀ ਰਾਸ਼ਟਰੀ ਔਸਤ ਤੋਂ ਉੱਪਰ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਰੋਜ਼ਗਾਰ ਪੈਦਾ ਕਰਨਾ ਸਾਡੀਆਂ ਸਭ ਤੋਂ ਵੱਡੀਆਂ ਤਰਜੀਹਾਂ ਵਿੱਚੋਂ ਇੱਕ ਰਹਿਣਾ ਚਾਹੀਦਾ ਹੈ। ਪਰ ਅਸਲ ਸਵਾਲ ਇਹ ਨਹੀਂ ਹੈ ਕਿ ਚੁਣੌਤੀਆਂ ਮੌਜੂਦ ਹਨ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਸਰਕਾਰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਿਵੇਂ ਕਰਦੀ ਹੈ। ਇਸ ਸਰਕਾਰ ਨੇ ਬਹਾਨਿਆਂ ਦੀ ਥਾਂ ਕਾਰਵਾਈ ਨੂੰ ਤਰਜੀਹ ਦਿੱਤੀ ਹੈ। ਦਹਾਕਿਆਂ ਤੱਕ ਪੰਜਾਬ ਦੇ ਨੌਜਵਾਨਾਂ ਦਾ ਭਰੋਸਾ ਭਰਤੀ ਪ੍ਰਣਾਲੀ ਤੋਂ ਉੱਠ ਗਿਆ ਸੀ। ਸਰਕਾਰੀ ਨੌਕਰੀਆਂ ਸਿਫ਼ਾਰਸ਼ਾਂ, ਸਿਆਸੀ ਦਖ਼ਲਅੰਦਾਜ਼ੀ ਅਤੇ ਭ੍ਰਿਸ਼ਟਾਚਾਰ ਨਾਲ ਜੋੜੀਆਂ ਜਾਂਦੀਆਂ ਸਨ। ਯੋਗਤਾ ਨੂੰ ਅਕਸਰ ਪਿੱਛੇ ਛੱਡ ਦਿੱਤਾ ਜਾਂਦਾ ਸੀ। ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਇਸ ਸੱਭਿਆਚਾਰ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ ਹੈ।

ਅੱਜ ਪੰਜਾਬ ਦਾ ਹਰ ਨੌਜਵਾਨ ਜਾਣਦਾ ਹੈ ਕਿ ਸਫਲਤਾ ਸਖ਼ਤ ਮਿਹਨਤ ਅਤੇ ਯੋਗਤਾ 'ਤੇ ਨਿਰਭਰ ਕਰਦੀ ਹੈ, ਨਾ ਕਿ ਸਿਆਸੀ ਸੰਬੰਧਾਂ 'ਤੇ। ਪਾਰਦਰਸ਼ੀ ਪ੍ਰੀਖਿਆਵਾਂ, ਨਿਰਪੱਖ ਚੋਣ ਪ੍ਰਕਿਰਿਆਵਾਂ ਅਤੇ ਭ੍ਰਿਸ਼ਟਾਚਾਰ ਰਹਿਤ ਭਰਤੀ ਨੇ ਲੱਖਾਂ ਉਮੀਦਵਾਰਾਂ ਦਾ ਭਰੋਸਾ ਮੁੜ ਬਹਾਲ ਕੀਤਾ ਹੈ। 1 ਅਪ੍ਰੈਲ, 2022 ਤੋਂ ਪੰਜਾਬ ਸਰਕਾਰ ਨੇ ਵੱਖ-ਵੱਖ ਵਿਭਾਗਾਂ ਵਿੱਚ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਯੋਗਤਾ ਅਧਾਰਿਤ ਭਰਤੀ ਪ੍ਰਕਿਰਿਆ ਰਾਹੀਂ 68,228 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਇਨ੍ਹਾਂ ਨਿਯੁਕਤੀਆਂ ਵਿੱਚ ਸ਼ਾਮਲ ਹਨ -

* ਸਕੂਲ ਸਿੱਖਿਆ ਵਿਭਾਗ ਵਿੱਚ 16,316 ਭਰਤੀਆਂ,
* ਗ੍ਰਹਿ ਮਾਮਲੇ ਵਿਭਾਗ ਵਿੱਚ 14,723,
* ਬਿਜਲੀ ਵਿਭਾਗ ਵਿੱਚ 8,706,
* ਸਥਾਨਕ ਸਰਕਾਰ ਵਿਭਾਗ ਵਿੱਚ 5,681,
* ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ 4,758 ਭਰਤੀਆਂ ਸ਼ਾਮਿਲ ਹਨ।

ਇਸ ਤੋਂ ਇਲਾਵਾ ਰੈਵੇਨਿਊ, ਮੈਡੀਕਲ ਸਿੱਖਿਆ, ਜਲ ਸਰੋਤ, ਖੇਤੀਬਾੜੀ ਅਤੇ ਹੋਰ ਕਈ ਵਿਭਾਗਾਂ ਵਿੱਚ ਹਜ਼ਾਰਾਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਇਹ ਅੰਕੜੇ ਸਿਰਫ਼ ਗਿਣਤੀਆਂ ਨਹੀਂ ਹਨ। ਹਰ ਨਿਯੁਕਤੀ ਦੇ ਪਿੱਛੇ ਇੱਕ ਪਰਿਵਾਰ ਦਾ ਬਦਲਿਆ ਹੋਇਆ ਭਵਿੱਖ ਹੈ। ਇੱਕ ਨੌਜਵਾਨ ਗ੍ਰੈਜੂਏਟ ਹੈ, ਜਿਸ ਨੂੰ ਹੁਣ ਸਿਫ਼ਾਰਸ਼ਾਂ 'ਤੇ ਨਿਰਭਰ ਨਹੀਂ ਰਹਿਣਾ ਪੈਂਦਾ, ਅਤੇ ਇਹ ਵਿਸ਼ਵਾਸ ਹੈ ਕਿ ਇਮਾਨਦਾਰੀ ਅਤੇ ਮਿਹਨਤ ਨੂੰ ਹੁਣ ਸਹੀ ਮਾਣ ਮਿਲ ਰਿਹਾ ਹੈ।

ਕੋਈ ਵੀ ਰਾਜ ਸਿਰਫ਼ ਸਰਕਾਰੀ ਨੌਕਰੀਆਂ ਰਾਹੀਂ ਬੇਰੋਜ਼ਗਾਰੀ ਦੀ ਸਮੱਸਿਆ ਦਾ ਹੱਲ ਨਹੀਂ ਕਰ ਸਕਦਾ। ਟਿਕਾਊ ਰੋਜ਼ਗਾਰ ਉਸ ਵੇਲੇ ਪੈਦਾ ਹੁੰਦਾ ਹੈ ਜਦੋਂ ਉਦਯੋਗ ਨਿਵੇਸ਼ ਕਰਦੇ ਹਨ, ਫੈਕਟਰੀਆਂ ਦਾ ਵਿਸਥਾਰ ਹੁੰਦਾ ਹੈ, ਕਾਰੋਬਾਰ ਵਧਦੇ ਹਨ ਅਤੇ ਉਦਮਤਾ ਨੂੰ ਉਤਸ਼ਾਹ ਮਿਲਦਾ ਹੈ। ਇਸ ਹਕੀਕਤ ਨੂੰ ਸਮਝਦਿਆਂ ਮਾਣਯੋਗ ਮੁੱਖ ਮੰਤਰੀ ਜੀ ਨੇ ਨੀਤੀ ਸਥਿਰਤਾ, ਕਾਰੋਬਾਰ ਕਰਨ ਵਿੱਚ ਆਸਾਨੀ ਅਤੇ ਪਾਰਦਰਸ਼ੀ ਪ੍ਰਸ਼ਾਸਨ ਰਾਹੀਂ ਪੰਜਾਬ ਨੂੰ ਭਾਰਤ ਦੇ ਪ੍ਰਮੁੱਖ ਨਿਵੇਸ਼ ਸਥਾਨਾਂ ਵਿੱਚੋਂ ਇੱਕ ਬਣਾਉਣ ਲਈ ਲਗਾਤਾਰ ਯਤਨ ਕੀਤੇ ਹਨ, ਜਿਸ ਦੇ ਨਤੀਜੇ ਸਾਡੇ ਸਾਹਮਣੇ ਹਨ।

16 ਮਾਰਚ, 2022 ਤੋਂ 31 ਜੁਲਾਈ, 2026 ਤੱਕ ਪੰਜਾਬ ਨੂੰ 9,899 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ, ਜਿਨ੍ਹਾਂ ਵਿੱਚ ₹1,83,837 ਕਰੋੜ ਦੇ ਪ੍ਰਸਤਾਵਿਤ ਨਿਵੇਸ਼ ਸ਼ਾਮਲ ਹਨ। ਇਨ੍ਹਾਂ ਰਾਹੀਂ ਰਾਜ ਭਰ ਵਿੱਚ 6,16,436 ਲੋਕਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਸੰਭਾਵਨਾ ਹੈ।

ਇਹ ਨਿਵੇਸ਼ ਮੈਨੂਫੈਕਚਰਿੰਗ, ਸਟੀਲ, ਨਵਿਆਉਣਯੋਗ ਊਰਜਾ, ਫਾਰਮਾਸਿਊਟੀਕਲ, ਫੂਡ ਪ੍ਰੋਸੈਸਿੰਗ, ਸਿਹਤ ਸੇਵਾਵਾਂ, ਸਿੱਖਿਆ, ਸੀਮੈਂਟ, ਹੋਟਲ ਉਦਯੋਗ, ਲਾਜਿਸਟਿਕਸ ਅਤੇ ਸੂਚਨਾ ਤਕਨਾਲੋਜੀ ਵਰਗੇ ਖੇਤਰਾਂ ਵਿੱਚ ਹੋਏ ਹਨ। ਟਾਟਾ ਸਟੀਲ, HMEL Organics, SAEL Solar, ਅੰਬੂਜਾ ਸੀਮੈਂਟਸ, ਹੈਪੀ ਫੋਰਜਿੰਗਜ਼, ਵਰਧਮਾਨ ਸਪੈਸ਼ਲ ਸਟੀਲਜ਼, ਨੈਸਲੇ ਇੰਡੀਆ ਅਤੇ ਹੋਰ ਕਈ ਪ੍ਰਮੁੱਖ ਕੰਪਨੀਆਂ ਨੇ ਪੰਜਾਬ ਵਿੱਚ ਵੱਡੇ ਵਿਸਥਾਰ ਪ੍ਰੋਜੈਕਟਾਂ ਲਈ ਚੋਣ ਕੀਤੀ ਹੈ, ਜੋ ਰਾਜ ਦੀ ਅਰਥਵਿਵਸਥਾ ਵਿੱਚ ਮੁੜ ਬਣੇ ਵਿਸ਼ਵਾਸ ਨੂੰ ਦਰਸਾਉਂਦਾ ਹੈ।

ਇਸ ਸਰਕਾਰ ਨੇ ਇਸ ਲਈ ਦੋ-ਪੱਖੀ ਰਣਨੀਤੀ ਅਪਣਾਈ ਹੈ:

* ਪਾਰਦਰਸ਼ੀ ਸਰਕਾਰੀ ਭਰਤੀ, ਜਿੱਥੇ ਯੋਗ ਨੌਜਵਾਨਾਂ ਨੂੰ ਸਿਰਫ਼ ਯੋਗਤਾ ਦੇ ਆਧਾਰ ’ਤੇ ਨੌਕਰੀਆਂ ਮਿਲਦੀਆਂ ਹਨ; ਅਤੇ
* ਵੱਡੇ ਪੱਧਰ ’ਤੇ ਉਦਯੋਗਿਕ ਨਿਵੇਸ਼, ਜਿਸ ਨਾਲ ਨਿੱਜੀ ਖੇਤਰ ਵਿੱਚ ਟਿਕਾਊ ਰੋਜ਼ਗਾਰ ਦੇ ਮੌਕੇ ਪੈਦਾ ਹੋ ਰਹੇ ਹਨ।

ਇਹ ਦੂਰਦਰਸ਼ੀ ਸ਼ਾਸਨ ਹੈ। ਇਹ ਉਹ ਸ਼ਾਸਨ ਹੈ ਜੋ ਸਾਡੇ ਨੌਜਵਾਨਾਂ ਨੂੰ ਮਜ਼ਬੂਤ ਬਣਾਉਂਦਾ ਹੈ, ਨਾ ਕਿ ਉਨ੍ਹਾਂ ਨੂੰ ਮਜਬੂਰੀ ਵਿੱਚ ਪਰਵਾਸ ਕਰਨ ਲਈ ਮਜਬੂਰ ਕਰਦਾ ਹੈ।

ਇਹ ਸਦਨ ਮੰਨਦਾ ਹੈ ਕਿ ਬੇਰੋਜ਼ਗਾਰੀ ਦੀ ਚੁਣੌਤੀ ਅਜੇ ਵੀ ਮੌਜੂਦ ਹੈ ਅਤੇ ਹੋਰ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ ਪਰ ਇਹ ਵੀ ਮਹੱਤਵਪੂਰਣ ਹੈ ਕਿ ਉਸ ਸਰਕਾਰ ਦੀ ਸ਼ਲਾਘਾ ਕੀਤੀ ਜਾਵੇ ਜਿਸ ਨੇ ਭ੍ਰਿਸ਼ਟਾਚਾਰ ਦੀ ਥਾਂ ਪਾਰਦਰਸ਼ਤਾ, ਪੱਖਪਾਤ ਦੀ ਥਾਂ ਯੋਗਤਾ ਅਤੇ ਠਹਿਰਾਅ ਦੀ ਥਾਂ ਵਿਕਾਸ ਨੂੰ ਤਰਜੀਹ ਦਿੱਤੀ ਹੈ।

ਇਸ ਲਈ ਇਹ ਸਦਨ ਮਾਣਯੋਗ ਮੁੱਖ ਮੰਤਰੀ ਜੀ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਪ੍ਰਤੀ ਧੰਨਵਾਦ ਕਰਦਾ ਹੈ -

- ਭਰਤੀ ਪ੍ਰਣਾਲੀ ਵਿੱਚ ਵਿਸ਼ਵਾਸ ਮੁੜ ਸਥਾਪਿਤ ਕਰਨ ਅਤੇ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਰਹਿਤ ਨਿਯੁਕਤੀਆਂ ਯਕੀਨੀ ਬਣਾਉਣ ਲਈ;
- ਵੱਖ-ਵੱਖ ਵਿਭਾਗਾਂ ਵਿੱਚ ਯੋਗਤਾ ਦੇ ਆਧਾਰ ’ਤੇ 68,228 ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਲਈ;
- ₹1,83,837 ਕਰੋੜ ਦੇ 9,899 ਨਿਵੇਸ਼ ਪ੍ਰਸਤਾਵ ਆਕਰਸ਼ਿਤ ਕਰਨ ਅਤੇ ਪੰਜਾਬ ਵਿੱਚ 6,16,436 ਰੋਜ਼ਗਾਰ ਮੌਕਿਆਂ ਦੀ ਸੰਭਾਵਨਾ ਪੈਦਾ ਕਰਨ ਲਈ;
- ਅਜਿਹਾ ਮਾਹੌਲ ਤਿਆਰ ਕਰਨ ਲਈ ਜਿੱਥੇ ਸਰਕਾਰੀ ਅਤੇ ਨਿੱਜੀ ਦੋਵੇਂ ਖੇਤਰਾਂ ਵਿੱਚ ਰੋਜ਼ਗਾਰ ਦੇ ਮੌਕੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਮਜ਼ਬੂਤ ਕਰ ਰਹੇ ਹਨ;

ਇਹ ਸਦਨ ਮਾਣਯੋਗ ਮੁੱਖ ਮੰਤਰੀ ਜੀ ਅਤੇ ਉਨ੍ਹਾਂ ਦੀ ਸਰਕਾਰ ਨੂੰ ਇੱਕ ਖੁਸ਼ਹਾਲ, ਤਰੱਕੀਸ਼ੀਲ ਅਤੇ ਰੋਜ਼ਗਾਰ ਕੇਂਦਰਿਤ ਪੰਜਾਬ ਦੀ ਮਜ਼ਬੂਤ ਨੀਂਹ ਰੱਖਣ ਲਈ ਵਧਾਈ ਦਿੰਦਾ ਹੈ ਅਤੇ ਸ਼ਲਾਘਾ ਕਰਦਾ ਹੈ।

ਬਹਿਸ, ਹਾਂ ਜੀ, ਧਾਲੀਵਾਲ ਸਾਹਿਬ, ਕੀ ਮਤੇ ਤੇ ਤੁਸੀਂ ਹੋਰ ਕੁਝ ਕਹਿਣਾ ਚਾਹੁੰਦੇ ਹੋ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਨਹੀਂ, ਸਰ, ਮੈਂ ਚਾਹੁੰਦਾ ਹਾਂ ਕਿ ਸਾਡੇ ਸਦਨ ਦੇ ਐਮ.ਐਲ.ਏ. ਸਾਹਿਬਾਨ ਇਸ ਤੇ ਜ਼ਰੂਰ ਬੋਲਣ ਕਿਉਂਕਿ ਇਹ ਬਹੁਤ ਵੱਡਾ ਵਿਸ਼ਾ ਹੈ। ਸਰ, ਜਦੋਂ ਸਾਡੇ ਨੌਜਵਾਨਾਂ ਨੂੰ ਨੌਕਰੀਆਂ ਮਿਲਦੀਆਂ ਹਨ, ਅਸੀਂ ਦਿੱਲੀ ਵਿੱਚ ਦੇਖਿਆ ਹੈ ਕਿ ਯੰਗ ਜੈਨਰੇਸ਼ਨ ਨੇ ਕੀ ਕੀਤਾ ਹੈ, ਉਨ੍ਹਾਂ ਦੇ ਭਵਿੱਖ ਨਾਲ ਕਿਸ ਤਰ੍ਹਾਂ ਖਿਲਵਾੜ ਹੋ ਰਿਹਾ ਸੀ। ਮਾਨ ਸਾਹਿਬ ਦੀ ਸਰਕਾਰ ਪੰਜਾਬ ਵਿੱਚ ਨੌਜਵਾਨਾਂ ਦੇ ਭਵਿੱਖ ਲਈ ਇੰਨੇ ਵਧੀਆ ਸੁਰੱਖਿਅਤ ਰਸਤੇ ਖੋਲ੍ਹ ਰਹੀ ਹੈ, ਉਸ ਲਈ ਮੇਰੀ ਮੰਗ ਹੈ ਕਿ ਸਦਨ ਵਿੱਚ ਬਹਿਸ ਕਰਵਾਈ ਜਾਵੇ ਔਰ ਸਰਕਾਰ ਦੇ ਇਸ ਉਪਰਾਲੇ ਦੀ ਪੂਰੀ ਦੁਨੀਆਂ ਨੂੰ ਜਾਣਕਾਰੀ ਮਿਲੇ। ਮੈਂ ਤੁਹਾਡੇ ਕੋਲ ਇਹੀ ਮੰਗ ਕਰਾਂਗਾ ਕਿ ਇਸ ਤੇ ਬਹਿਸ ਹੋਣੀ ਚਾਹੀਦੀ ਹੈ। ਧੰਨਵਾਦ ਜੀ।

**ਸ਼੍ਰੀਮਤੀ ਜੀਵਨ ਜੋਤ ਕੌਰ (ਅੰਮ੍ਰਿਤਸਰ ਪੂਰਬੀ):** ਸਪੀਕਰ ਸਾਹਿਬ, ਧੰਨਵਾਦ ਜੀ, ਤੁਸੀਂ ਮੈਨੂੰ ਇਸ ਇੰਪਾਰਟੈਂਟ ਵਿਸ਼ੇ ਤੇ ਜਿਹੜਾ ਸਾਡੇ ਕੁਲੀਗ ਧਾਲੀਵਾਲ ਸਾਹਿਬ ਨੇ ਧੰਨਵਾਦ ਪ੍ਰਸਤਾਵ ਰੱਖਿਆ ਹੈ, ਉਸ ਤੇ ਬੋਲਣ ਲਈ ਤੁਸੀਂ ਮੈਨੂੰ ਮੌਕਾ ਦਿੱਤਾ ਹੈ। ਇਹ ਵਿਸ਼ਾ ਵੈਸੇ ਵੀ ਮੇਰੇ ਬੜੇ ਦਿਲ ਦੇ ਕਰੀਬ ਸੀ, ਮੈਂ ਸੋਚਿਆ ਹੀ ਸੀ ਕਿ ਇਹ ਮੈਸੇਜ ਕਿਸੇ ਵੀ ਤਰ੍ਹਾਂ ਸਾਡੇ ਮੁੱਖ ਮੰਤਰੀ ਸਾਹਿਬ ਤੱਕ ਜਾਣਾ ਚਾਹੀਦਾ ਹੈ ਕਿਉਂਕਿ ਆਪਣੇ ਹਲਕੇ ਵਿੱਚ ਵਿਚਰਦਿਆਂ ਕਈ ਵਾਰ ਅਜਿਹਾ ਮੌਕਾ ਆਏ ਕਿ ਰਾਹ ਵਿੱਚ ਜਾਂਦੇ ਹੋਏ ਸਾਨੂੰ ਲੋਕ ਰੋਕਦੇ ਹਨ ਔਰ ਇੱਕ ਬਜ਼ੁਰਗ ਨੇ ਐਕਟਿਵਾ ਤੇ ਜਾਂਦੇ ਹੋਏ ਮੈਨੂੰ ਰੋਕਿਆ ਅਤੇ ਮੈਨੂੰ ਕਹਿੰਦੇ ਕਿ ਬੀਬਾ ਜੀ, ਭਗਵੰਤ ਮਾਨ ਨੂੰ ਮੇਰੇ ਵੱਲੋਂ ਧੰਨਵਾਦ ਆਖਿਓ। ਮੈਂ ਐਗਜ਼ੈਕਟਲੀ ਉਹੀ ਵਰਡਜ਼ ਬੋਲ ਰਹੀ ਹਾਂ, ਜੋ ਉਨ੍ਹਾਂ ਨੇ ਮੈਨੂੰ ਬੋਲੇ ਕਿ ਬੀਬਾ ਜੀ, ਭਗਵੰਤ ਨੂੰ ਮੇਰੇ ਵੱਲੋਂ ਧੰਨਵਾਦ ਆਖਿਓ। ਮੈਂ ਕਿਹਾ ਕਿ ਬਜ਼ੁਰਗੋ, ਦੱਸੋ ਕਿਸ ਗੱਲ ਦਾ ਧੰਨਵਾਦ? ਉਹ ਕਹਿੰਦੇ ਕਿ ਮੈਂ ਕਦੇ ਸੁਪਨੇ ਵਿੱਚ ਸੋਚਿਆ ਨਹੀਂ ਸੀ ਕਿ

ਮੇਰੇ ਘਰ ਵਿੱਚ ਮੇਰੇ ਦੋ ਬੱਚਿਆਂ ਨੂੰ ਸਰਕਾਰੀ ਨੌਕਰੀ ਮਿਲ ਜਾਵੇਗੀ। ਅੱਜ ਮੇਰੇ ਦੋਵੇਂ ਬੱਚਿਆਂ ਨੂੰ ਪਟਵਾਰੀ ਦੀ ਨੌਕਰੀ ਮਿਲੀ ਹੈ ਔਰ ਅਸੀਂ ਜੋ ਸੋਚਦੇ ਸੀ ਕਿ ਸਰਕਾਰੀ ਨੌਕਰੀਆਂ ਬਿਨਾਂ ਸਿਫਾਰਸ਼ ਅਤੇ ਬਿਨਾਂ ਰਿਸ਼ਵਤ ਤੋਂ ਨਹੀਂ ਮਿਲਦੀ। ਇਸ ਕਰਕੇ ਤੁਸੀਂ ਮੇਰਾ ਉਨ੍ਹਾਂ ਨੂੰ ਨਿੱਜੀ ਤੌਰ ਤੇ ਧੰਨਵਾਦ ਕਰ ਦਿਉ। ਸਪੀਕਰ ਸਾਹਿਬ, ਇਸ ਤੋਂ ਬਾਅਦ ਇਹ ਵੀ ਜ਼ਿਕਰਯੋਗ ਹੈ ਕਿ ਮੇਰੇ ਹਲਕੇ ਵਿੱਚ ਇੱਕ ਕਾਂਗਰਸ ਦੇ ਕੌਂਸਲਰ ਹਨ, ਮੈਂ ਨਾਮ ਨਹੀਂ ਲੈਣਾ ਪਰ ਉਨ੍ਹਾਂ ਦੇ ਘਰ ਵਿੱਚ ਵੀ ਦੋ ਸਰਕਾਰੀ ਨੌਕਰੀਆਂ ਮਿਲੀਆਂ ਔਰ ਉਹ ਹਰ ਜਗ੍ਹਾ ਇਹ ਐਗਜ਼ਾਂਪਲ ਦਿੰਦੇ ਹਨ ਕਿ ਬਿਨਾਂ ਪੱਖਪਾਤ ਤੋਂ ਇੱਕ ਕਾਂਗਰਸੀ ਕੌਂਸਲਰ ਦੇ ਘਰ ਉਨ੍ਹਾਂ ਦੀ daughter-in-law ਨੂੰ ਜਿੱਥੇ ਟੀਚਿੰਗ ਡਿਪਾਰਟਮੈਂਟ ਵਿੱਚ ਜੌਬ ਮਿਲੀ, ਉੱਥੇ ਹੀ ਉਨ੍ਹਾਂ ਦੇ ਬੇਟੇ ਨੂੰ ਪਟਵਾਰੀ ਦੀ ਜੌਬ ਮਿਲੀ। ਸੋ, ਇਹ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿਉਂਕਿ ਜਿਹੜੀ ਸਾਡੀ ਸਰਕਾਰੀ ਪ੍ਰਣਾਲੀ ਸੀ ਜਿਸ ਨਾਲ ਸਿਲੈਕਸ਼ਨ ਹੁੰਦੀ ਸੀ, ਉਸ ਤੋਂ ਸਾਡੇ ਨੌਜਵਾਨਾਂ ਦਾ ਭਰੋਸਾ ਹੀ ਉੱਠ ਗਿਆ ਸੀ। ਸੋ, ਮੈਂ ਸ਼ਲਾਘਾ ਕਰਨਾ ਚਾਹੁੰਦੀ ਹਾਂ, ਮੁੱਖ ਮੰਤਰੀ ਸਾਹਿਬ ਦੀ ਦ੍ਰਿੜ੍ਹਤਾ ਅਤੇ ਉਨ੍ਹਾਂ ਦੀ ਕੁਮਿੱਟਮੈਂਟ ਦੀ ਅਤੇ ਉਨ੍ਹਾਂ ਦੇ ਨਾਲ ਸਮੁੱਚੀ ਕੈਬਨਿਟ ਟੀਮ ਦੀ, ਜਿਹੜੀ ਟੀਮ ਦੀ ਲਗਨ ਸੀ, ਜਿਹੜਾ ਉਨ੍ਹਾਂ ਨੇ ਇੰਨੇ ਸਾਰੇ ਰੁਜ਼ਗਾਰ ਦੇ ਮੌਕੇ ਦਿੱਤੇ ਹਨ ਅਤੇ ਉਹ ਵੀ ਬਿਨਾਂ ਪੱਖਪਾਤ, ਬਿਨਾਂ ਰਿਸ਼ਵਤ ਤੋਂ, ਬਿਨਾਂ ਕਿਸੇ ਸਿਫਾਰਸ਼ ਤੋਂ। ਇਸ ਦੇ ਨਾਲ ਜਿੱਥੇ ਸਾਡੇ ਨੌਜਵਾਨਾਂ ਨੂੰ ਯਕੀਨ ਬਣਿਆ ਹੈ ਕਿ ਹੁਣ ਮਿਹਨਤ ਦੀ ਕਦਰ ਕੀਤੀ ਜਾਂਦੀ ਹੈ ਕਿਉਂਕਿ ਜਿੱਥੇ ਪਹਿਲਾਂ ਮੈਰਿਟ ਅਤੇ ਮਿਹਨਤ ਦਾ ਨਾਮ ਹੀ ਨਹੀਂ ਲਿਆ ਜਾਂਦਾ ਸੀ, ਮਿਹਨਤ ਅਤੇ ਮੈਰਿਟ ਨੂੰ ਪਿਛਲੀ ਬੈਕਸੀਟ ਤੇ ਰੱਖਿਆ ਜਾਂਦਾ ਸੀ। ਸੋ, ਇਹ ਬਹੁਤ ਵੱਡਾ ਸ਼ਲਾਘਾਯੋਗ ਕਦਮ ਹੈ। ਜਿੱਥੇ ਅਸੀਂ ਮੰਨਦੇ ਹਾਂ ਕਿ ਅਜੇ ਬੇਰੁਜ਼ਗਾਰੀ ਦੇ ਅੰਕੜੇ ਹਨ, ਜਿਹੜੇ ਹਾਲ ਹੀ ਵਿੱਚ ਪਾਰਲੀਮੈਂਟ ਵਿੱਚ ਪੇਸ਼ ਕੀਤੇ ਅੰਕੜੇ ਹਨ ਜਿਸ ਵਿੱਚ certainly ਇਹ ਦਰ ਇੰਪਰੂਵ ਕੀਤੀ ਹੈ।

**1150/Manika Rani**

ਜਿਹੜੀ ਨੈਸ਼ਨਲ ਐਵਰੇਜ ਹੈ, ਅਸੀਂ ਹਾਲੇ ਵੀ ਉਸ ਤੋਂ ਉੱਪਰ ਹਾਂ ਪਰੰਤੂ ਇਸ ਵਿੱਚ ਹੋਰ ਕੰਮ ਕਰਨ ਦੀ ਜ਼ਰੂਰਤ ਹੈ। At the same time, ਮੈਂ ਇਹ ਮੰਨਦੀ ਹਾਂ ਕਿ ਅਗਰ ਸਰਕਾਰ ਬਹੁਤ ਵਧੀਆ ਕੰਮ ਕਰ ਰਹੀ ਹੈ ਤਾਂ ਲੋਕ ਪਰਸਨਲੀ ਤੌਰ ਤੇ ਸਰਕਾਰ ਦੀ ਸਰਾਹੁਣਾ ਵੀ ਕਰ ਰਹੇ ਹਨ। ਲੋਕਾਂ ਦੇ ਨਿੱਜੀ ਮੈਸੇਜ ਸੀ.ਐਮ. ਸਾਹਿਬ ਤੱਕ ਜ਼ਰੂਰ ਪਹੁੰਚਣੇ ਚਾਹੀਦੇ ਹਨ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਮਨਪ੍ਰੀਤ ਸਿੰਘ ਇਆਲੀ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਸਰ, ਪ੍ਰਸਤਾਵ ਹੀ ਨਹੀਂ ਮਿਲਿਆ ਜੀ।

**ਮਾਣਯੋਗ ਸਪੀਕਰ:** ਕੀ ਪ੍ਰਸਤਾਵ ਆਇਆ ਨਹੀਂ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਨਹੀਂ ਜੀ, ਨਹੀਂ। ਜੇ ਪ੍ਰਸਤਾਵ ਆਏਗਾ ਤਾਂ ਹੀ ਬੋਲਾਂਗੇ ਜੀ।

**ਸ੍ਰੀ ਸੰਦੀਪ ਜਾਖੜ (ਬੈਠੇ-ਬੈਠੇ):** ਨਾ ਹੀ ਕੱਲ੍ਹ ਵਾਲਾ ਆਇਆ ਜੀ ਅਤੇ ਨਾ ਹੀ ਪਰਸੋਂ ਵਾਲਾ ਪ੍ਰਸਤਾਵ ਆਇਆ ਸੀ।

**ਮਾਣਯੋਗ ਸਪੀਕਰ:** ਚੈੱਕ ਕਰਵਾ ਦਿਉ ਜੀ। ਹਾਰਡ ਕਾਪੀ ਕੱਢ ਕੇ ਦੇ ਦਿਉ।

(ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਵੱਲੋਂ ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰੀ ਨੂੰ ਹਾਰਡ ਕਾਪੀ ਕੱਢ ਕੇ ਮੈਂਬਰ ਸਾਹਿਬ ਕੋਲ ਪਹੁੰਚਾਉਣ ਲਈ ਨਿਰਦੇਸ਼ ਦਿੱਤੇ ਗਏ।)

**ਮਾਣਯੋਗ ਸਪੀਕਰ:** ਕਾਪੀ ਕਢਵਾ ਕੇ ਦੇ ਦਿੰਦੇ ਹਨ। ਹੁਣੇ ਕਰਵਾ ਦਿੰਦੇ ਹਾਂ ਜੀ। ਹਾਂ ਜੀ, ਡਾਕਟਰ ਬਲਜੀਤ ਕੌਰ ਜੀ।

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਮੰਤਰੀ (ਡਾਕਟਰ ਬਲਜੀਤ ਕੌਰ):** ਬਹੁਤ-ਬਹੁਤ ਸ਼ੁਕਰੀਆ ਸਪੀਕਰ ਸਾਹਿਬ। ਅੱਜ ਅਸੀਂ ਪੰਜਾਬ ਦੇ ਵਿੱਚ ਰੁਜ਼ਗਾਰ ਦੀ ਗੱਲ ਕਰ ਰਹੇ ਹਾਂ। ਕੰਮ ਕਰਦੇ ਹੱਥਾਂ ਦੀ ਗੱਲ ਕਿਉਂਕਿ ਜਿੱਥੇ ਹੱਥ ਕੰਮ ਕਰਦੇ ਹੋਣ, ਉਥੇ ਹੀ ਜ਼ਿੰਦਗੀ ਹੈ। ਡਾਕਟਰ ਨਵਤੇਜ ਭਾਰਤੀ ਨੇ ਲਿਖਿਆ ਸੀ ਕਿ *'ਕੰਮ ਕਰਦੇ ਹੱਥ ਜਦੋਂ ਇੱਕ-ਦੂਜੇ ਨਾਲ ਮਿਲਦੇ ਹਨ ਤਾਂ ਇਹ ਦੁਨੀਆ ਜਿਊਣ ਜੋਗੀ ਹੋ ਜਾਂਦੀ ਹੈ।'* ਸਾਡੀ ਧਰਤੀ ਸੂਰਜ ਦੁਆਲੇ ਨਹੀਂ ਸਗੋਂ ਕੰਮ ਕਰਦੇ ਹੱਥਾਂ ਦੁਆਲੇ ਘੁੰਮਦੀ ਹੈ। ਜਿੱਥੇ ਸਾਨੂੰ ਰੁਜ਼ਗਾਰ ਮਿਲਦਾ ਹੈ, ਉਥੇ ਦੁਨੀਆ ਵੱਸਦੀ ਹੈ। ਪੰਜਾਬ ਦੇ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਇੱਕ ਪਿਰਤ ਪੈ ਗਈ ਸੀ ਕਿ ਜੇਕਰ ਸਾਨੂੰ ਨੌਕਰੀਆਂ ਚਾਹੀਦੀਆਂ ਹਨ, ਜੇ ਅਸੀਂ ਘਰ ਚਲਾਉਣੇ ਹਨ ਤਾਂ ਆਪਣੇ ਬੱਚਿਆਂ ਨੂੰ ਪੰਜਾਬ ਤੋਂ ਬਾਹਰ ਭੇਜੋ ਅਤੇ ਬਾਹਰਲੇ ਮੁਲਕਾਂ ਦੇ ਗੁਲਾਮ ਬਣਾਉ। ਇਹ ਪਿਰਤ ਤੋੜਣੀ ਕੋਈ ਸੌਖੀ ਨਹੀਂ ਹੈ ਕਿਉਂਕਿ ਭਾਰਤ ਇਹੋ-ਜਿਹਾ ਦੇਸ਼ ਹੈ, ਜੋ ਕਿ ਗਰੀਬਾਂ, ਭੁੱਖਿਆਂ ਅਤੇ ਕਰੋੜਪਤੀਆਂ ਦਾ ਦੇਸ਼ ਹੈ ਔਰ ਜਦੋਂ ਵਰਗਾਂ ਵਿੱਚ ਇੰਨਾ ਫਰਕ ਹੋਵੇ ਤਾਂ ਉਨ੍ਹਾਂ ਨੂੰ ਇੱਕ ਸਮਾਨਤਾ ਤੇ ਲਿਆਉਣਾ, ਉਨ੍ਹਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕਰਨਾ, ਇੱਕ ਬਹੁਤ ਵੱਡਾ ਚੈਲੰਜ ਹੁੰਦਾ ਹੈ। ਪੰਜਾਬ ਵਿੱਚ ਮਾਨ ਸਰਕਾਰ ਨੇ ਇਸ ਚੈਲੰਜ ਨੂੰ ਸਵੀਕਾਰ ਕੀਤਾ। ਹਾਲਾਂਕਿ ਅਸੀਂ ਮੰਨਦੇ ਹਾਂ ਕਿ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ ਪਰ ਜੋ ਕੁਝ ਪਿਛਲੇ ਚਾਰ ਸਾਲਾਂ ਦੌਰਾਨ ਹੋਇਆ ਹੈ, ਉਨ੍ਹਾਂ ਦੀਆਂ ਉਦਾਹਰਨਾਂ ਲੋਕਾਂ ਨੇ ਆਪ ਦਿੱਤੀਆਂ ਹਨ। ਮੈਂ ਆਪਣੇ ਹਲਕੇ ਦੇ ਇੱਕ ਪਿੰਡ ਦੀ ਉਦਾਹਰਨ ਦੇਣਾ ਚਾਹੁੰਦੀ ਹਾਂ। ਸਾਡੇ ਹਲਕੇ ਦੇ ਵਿੱਚ ਇੱਕ ਫਖਰਸਰ ਪਿੰਡ ਹੈ, ਜਿਸ ਦੇ ਵਿੱਚ 25 ਨੌਜਵਾਨਾਂ ਨੂੰ ਪਿਛਲੇ ਚਾਰ ਸਾਲਾਂ ਦੌਰਾਨ ਰੁਜ਼ਗਾਰ ਮਿਲਿਆ ਹੈ। ਸਪੀਕਰ ਸਾਹਿਬ, ਇਨ੍ਹਾਂ 25 ਨੌਜਵਾਨਾਂ ਵਿੱਚੋਂ 20 ਬੱਚੇ ਐਸ.ਸੀ. ਕੈਟਾਗਿਰੀ ਨਾਲ ਸਬੰਧਤ ਹਨ। ਸੋ, ਮੈਂ ਇਸ ਲਈ ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ, ਪੰਜਾਬ ਜੀ ਦਾ ਧੰਨਵਾਦ ਕਰਦੀ ਹਾਂ ਕਿਉਂਕਿ ਉਨ੍ਹਾਂ ਨੇ ਸਭ ਤੋਂ ਪਹਿਲਾਂ ਇਹ ਕੋਸ਼ਿਸ਼ ਕੀਤੀ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਪੱਧਰ ਇਸ ਕਦਰ ਉੱਚਾ ਚੁੱਕੀਏ ਕਿ ਜਿਹੜੇ ਬੱਚੇ ਉਨ੍ਹਾਂ ਘਰਾਂ ਵਿੱਚੋਂ ਆਉਂਦੇ ਹਨ, ਜਿੱਥੇ ਦੋ ਵੇਲੇ ਦੀ ਰੋਟੀ ਖਾਣ ਲਈ ਨਹੀਂ ਮਿਲਦੀ ਕਮ-ਸੇਕਮ ਸਕੂਲਾਂ ਵਿੱਚ ਉਨ੍ਹਾਂ ਦੇ ਹੱਥਾਂ ਵਿੱਚ ਕਿਤਾਬਾਂ ਮਿਲ ਸਕਣ ਔਰ ਉਨ੍ਹਾਂ ਨੂੰ ਇੰਨੀ ਕੁ ਐਜੂਕੇਸ਼ਨ ਮਿਲ ਸਕੇ ਕਿ ਉਹ ਕਿਸੇ ਰੁਜ਼ਗਾਰ ਤੱਕ ਪਹੁੰਚ ਸਕਣ। ਸੋ,

ਇਹ ਦਲਿਤ ਵਰਗ ਲਈ ਇੱਕ ਬਹੁਤ ਵੱਡਾ ਬਦਲਾਅ ਇਸ ਕਰਕੇ ਹੈ ਅਤੇ ਇਹ ਦੱਸਣਾ ਲਾਜ਼ਮੀ ਵੀ ਹੈ ਕਿ ਪਿਛਲੀਆਂ ਸਰਕਾਰਾਂ ਦੌਰਾਨ ਐਸ.ਸੀ. ਸਕਾਲਰਸ਼ਿਪ, ਜੋ ਕਿ ਤਿੰਨ ਸਾਲ ਬੰਦ ਰਹੀ ਅਤੇ ਜਿਸ ਦੇ ਜ਼ਿੰਮੇਵਾਰ ਬੀ.ਜੇ.ਪੀ. ਦੀ ਸਰਕਾਰ ਅਤੇ ਕਾਂਗਰਸ ਸਰਕਾਰ ਦੋਨਾਂ ਨੇ ਰਲ ਕੇ ਐਸ.ਸੀ. ਬੱਚਿਆਂ ਦਾ ਬੇੜਾ ਡੋਬਿਆ। ਸਪੀਕਰ ਸਾਹਿਬ, ਜਿੱਥੇ ਸਕਾਲਰਸ਼ਿਪ ਬੰਦ ਰਹੀ, ਉਥੇ ਉਨ੍ਹਾਂ ਬੱਚਿਆਂ ਦੀਆਂ ਡਿਗਰੀਆਂ ਵੀ ਰੋਕ ਲਈਆਂ ਗਈਆਂ ਔਰ ਜਿਹੜੀਆਂ ਨੌਕਰੀਆਂ ਨਿਕਲਦੀਆਂ ਸਨ, ਉਨ੍ਹਾਂ ਲਈ ਅਪਲਾਈ ਵੀ ਨਹੀਂ ਕਰ ਸਕੇ। ਕਿੰਨੇ-ਕਿੰਨੇ ਸਾਲ ਉਹ ਨੌਕਰੀਆਂ ਤੋਂ ਵਾਂਝੇ ਰਹੇ। ਸਪੀਕਰ ਸਾਹਿਬ, ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਸਾਲ 2022 ਵਿੱਚ ਬਣਦੀ ਹੈ ਤਾਂ ਇਨ੍ਹਾਂ ਚਾਰ ਸਾਲਾਂ ਦੌਰਾਨ 35 ਪ੍ਰਤੀਸ਼ਤ ਐਸ.ਸੀ. ਬੱਚਿਆਂ ਦੀ ਸਕਾਲਰਸ਼ਿਪ ਵਿੱਚ ਵਾਧਾ ਹੋਇਆ ਹੈ। 35 ਪ੍ਰਤੀਸ਼ਤ ਬੱਚੇ ਸਕਾਲਰਸ਼ਿਪ ਦਾ ਲਾਭ ਲੈਣ ਲਈ ਵਧ ਗਏ ਹਨ, ਉਥੇ ਪਿਛਲੀਆਂ ਸਰਕਾਰਾਂ ਨੇ ਪਿਛਲੇ ਤਿੰਨ ਸਾਲਾਂ ਤੋਂ ਬੱਚਿਆਂ ਦੀ ਸਕਾਲਰਸ਼ਿਪ ਰੋਕ ਰੱਖੀ ਸੀ। ਅਸੀਂ ਉਹ ਵੀ ਤਿੰਨ ਸਾਲਾਂ ਦੀ ਸਕਾਲਰਸ਼ਿਪ ਦਿੱਤੀ ਹੈ।

**1155/Gurpreet kaur**

ਸੋ, ਪਿਛਲੇ 4 ਸਾਲਾਂ ਵਿੱਚ 10 ਲੱਖ ਤੋਂ ਵੱਧ ਐਸ.ਸੀ. ਬੱਚਿਆਂ ਨੇ ਪੰਜਾਬ ਸਰਕਾਰ ਤੋਂ ਸਕਾਲਰਸ਼ਿਪ ਲਈ ਅਤੇ ਉਹ ਰੁਜ਼ਗਾਰ ਤੱਕ ਪਹੁੰਚੇ। ਇੱਥੇ ਬਹੁਤ ਸਾਰੀਆਂ ਗੱਲਾਂ ਇਸ ਤਰ੍ਹਾਂ ਦੀਆਂ ਵੀ ਹੁੰਦੀਆਂ ਰਹੀਆਂ ਹਨ ਜਦੋਂ ਸਾਡੇ ਵਿਭਾਗ ਵੱਲੋਂ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ ਨੌਕਰੀਆਂ ਕੱਢੀਆਂ ਗਈਆਂ ਤਾਂ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਜੋ ਪੰਜਾਬ ਤੇ ਹੁਣ ਤੱਕ ਰਾਜ ਕਰਦੀਆਂ ਰਹੀਆਂ, ਉਨ੍ਹਾਂ ਵੱਲੋਂ ਅਜਿਹੀਆਂ ਗੱਲਾਂ ਵੀ ਆਈਆਂ ਕਿ ਇਹ ਵੀ ਕੋਈ ਨੌਕਰੀਆਂ ਹਨ? ਜੇਕਰ ਇੱਕ ਧੀ ਭੈਣ ਆਪਣੇ ਪਿੰਡ ਵਿੱਚ ਬੈਠ ਕੇ ਨੌਕਰੀ ਕਰ ਰਹੀ ਹੈ , ਰੁਜ਼ਗਾਰ ਚਲਾ ਰਹੀ ਹੈ ਕੀ ਇਹ ਵੱਡੀ ਗੱਲ ਨਹੀਂ ਹੈ। ਮਾਨ ਸਰਕਾਰ ਦੀ ਟੈਨਿਓਰ ਵਿੱਚ 10 ਹਜਾਰ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ। (ਥੰਪਿੰਗ) ਸੋ, ਇੱਕ ਔਰਤ ਨੂੰ ਸਕਸ਼ਮ ਕਰਨ ਲਈ, ਉਹ ਔਰਤ ਜਿਸ ਦਾ ਪਿੰਡ ਤੋਂ ਬਾਹਰ ਜਾਣਾ ਵੀ ਬਹੁਤ ਵੱਡੀ ਗੱਲ ਹੈ, ਉਨ੍ਹਾਂ ਨੂੰ ਬੈਠਿਆਂ ਨੂੰ ਰੁਜ਼ਗਾਰ ਦਿੱਤਾ ਗਿਆ। ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦੀ ਹਾਂ। ਮੈਂ ਵਿਸ਼ੇਸ਼ ਤੌਰ ਤੇ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਜੀ ਦਾ ਵੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਸਕੂਲਾਂ ਵਿੱਚ ਬਹੁਤ ਮਿਹਨਤ ਕੀਤੀ ਹੈ ਕਿਉਂਕਿ ਸਿੱਖਿਆ ਤੇ ਰੁਜ਼ਗਾਰ ਅਤੇ ਉਸ ਤੋਂ ਅੱਗੇ ਜ਼ਿੰਦਗੀ ਇਸ ਦਾ ਬਹੁਤ ਡੂੰਘਾ ਸਬੰਧ ਹੈ। ਜਦੋਂ ਕੋਈ ਪਾਪੂਲੇਸ਼ਨ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਮੂਵ ਕਰਦੀ ਹੈ ਤਾਂ ਉਸ ਪਿੱਛੇ ਸਭ ਤੋਂ ਵੱਡੀ ਗੱਲ ਰੁਜ਼ਗਾਰ ਹੁੰਦੀ ਹੈ ਅਤੇ ਉਸ ਦੇ ਪਿੱਛੇ ਹੀ ਲੋਕ ਉਸ ਤਰ੍ਹਾਂ ਦੀ ਸਿੱਖਿਆ ਹਾਸਲ ਕਰਦੇ ਹਨ। ਜੇਕਰ ਅਸੀਂ ਕਹਿੰਦੇ ਹਾਂ ਕਿ ਪੰਜਾਬ ਵਿੱਚ ਪ੍ਰਵਾਸੀ ਕਿਉਂ ਆਉਂਦੇ ਹਨ। ਇਸ ਪਿੱਛੇ ਵੀ ਵੱਡਾ ਕਾਰਨ ਰੁਜ਼ਗਾਰ ਹੈ। ਜੇਕਰ ਪੰਜਾਬ ਦੇ ਨੌਜਵਾਨ ਬਾਹਰ ਜਾ ਰਹੇ ਹਨ ਤਾਂ ਇਸ ਪਿੱਛੇ ਵੀ

ਰੁਜ਼ਗਾਰ ਵੱਡਾ ਕਾਰਨ ਹੈ। ਇਹ ਸਿੱਖਿਆ ਤੇ ਹੀ ਨਿਰਭਰ ਕਰਦਾ ਹੈ ਕਿ ਸਾਨੂੰ ਕਿਸ ਤਰ੍ਹਾਂ ਦਾ ਰੁਜ਼ਗਾਰ ਮਿਲੇਗਾ। ਅੰਤ ਵਿੱਚ ਮੈਂ ਦੋ ਸ਼ਬਦਾਂ ਵਿੱਚ ਡਾਕਟਰ ਸੁਰਜੀਤ ਪਾਤਰ ਦੀਆਂ ਲਾਈਨਾਂ ਕਹਿਣਾ ਚਾਹੁੰਦੀ ਹਾਂ:

ਪਿੱਛੇ ਪਿੱਛੇ ਰਿਜ਼ਕ ਦੇ ਆਇਆ ਨੰਦ ਕਿਸ਼ੋਰ

ਸਾਨੂੰ ਕਈ ਵਾਰ ਲੱਗਦਾ ਹੈ ਕਿ ਪੰਜਾਬ ਵਿੱਚ ਨੰਦ ਕਿਸ਼ੋਰ ਵਰਗੇ ਲੋਕ ਵੀ ਆ ਕੇ ਵਧਣ ਫੁੱਲਣ ਲੱਗ ਗਏ। ਸੋ, ਇਸ ਪਿੱਛੇ ਵੀ ਰੁਜ਼ਗਾਰ ਹੈ ਅਤੇ ਉਨ੍ਹਾਂ ਦੀ ਮਿਹਨਤ ਹੈ।

ਪਿੱਛੇ ਪਿੱਛੇ ਰਿਜ਼ਕ ਦੇ ਆਇਆ ਨੰਦ ਕਿਸ਼ੋਰ

ੳ ਅ ਲਿਖ ਰਹੀ ਬੇਟੀ ਨੰਦ ਕਿਸ਼ੋਰ ਦੀ

ਕਿੰਨਾ ਗੂੜ੍ਹਾ ਸਾਕ ਹੈ ਅੱਖਰਾਂ ਅਤੇ ਰਿਜ਼ਕ ਦਾ

ਉਹ ਕਿਉਂ ਇੱਥੇ ਆ ਕੇ ਪੰਜਾਬੀ ਪੜ੍ਹਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜੇਕਰ ਪੰਜਾਬ ਵਿੱਚ ਅਸੀਂ ਪੰਜਾਬੀਆਂ ਵਰਗੇ ਬਣਾਂਗੇ ਤਾਂ ਸਾਨੂੰ ਇੱਥੇ ਰੁਜ਼ਗਾਰ ਮਿਲੇਗਾ। ਅਸੀਂ ਕਾਨਵੈਂਟ ਸਕੂਲਾਂ ਵਿੱਚ ਵੀ ਇਸ ਲਈ ਪੜ੍ਹਦੇ ਹਾਂ ਕਿਉਂਕਿ ਹੁਣ ਤੱਕ ਸਾਡਾ ਵੀ ਮਕਸਦ ਇਹੀ ਰਿਹਾ ਸੀ ਕਿ ਅਸੀਂ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਅੰਗਰੇਜ਼ੀ ਬੋਲਾਂਗੇ।

ਇਸੇ ਪਿੰਡ ਦੇ ਲਾਡਲੇ ਪੋਤੇ ਅੱਛਰ ਸਿੰਘ ਦੇ

ਕਾਨਵੈਂਟ ਵਿੱਚ ਪੜ੍ਹ ਰਹੇ, ਏ ਬੀ ਸੀ ਡੀ ਪੜ੍ਹ ਰਹੇ,

ਏ ਬੀ ਸੀ ਡੀ ਸਿੱਖਦੇ ਪੋਤੇ ਅੱਛਰ ਸਿੰਘ ਦੇ

ਕਿੰਨਾ ਗੂੜ੍ਹਾ ਸਾਕ ਹੈ ਅੱਖਰ ਅਤੇ ਰਿਜ਼ਕ ਦਾ

ਸੋ, ਇਹ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਅੱਜ ਪੰਜਾਬ ਨੂੰ ਏਨਾ ਮਜ਼ਬੂਤ ਕੀਤਾ ਹੈ ਕਿ ਕਾਨਵੈਂਟ ਸਕੂਲਾਂ ਦੀ ਪਿਰਤ ਹੌਲੀ ਹੌਲੀ ਖਤਮ ਹੁੰਦੀ ਜਾ ਰਹੀ ਹੈ। ਇੱਕੋ ਸਕੂਲ ਵਿੱਚ ਇੱਕੋ ਜਿਹੀ ਐਜੁਕੇਸ਼ਨ ਭਾਵੇਂ ਅਮੀਰ, ਭਾਵੇਂ ਗਰੀਬ ਹੋਵੇ। ਇਹ ਜੋ ਆਮ ਆਦਮੀ ਪਾਰਟੀ ਦਾ ਸੁਪਨਾ ਸੀ, ਉਸ ਨੂੰ ਸਕਾਰ ਕਰਦੇ ਹੋਏ ਜੋ ਰੁਜ਼ਗਾਰ ਵਿੱਚ ਵਾਧਾ ਹੋਇਆ ਹੈ, ਇਸ ਦੇ ਲਈ ਮੈਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ। ਬਹੁਤ ਬਹੁਤ ਸ਼ੁਕਰੀਆ ਜੀ।

**ਮਾਣਯੋਗ ਸਪੀਕਰ:** ਖਹਿਰਾ ਸਾਹਿਬ, ਤੁਸੀਂ ਇੰਪਲਾਇਮੈਂਟ ਤੇ ਬੋਲਣਾ ਹੈ?

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਪਹਿਲਾਂ ਤਾਂ ਇਹ ਵਿਧਾਨਕਾਰ ਕੰਮ-ਕਾਰ ਵਿੱਚ ਅਤੇ ਕਾਰਜ ਸੂਚੀ ਵਿੱਚ ਸਰਕਾਰੀ ਮਤੇ ਦਾ ਕੋਈ ਜ਼ਿਕਰ ਨਹੀਂ ਹੈ ਪਰ ਤੁਸੀਂ ਇਹ ਮਤਾ ਲੈ ਆਏ ਹੋ ਇਸ ਲਈ ਅਸੀਂ ਰੈਂਡਮਲੀ ਗੱਲ ਕਰ ਸਕਦੇ ਹਾਂ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਰੇ ਦੇਸ਼ ਵਿੱਚ ਕਾਫੀ ਅਰਸੇ ਤੋਂ ਜਿਹੜੇ ਬੋਰਡ ਲੱਗੇ ਹੋਏ ਹਨ, ਪੰਜਾਬ ਦੇ ਕੋਨੇ ਕੋਨੇ ਵਿੱਚ ਵੀ ਲੱਗੇ ਹੋਏ ਹਨ ਕਿ ਕਦੇ 35 ਹਜਾਰ ਨੌਕਰੀਆਂ, ਕਦੇ 47 ਹਜਾਰ ਨੌਕਰੀਆਂ, ਕਦੇ 50 ਹਜਾਰ ਨੌਕਰੀਆਂ ਦੀ ਗੱਲ ਕੀਤੀ ਜਾਂਦੀ ਹੈ। ਅਸੀਂ ਬਹੁਤ ਵਾਰ ਮੰਗ ਕੀਤੀ ਹੈ ਕਿ

ਪੰਜਾਬ ਵਿੱਚ ਜਿੰਨੀਆਂ ਵੀ ਨੌਕਰੀਆਂ ਦਿੱਤੀਆਂ ਗਈਆਂ ਹਨ ਕੀ ਪੰਜਾਬ ਸਰਕਾਰ ਉਸ ਦਾ ਵਾਈਟ ਪੇਪਰ ਜਾਰੀ ਕਰ ਸਕਦੀ ਹੈ ਕਿ ਕਿਹੜੀ ਪੋਸਟ ਸੀ, ਉਸ ਵਿੱਚ ਕਿਹੜਾ ਕੈਂਡੀਡੇਟ ਸਿਲੈਕਟ ਹੋਇਆ ਅਤੇ ਉਸ ਦਾ ਐਡਰੈਸ ਵੀ ਦੱਸਿਆ ਜਾਵੇ। ਪੀ.ਐਸ.ਪੀ.ਸੀ.ਐਲ. ਦੀਆਂ ਬਹੁਤ ਸਾਰੀਆਂ ਨੌਕਰੀਆਂ ਚਾਹੇ ਕਲੈਰੀਕਲ ਦੀਆਂ ਜਾਂ ਐਸ.ਐਸ.ਐਸ. ਬੋਰਡ ਦੀਆਂ ਨੌਕਰੀਆਂ ਹੋਣ, ਜਦੋਂ ਇਨ੍ਹਾਂ ਦੀਆਂ ਲਿਸਟਾਂ ਬਾਹਰ ਆਉਂਦੀਆਂ ਹਨ ਤਾਂ ਦੇਖਿਆ ਜਾਂਦਾ ਹੈ ਤਾਂ ਕਿ ਕੋਈ ਹਰਿਆਣੇ ਦਾ ਨੌਕਰੀ ਲੈ ਜਾਂਦਾ ਹੈ, ਕੋਈ ਰਾਜਸਥਾਨ ਤੋਂ ਹੁੰਦਾ ਹੈ ਅਤੇ ਕੋਈ ਦਿੱਲੀ ਤੋਂ ਹੁੰਦਾ ਹੈ। ਇਸ ਕਰਕੇ ਅੱਜ ਵੀ ਪੰਜਾਬ ਦੇ ਨੌਜਵਾਨਾਂ ਵਿੱਚ ਮਾਯੂਸੀ ਹੈ। ਉਹ ਗੱਲ ਅਲੱਗ ਹੈ ਕਿ ਤੁਸੀਂ ਉਸ ਨੂੰ ਲਿਪਾ ਪੋਚੀ ਕਰ ਸਕਦੇ ਹੋ। ਜਿਹੜਾ ਰਿਵਰਸ ਮਾਈਗ੍ਰੇਸ਼ਨ ਉਹ ਵੀ ਹਾਲੇ ਤੱਕ ਕਾਗਜ਼ਾਂ ਵਿੱਚ ਹੀ ਹੈ। ਬੱਚੇ ਬਾਹਰ ਜਾਣ ਨੂੰ ਤਿਆਰ ਬੈਠੇ ਸਨ। ਉਹ ਇਸ ਕਰਕੇ ਬਾਹਰ ਨਹੀਂ ਜਾ ਪਾ ਰਹੇ ਕਿਉਂਕਿ ਕੈਨੇਡਾ, ਅਮਰੀਕਾ ਦੀਆਂ ਸਰਕਾਰਾਂ ਨੇ ਅਤੇ ਆਸਟ੍ਰੇਲੀਅਨ ਗੌਰਮਿੰਟ ਨੇ ਇਮੀਗ੍ਰੇਸ਼ਨ ਸਟੱਡੀ ਲਾਅਜ਼ ਵੀਜ਼ਾ ਤੋਂ ਬਹੁਤ ਜ਼ਿਆਦਾ ਸਖਤ ਕਰ ਦਿੱਤੇ।

**1200/Kuldeep kaur**

ਉੱਥੇ ਨਹੀਂ ਜਾ ਸਕੇ ਪਰ ਇਹ ਬਹੁਤ ਲੋਕਾਂ ਦੇ ਮਨ ਵਿੱਚ ਖਦਸ਼ਾ ਹੈ ਕਿ ਪੰਜਾਬ ਦਾ ਇੱਕ domicile law ਚਾਹੀਦਾ ਹੈ। Domicile law means ਕਿ ਜਿਹੜੀ ਵੀ ਸਰਕਾਰੀ ਨੌਕਰੀ ਆਵੇ, ਉਸ ਦੇ ਇਸ਼ਤਿਹਾਰ ਵਿੱਚ ਪਹਿਲਾਂ ਜ਼ਿਕਰ ਕੀਤਾ ਹੋਵੇ ਕਿ ਦਸਵੀਂ, ਬਾਰ੍ਹਵੀਂ ਅਤੇ ਗ੍ਰੈਜੂਏਸ਼ਨ ਪੰਜਾਬੀ ਵਿੱਚ, ਪੰਜਾਬ ਦੇ ਕਿਸੇ ਬੋਰਡ ਜਾਂ ਸਿੱਖਿਆ ਪ੍ਰਣਾਲੀ ਤੋਂ ਪ੍ਰਵਾਨ ਕੀਤਾ ਹੋਵੇ। ਉਸ ਤੋਂ ਬਾਅਦ ਹੀ ਉਸ ਨੂੰ ਸਰਕਾਰੀ ਨੌਕਰੀ ਲਈ ਇਲੀਜੀਬਲ ਕੀਤਾ ਜਾਵੇ। ਹੁਣ ਕਹਿ ਦਿੰਦੇ ਹਨ ਕਿ ਦਸਵੀਂ ਦਾ ਸਰਟੀਫਿਕੇਟ ਬਾਅਦ ਵਿੱਚ ਲੈ ਲਵਾਂਗੇ। ਬਸ, ਬਾਅਦ ਵਿੱਚ ਦਸਵੀਂ ਦੇ ਸਾਰੇ ਸਰਟੀਫਿਕੇਟ procured ਹੁੰਦੇ ਹਨ, ਸਾਰੇ ਸਰਟੀਫਿਕੇਟ ਫੇਕ ਹਨ ਔਰ ਗੈਰ ਪੰਜਾਬੀਆਂ ਨੂੰ ਉਹ ਸਾਰੀਆਂ ਨੌਕਰੀਆਂ ਚਲੀਆਂ ਗਈਆਂ ਹਨ ਕਿਉਂਕਿ ਆਪਣੇ ਕੋਲ domicile ਦੀ ਸ਼ਰਤ ਨਹੀਂ ਹੈ। ਸਪੀਕਰ ਸਾਹਿਬ, ਮੈਂ ਜਨਵਰੀ, 2023 ਵਿੱਚ ਤੁਹਾਡੇ ਚੈਂਬਰ ਵਿੱਚ ਮਿਲ ਕੇ ਤੁਹਾਨੂੰ ਕਿਹਾ ਸੀ ਕਿ ਦੇਸ਼ ਵਿੱਚ ਅੱਜ ਹਿਮਾਚਲ ਪ੍ਰਦੇਸ਼, ਰਾਜਸਥਾਨ, ਪ੍ਰਾਈਮ ਮਨਿਸਟਰ ਦੀ ਸਟੇਟ ਗੁਜਰਾਤ ਔਰ ਲੇਟੈਸਟ 2025 ਵਿੱਚ ਉੱਤਰਾਖੰਡ ਵਿੱਚ ਲਾਅ ਬਣਿਆ ਹੈ ਕਿ ਕੋਈ ਵੀ ਵਿਅਕਤੀ ਬਾਹਰ ਦੀਆਂ ਸਟੇਟਾਂ ਤੋਂ ਆ ਕੇ ਨਾ ਉੱਥੇ ਜ਼ਮੀਨ ਲੈ ਸਕਦਾ ਹੈ, ਨਾ ਹੀ ਸਰਕਾਰੀ ਨੌਕਰੀ ਲੈ ਸਕਦਾ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਵੋਟਰ ਬਣ ਸਕਦਾ ਹੈ। ਪੰਜਾਬ ਵਿੱਚ ਅਨਫਾਰਚੂਨੇਟਲੀ ਜਦੋਂ ਆਪਾਂ ਇਹ ਲਾਅ ਅਪਲਾਈ ਨਹੀਂ ਕੀਤਾ, ਮਗਰਲੀਆਂ ਸਰਕਾਰਾਂ ਨੇ ਵੀ ਇਹ ਲਾਅ ਅਪਲਾਈ ਨਹੀਂ ਕੀਤਾ ਤਾਂ ਸਾਡੀ ਆਬਾਦੀ ਦਾ ਸੰਤੁਲਨ, demography ਬਹੁਤ ਤੇਜ਼ੀ ਨਾਲ ਵਿਗੜੀ ਹੈ। ਠੀਕ ਹੈ, ਵੋਟਾਂ ਦਾ ਲਾਲਚ ਹੈ ਕਿ ਅਸੀਂ ਗੈਰ-ਪੰਜਾਬੀਆਂ ਦੀਆਂ ਵੋਟਾਂ ਬਣਾ ਲਈਆਂ ਅਤੇ ਅਸੀਂ ਉਨ੍ਹਾਂ ਦੇ ਸਿਰ ਤੇ ਜਿੱਤ ਜਾਵਾਂਗੇ। ਮੈਂ ਤੁਹਾਨੂੰ ਦੱਸ ਰਿਹਾ ਹਾਂ ਕਿ ਇਸ ਤਰ੍ਹਾਂ ਦਾ ਸਮਾਂ ਆਵੇਗਾ ਕਿ ਇੱਕ ਦਿਨ ਪੰਜਾਬ ਵਿੱਚ ਰਹਿੰਦੇ ਪੰਜਾਬ ਦੇ ਲੋਕ minority ਵਿੱਚ ਹੋਣਗੇ, ਦਸਤਾਰ ਦੀ ਮੁਸ਼ਕਲ ਆਵੇਗੀ, ਪੰਜਾਬੀ ਜ਼ੁਬਾਨ ਦੀ ਮੁਸ਼ਕਲ ਆਵੇਗੀ ਅਤੇ ਸਾਡੇ ਸੱਭਿਆਚਾਰ ਦੀ ਮੁਸ਼ਕਲ ਆਵੇਗੀ। ਉਹ ਲਾਅ ਜਿਹੜਾ

ਮੈਂ ਬਹੁਤ ਇੰਪਾਰਟੈਂਟ ਲਾਅ ਦਿੱਤਾ ਹੈ, ਬੜੀ ਰਿਸਰਚ ਕਰਨ ਤੋਂ ਬਾਅਦ, ਇਹ ਲਾਅ ਸਭ ਤੋਂ ਪਹਿਲਾਂ 1972 ਵਿੱਚ ਹਿਮਾਚਲ ਪ੍ਰਦੇਸ਼ ਦੇ Dr. Y.S. Parmar ਨੇ ਬਣਾਇਆ ਸੀ। ਜਿਨ੍ਹਾਂ ਨੂੰ ਪਤਾ ਸੀ ਕਿ ਅਗਰ ਮੈਂ ਹਿਮਾਚਲ ਪ੍ਰਦੇਸ਼ ਦੀ ਆਈਡੈਂਟਿਟੀ ਬਚਾਉਣੀ ਹੈ ਤਾਂ ਮੈਂ ਇਸ ਤਰ੍ਹਾਂ ਦਾ ਕਾਨੂੰਨ ਬਣਾਵਾ। ਉੱਥੇ ਛੋਟੇ-ਛੋਟੇ ਬਾਗ ਸੀ, ਉਨ੍ਹਾਂ ਸਾਰੇ ਬਾਗਾਂ ਤੇ ਦਿੱਲੀ, ਬੰਬੇ ਅਤੇ ਕਲਕੱਤਾ ਦੇ ਸਾਰੇ ਅਮੀਰਾਂ ਨੇ ਇਨ੍ਹਾਂ ਬਾਗਾਂ ਤੇ ਕਾਬਜ਼ ਹੋ ਜਾਣਾ ਸੀ। ਸਪੀਕਰ ਸਾਹਿਬ, ਇਸ ਕਰਕੇ ਇਹ ਇੰਟਰ-ਕੁਨੈਕਟਿਡ ਇਸ਼ੂ ਹੈ। ਠੀਕ ਹੈ ਤੁਸੀਂ ਇੰਪਲਾਇਮੈਂਟ ਦਿੱਤੀ ਹੈ ਹਾਲਾਂਕਿ ਉਹ questionable ਹੈ ਔਰ ਉਸ ਇੰਪਲਾਇਮੈਂਟ ਸਬੰਧੀ ਜੇ ਤੁਸੀਂ ਕਿਤੇ white paper ਜਾਰੀ ਕਰ ਦੇਵੋ ਤਾਂ ਸਾਨੂੰ ਸਾਰੇ ਪੰਜਾਬ ਦੇ ਲੋਕਾਂ ਨੂੰ ਇਸ ਬਾਰੇ ਪਤਾ ਲੱਗ ਜਾਵੇਗਾ ਕਿਉਂਕਿ ਅੱਜ ਵੀ ਬਹੁਤ ਧਰਨੇ ਲੱਗ ਰਹੇ ਹਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

**ਸਰਦਾਰ ਸੁਖਪਾਲ ਸਿੰਘ ਖਹਿਰਾ**: ਇੱਕ ਮਿੰਟ ਜੀ।

**ਮਾਣਯੋਗ ਸਪੀਕਰ**: ਗੱਲ ਪੂਰੀ ਕਰ ਲੈਣ ਦੇਵੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਬਹੁਤ ਮੁਜ਼ਾਹਰੇ ਹੋ ਰਹੇ ਹਨ, ਅੱਜ ਕੁੱਟ-ਕੁਟਾਪਾ ਹੋ ਰਿਹਾ ਹੈ। ਉਹ ਕੀ ਮੰਗ ਰਹੇ ਹਨ? ਨਰੇਗਾ ਦੇ 2000 ਵਿਅਕਤੀ ਕੀ ਮੰਗ ਰਹੇ ਹਨ? ਉਹ jobs ਹੀ ਮੰਗ ਰਹੇ ਹਨ। ਸਫਾਈ ਕਰਮਚਾਰੀ ਕੀ ਮੰਗ ਰਹੇ ਹਨ ਕਿ ਸਾਨੂੰ contractual basis ਤੋਂ ਹਟਾ ਕੇ ਪੱਕੇ ਕੀਤਾ ਜਾਵੇ। ਸਪੀਕਰ ਸਾਹਿਬ, ਪਟਿਆਲੇ Apprenticeship union ਵਾਲੇ ਕੀ ਮੰਗ ਰਹੇ ਸੀ? ਉਹ ਵੀ ਜਾਬਜ਼ ਹੀ ਮੰਗ ਰਹੇ ਸਨ। ਮਸਟਰ ਕੇਡਰ ਵਾਲੇ ਜਾਬਜ਼ ਮੰਗ ਰਹੇ ਹਨ ਹੋਰ ਵੀ ਪਤਾ ਨਹੀਂ ਕਿੰਨੀਆਂ ਜਥੇਬੰਦੀਆਂ ਘੁੰਮ ਰਹੀਆਂ ਹਨ। ਆਪਾਂ age ਦੀ relaxation ਨਹੀਂ ਕਰ ਸਕੇ। ਸਪੀਕਰ ਸਾਹਿਬ, ਇਸ ਕਰਕੇ ਤੁਸੀਂ ਇਹ ਕਹਿ ਸਕਦੇ ਹੋ ਕਿ ਕਿਹੜੀ ਪਾਰਟੀ ਉਸ ਨੂੰ ਸਪੋਰਟ ਕਰੇਗੀ। ਉਸ ਬਿਲ ਨੂੰ ਇੱਕ ਵਾਰ ਇੰਟਰੋਡਿਊਸ ਕਰ ਦੇਵੋ, .Let all the 117 MLAs apply their minds and give their dissent or assent.

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਇੱਕ ਲਾਸਟ ਵਿੱਚ ਮੈਂ ਹੋਰ ਗੱਲ ਕਰਨੀ ਚਾਹੁੰਦਾ ਹਾਂ ਕਿ ਸਾਡੇ ਮਨਿਸਟਰ ਸਾਹਿਬ ਨੇ ਪਾਤਰ ਸਾਹਿਬ ਦਾ ਬਹੁਤ ਵਧੀਆ ਸ਼ੇਅਰ ਪੜ੍ਹਿਆ ਹੈ, 'ੳ', 'ਅ' ਦੀ ਗੱਲ ਵੀ ਕੀਤੀ ਹੈ। ਤੁਸੀਂ ਕਿਹਾ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਕਾਨਵੈਂਟ ਸਕੂਲਾਂ ਵਿੱਚੋਂ ਪੜ੍ਹਾਈ ਦਾ ਰੁਝਾਨ ਹਟਾ ਦਿੱਤਾ ਹੈ ਪਰ ਮੁੱਖ ਮੰਤਰੀ ਸਾਹਿਬ ਨੇ ਤਾਂ ਆਪਣੀ ਬੇਟੀ ਨੂੰ ਕਾਨਵੈਂਟ ਸਕੂਲ Strawberry Fields, ਚੰਡੀਗੜ੍ਹ ਵਿੱਚ ਐਡਮਿਸ਼ਨ ਦਿਵਾਈ ਹੈ। ਉਹ ਆਪਣੀ ਬੇਟੀ ਨੂੰ ਉੱਥੇ ਪੜ੍ਹਾ ਰਹੇ ਹਨ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਬਰਿੰਦਰ ਗੋਇਲ ਜੀ ਕੁਝ ਕਹਿਣਾ ਚਾਹੁੰਦੇ ਹਨ।

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ):** ਧੰਨਵਾਦ ਸਪੀਕਰ ਸਾਹਿਬ। ਸਰਦਾਰ ਕੁਲਦੀਪ ਸਿੰਘ ਧਾਲੀਵਾਲ ਸਾਹਿਬ ਬਹੁਤ ਹੀ ਵਧੀਆ ਮਤਾ ਲੈ ਕੇ ਆਏ ਹਨ। ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ, ਤੁਹਾਡਾ ਬਹੁਤ ਧੰਨਵਾਦ। ਸਰ, ਜੋ ਨੌਕਰੀਆਂ ਦਿੱਤੀਆਂ ਗਈਆਂ ਹਨ, ਮੈਂ ਸਮਝਦਾ ਹਾਂ ਕਿ ਇਹ ਨੌਕਰੀਆਂ ਉਹ ਬਦਲਾਅ ਹੈ, ਜਿਹੜਾ 2022 ਦੀ ਚੋਣ ਤੋਂ ਪਹਿਲਾਂ ਅਸੀਂ ਕਹਿੰਦੇ ਸੀ ਕਿ ਬਦਲਾਅ ਲੈ ਕੇ ਆਵਾਂਗੇ। ਪਿਛਲੀਆਂ ਸਰਕਾਰਾਂ ਦੇ ਸਮੇਂ ਵਿੱਚ ਜੇ ਸਰਕਾਰੀ ਨੌਕਰੀ ਲੈਣੀ ਹੁੰਦੀ ਸੀ ਤਾਂ ਜਿਸ ਬੱਚੇ ਨੇ ਸਰਕਾਰੀ ਨੌਕਰੀ ਅਪਲਾਈ ਕੀਤੀ ਹੁੰਦੀ ਸੀ ਉਸ ਬੱਚੇ ਦੇ ਰਿਸ਼ਤੇਦਾਰ ਤੱਕ ਇਕੱਠੇ ਹੋਇਆ ਕਰਦੇ ਸਨ। ਘਰ ਵਿੱਚ ਰਿਸ਼ਤੇਦਾਰਾਂ ਦਾ ਇਕੱਠ ਹੁੰਦਾ ਸੀ ਤਾਂ ਕੋਈ ਰਿਸ਼ਤੇਦਾਰ ਕਹਿੰਦਾ ਸੀ ਕਿ ਚਿੰਤਾ ਨਾ ਕਰੀ, ਫਲਾਣਾ ਐਮ.ਐਲ.ਏ, ਮੰਤਰੀ ਮੈਨੂੰ ਜਾਣਦਾ ਹੈ, ਆਪਾਂ ਉੱਥੇ ਚੱਲਾਂਗੇ। ਕੋਈ ਰਿਸ਼ਤੇਦਾਰ ਕਹਿੰਦਾ ਹੁੰਦਾ ਸੀ ਕਿ ਚਿੰਤਾ ਨਾ ਕਰੀਂ, ਜੇ 10 ਰੁਪਏ ਉਧਾਰ ਦੀ ਲੋੜ ਪਈ ਤਾਂ ਮੈਂ ਦੇ ਦੇਵਾਂਗਾ। ਕੋਈ ਆਂਢੀ-ਗੁਆਂਢੀ ਇਹ ਸੋਚਦਾ ਹੁੰਦਾ ਸੀ ਕਿ ਹੁਣ ਇਨ੍ਹਾਂ ਦੇ ਮੁੰਡੇ ਨੇ ਨੌਕਰੀ ਲੈਣੀ ਹੈ ਤਾਂ ਕੋਈ ਕਿੱਲਾ ਜਾਂ ਅੱਧਾ ਕਿੱਲਾ ਗਹਿਣੇ ਰੱਖਣਗੇ, ਉਸ ਤੇ ਨਿਗ੍ਹਾ ਰੱਖੀ ਹੁੰਦੀ ਸੀ। ਮੈਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਸਰਕਾਰ ਸੰਭਾਲਣ ਤੇ ਪਹਿਲੇ ਸਾਲ 20,000 ਨੌਕਰੀਆਂ ਦਿੱਤੀਆਂ ਸਨ ਅਤੇ ਉਸ ਸਮੇਂ ਇਹ ਗੱਲ ਕਹਿ ਦਿੱਤੀ ਸੀ ਕਿ ਅਸੀਂ ਕਿਸੇ ਹੁਸ਼ਿਆਰ ਬੱਚੇ, ਕਿਸੇ ਗਰੀਬ ਬੱਚੇ ਦਾ ਹੱਕ ਮਾਰ ਕੇ ਨਾ ਤਾਂ ਕਿਸੇ ਪੈਸੇ ਵਾਲੇ ਨੂੰ ਦੇਣਾ ਹੈ ਅਤੇ ਨਾ ਕਿਸੇ ਸਿਫਾਰਸ਼ ਵਾਲੇ ਨੂੰ ਦੇਣਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜਦੋਂ ਇਨ੍ਹਾਂ ਦੀਆਂ ਸਰਕਾਰਾਂ ਵੇਲੇ ਇਸ ਤਰ੍ਹਾਂ ਹੋ ਜਾਂਦਾ ਸੀ ਕਿ ਹੁਸ਼ਿਆਰ ਬੱਚਿਆਂ ਦਾ ਹੱਕ ਮਾਰਿਆ ਜਾਂਦਾ ਸੀ ਤੇ ਬੱਚੇ ਡਿਪਰੈਸ਼ਨ ਵਿੱਚ ਚਲੇ ਜਾਂਦੇ ਸੀ। ਹੁਸ਼ਿਆਰ ਬੱਚਿਆਂ ਦਾ ਹੱਕ ਮਾਰਿਆ ਜਾਂਦਾ ਸੀ ਤੇ ਬੱਚੇ depression ਵਿੱਚ ਚੱਲੇ ਜਾਂਦੇ ਸੀ। ਮੈਂ ਤੁਹਾਨੂੰ ਸਾਰੀ ਗੱਲ ਦੱਸਾਂਗਾ। ਪ੍ਰਗਟ ਜੀ ਤੁਸੀਂ ਬੈਠ ਜਾਓ।

**1205/Pawan sharma**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪ੍ਰਗਟ ਸਿੰਘ ਪੋਆਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਜਲ ਸਰੋਤ ਮੰਤਰੀ**: ਤੁਸੀਂ ਬੈਠ ਜਾਓ, ਪਹਿਲਾਂ ਸੁਣ ਲਓ। ਤੁਸੀਂ ਐਜੂਕੇਸ਼ਨ ਮਨਿਸਟਰ ਰਹੇ ਹੋ। ਤੁਸੀਂ ਬੈਠ ਜਾਓ, ਗੱਲ ਤਾਂ ਪੂਰੀ ਕਰ ਲੈਣ ਦਿਓ।

**ਮਾਣਯੋਗ ਸਪੀਕਰ**: ਮੰਤਰੀ ਜੀ, ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਜਲ ਸਰੋਤ ਮੰਤਰੀ**: ਖਹਿਰਾ ਸਾਹਿਬ ਤਾਂ ਇਸ ਗੱਲ ਨੂੰ ਨਹੀਂ ਮੰਨਦੇ ਕਿ ਇੰਨੀਆਂ ਨੌਕਰੀਆਂ ਮਿਲੀਆਂ ਹਨ, ਇਨ੍ਹਾਂ ਨੇ ਤਾਂ ਨਵੀਂ ਕਹਾਣੀ ਛੇੜ ਦਿੱਤੀ।

**ਮਾਣਯੋਗ ਸਪੀਕਰ**: ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਜਲ ਸਰੋਤ ਮੰਤਰੀ**: ਇਨ੍ਹਾਂ ਨੂੰ ਵਾਈਟ ਪੇਪਰ ਦੇ ਦਿਉ। ਪਹਿਲਾਂ ਤੁਸੀਂ ਕਿੰਨੇ ਵਾਈਟ ਪੇਪਰ ਜਾਰੀ ਕਰ ਦਿੱਤੇ ਸੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਪਰਗਟ ਸਿੰਘ ਪੋਆਰ, ਸ੍ਰੀ ਸੁਖਵਿੰਦਰ ਸਿੰਘ ਕੋਟਲੀ ਅਤੇ ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਇਸ ਤੋਂ ਇਲਾਵਾ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਅਤੇ ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ ਆਪਸ ਵਿੱਚ ਬਹਿਸ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਮੈਂ ਕਹਿੰਦਾ ਹਾਂ ਕਿ ਆਰਡਰ ਬਣਾ ਕੇ ਰੱਖਿਆ ਜਾਵੇ, running commentary ਨਾ ਕੀਤੀ ਜਾਵੇ।

**ਜਲ ਸਰੋਤ ਮੰਤਰੀ**: ਮੁੱਖ ਮੰਤਰੀ ਸਾਹਿਬ ਨੇ ਨੌਕਰੀਆਂ ਦਿੱਤੀਆਂ ਅਤੇ ਵਿਸ਼ਵਾਸ ਪੱਕਾ ਕਰ ਦਿੱਤਾ।

(ਇਸ ਸਮੇਂ ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਇੱਕ ਦੂਜੇ ਨੂੰ ਅਸੰਸਦੀ ਅਤੇ ਆਪੱਤੀਜਨਕ ਇਸ਼ਾਰੇ ਕਰਦੇ ਹੋਏ ਤਲਖੀ ਨਾਲ ਬਹਿਸ ਰਹੇ ਸਨ।)

**ਮਾਣਯੋਗ ਸਪੀਕਰ** : ਚੇਅਰ ਨੂੰ ਐਡਰੈੱਸ ਕੀਤਾ ਜਾਵੇ, running commentary ਨਾ ਕੀਤੀ ਜਾਵੇ। ਭਾਸ਼ਾ ਦੀ ਮਰਿਆਦਾ ਰੱਖੋ। (ਵਿਘਨ)

**ਜਲ ਸਰੋਤ ਮੰਤਰੀ**: ਸਰ, ਇਨ੍ਹਾਂ ਨੇ ਨੌਕਰੀਆਂ ਦਿੱਤੀਆਂ ਨਹੀਂ, ਅੱਜ ਉਹ ਹੀ ਨੌਕਰੀਆਂ ਬਿਨਾਂ ਪੈਸੇ ਅਤੇ ਬਿਨਾਂ ਸਿਫਾਰਸ਼ ਦਿੱਤੀਆਂ ਗਈਆਂ। ਹਰਜੋਤ ਜੀ, ਇੱਕ ਮਿੰਟ ਜੀ। (ਵਿਘਨ)

**ਮਾਣਯੋਗ ਸਪੀਕਰ**: ਜੀ ਮੰਤਰੀ ਜੀ, ਚੇਅਰ ਨੂੰ ਐਡਰੈੱਸ ਕਰੋ। ਭਾਸ਼ਾ ਦੀ ਮਰਿਆਦਾ ਰੱਖੋ। ਖਹਿਰਾ ਸਾਹਿਬ, ਮੰਤਰੀ ਜੀ, ਇਸ ਤਰ੍ਹਾਂ ਦੀ ਗੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। (ਵਿਘਨ)

**ਮਾਣਯੋਗ ਸਪੀਕਰ**: ਮੰਤਰੀ ਜੀ, ਤੁਸੀਂ ਬੈਠੋ। ਮੰਤਰੀ ਜੀ ਬੈਠੋ।(ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਰ, ਉਸ ਦਿਨ ਮੇਰੀ ਗੈਰ ਹਾਜ਼ਰੀ ਵਿੱਚ ਇਹ ਮੇਰੇ ਬਾਰੇ ਬੋਲੇ ਸਨ।

**ਜਲ ਸਰੋਤ ਮੰਤਰੀ**: ਕੋਈ ਨਾ ਹੁਣ ਹਾਜ਼ਰ ਹੋ ਗਏ ਹੋ, ਹੁਣ ਕੀ ਹੋ ਗਿਆ ਹੈ। ਚੰਗੀ ਗੱਲ ਤੁਸੀਂ ਕਹਿ ਨਹੀਂ ਸਕਦੇ, ਸੁਣ ਤਾਂ ਸਕਦੇ ਹੋ।(ਵਿਘਨ)

**ਮਾਣਯੋਗ ਸਪੀਕਰ**: ਹਰਜੋਤ ਜੀ ਸ਼ਾਂਤ, ਸ਼ਾਂਤ। ਬਿਲਕੁਲ ਗਲਤ। ਬੈਠੋ ਖਹਿਰਾ ਸਾਹਿਬ, ਹਰਜੋਤ ਜੀ ਬੈਠੋ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸਰ, ਇਨ੍ਹਾਂ ਨੇ ਮੇਰੇ ਵਰਕਰ ਨੂੰ ਗੰਦਾ ਆਂਡਾ ਕਿਹਾ, ਇਨ੍ਹਾਂ ਨੇ ਮੇਰੇ ਵਰਕਰ ਨੂੰ ਕਿਹਾ ਕਿ ਤੂੰ ਗੰਦਾ ਅੰਡਾ ਹੈ। You called a boy ਗੰਦਾ ਅੰਡਾ, ਉਹ ਵੀ ਕਿਸੇ ਦਾ ਮੁੰਡਾ ਹੈ।(ਵਿਘਨ..ਸ਼ੋਰ।).. ਹੁਣ ਕੀ ਕਹੀਏ ਕਿ ਅੰਕਲ ਬੈਠ ਜਾ, ਅੰਕਲ ਬੈਠ ਜਾ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਿੱਖਿਆ ਮੰਤਰੀ ਨਾਲ ਬੇਹੱਦ ਤਲਖੀ ਨਾਲ ਬਹਿਸ ਰਹੇ ਸਨ।)

**ਮਾਣਯੋਗ ਸਪੀਕਰ**: ਹਰਜੋਤ ਜੀ ਬੈਠੋ। ਖਹਿਰਾ ਸਾਹਿਬ ਬੈਠੋ, ਬੈਠੋ। ਆਪਾਂ ਡਿਸਕਸ਼ਨ ਚੱਲਣ ਦੇਈਏ। ਪੰਜਾਬ ਦੇ ਲੋਕਾਂ ਦੇ ਰੁਜ਼ਗਾਰ ਦੀ ਗੱਲ ਹੋ ਰਹੀ ਹੈ। ਖਹਿਰਾ ਸਾਹਿਬ ਗੱਲ ਹੋ ਲੈਣ ਦਿਓ। ਪੰਜਾਬ ਦੇ ਲੋਕਾਂ ਦੀ ਰੁਜ਼ਗਾਰ ਦੀ ਗੱਲ ਨੂੰ ਅੱਖੋਂ ਪਰੋਖੇ ਨਾ ਕਰੋ। ਇਹ ਕੀਮਤੀ ਸਮਾਂ ਹੈ, ਇਸ ਨੂੰ ਬਰਬਾਦ ਨਾ ਕਰੋ। ਤੁਸੀਂ ਬੈਠੋ। ਹਾਂ ਜੀ, ਮੰਤਰੀ ਜੀ ਤੁਸੀਂ ਕੰਟੀਨਿਊ ਕਰੋ।

**ਜਲ ਸਰੋਤ ਮੰਤਰੀ**: ਸਰ, ਮੁੱਖ ਮੰਤਰੀ ਸਾਹਿਬ ਨੇ ਉਹ ਹਾਲਾਤ ਪੈਦਾ ਕਰ ਦਿੱਤੇ ਕਿ ਬਿਨਾਂ ਪੈਸੇ ਨੌਕਰੀ ਮਿਲ ਸਕਦੀ ਹੈ, ਬਿਨਾਂ ਸਿਫ਼ਾਰਸ਼ ਨੌਕਰੀ ਮਿਲ ਸਕਦੀ ਹੈ। ਸਰ, 68000 ਨੌਕਰੀ ਦਿੱਤੀ ਹੈ, ਇਕੱਲੀ ਨੌਕਰੀ ਨਹੀਂ ਦਿੱਤੀ, ਇਸ ਨੌਕਰੀ ਦੇ ਨਾਲ, ਉਨ੍ਹਾਂ ਨੌਜਵਾਨਾਂ ਦਾ, ਜਿਨ੍ਹਾਂ ਦਾ ਵਿਸ਼ਵਾਸ ਹੀ ਭੰਗ ਹੋ ਗਿਆ ਸੀ, ਜਿਹੜੇ ਵਿਸ਼ਵਾਸ ਖੋਹ ਚੁੱਕੇ ਸੀ ਕਿ ਪੰਜਾਬ ਦੇ ਵਿੱਚ ਨੌਕਰੀ ਇਸ ਤਰ੍ਹਾਂ ਮਿਲਦੀ ਨਹੀਂ, ਅਸੀਂ ਉਨ੍ਹਾਂ ਦਾ ਵਿਸ਼ਵਾਸ ਵੀ ਬਹਾਲ ਕੀਤਾ ਹੈ। ਉਸ ਵਿਸ਼ਵਾਸ ਬਹਾਲ ਕਰਨ ਦੇ ਨਾਲ ਅੱਜ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਸੰਖਿਆ ਵਧੀ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ**: ਘਟੀ ਹੈ ਜੀ। ਛੇ ਲੱਖ ਬੱਚੇ ਘੱਟੇ ਹਨ।

**ਜਲ ਸਰੋਤ ਮੰਤਰੀ**: ਆ ਜਾਓ ਫਿਰ। ਸਰਕਾਰੀ ਸਕੂਲਾਂ ਵਿੱਚ ਬੱਚੇ ਪੜ੍ਹਨ ਲੱਗੇ ਹਨ। ਇਸ ਦਾ ਮਤਲਬ ਤੁਸੀਂ ਨੌਕਰੀਆਂ ਤੋਂ ਖੁਸ਼ ਨਹੀਂ। ਤੁਹਾਨੂੰ ਨੌਕਰੀਆਂ ਤੋਂ ਕੋਈ ਖੁਸ਼ੀ ਨਹੀਂ ਹੈ। ਸਰਕਾਰੀ ਸਕੂਲਾਂ ਵਿੱਚ ਸੁਣ ਲਵੋ, ਸਰਕਾਰੀ ਸਕੂਲਾਂ ਵਿੱਚ 882 ਬੱਚੇ ਪੜ੍ਹ ਕੇ ਨੀਟ ਦੀ ਪ੍ਰੀਖਿਆ ਪਾਸ ਕੀਤੀ ਹੈ। ਸਰਕਾਰੀ ਸਕੂਲਾਂ ਵਿੱਚ ਪੜ੍ਹ ਕੇ ਨੀਟ ਦੀ ਪ੍ਰੀਖਿਆ ਪਾਸ ਕੀਤੀ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ**: ਕੀ ਤੁਸੀਂ 68000 ਨੌਕਰੀਆਂ ਦੇਣ ਸਬੰਧੀ ਵ੍ਹਾਈਟ ਪੇਪਰ ਜਾਰੀ ਕਰੋ।

**ਮਾਣਯੋਗ ਸਪੀਕਰ**: ਮਤਾ ਆ ਰਿਹਾ ਹੈ ਜੀ। ਤੁਸੀਂ ਬੋਲੋਗੇ। ਬੈਠੋ। ਤੁਸੀਂ ਬੋਲੋਗੇ, ਮਤਾ ਆ ਰਿਹਾ ਹੈ ਜੀ।

**ਜਲ ਸਰੋਤ ਮੰਤਰੀ**: ਅਸੀਂ ਇਨ੍ਹਾਂ ਦੇ ਬੰਨੇ ਹੋਏ ਨਹੀਂ ਹਨ ਕਿ ਵ੍ਹਾਈਟ ਪੇਪਰ ਜਾਰੀ ਕਰਾਂਗੇ। ਇਹ ਸਾਡੇ ਕੋਲੋਂ ਰਿਕਾਰਡ ਲੈ ਲੈਣ। ਆ ਜਾਣ ਸਾਡੇ ਕੋਲ ਤੇ ਦੇਖ ਜਾਣ।

**ਮਾਣਯੋਗ ਸਪੀਕਰ**: ਠੀਕ ਹੈ ਮੰਤਰੀ ਜੀ। ਹੋ ਗਿਆ, ਆ ਗਈ ਤੁਹਾਡੀ ਗੱਲ।

**ਜਲ ਸਰੋਤ ਮੰਤਰੀ**: ਸਰ, ਇੱਕ ਮਿੰਟ ਜੀ, ਅਸੀਂ ਉਹ ਵਿਸ਼ਵਾਸ ਬਹਾਲ ਕੀਤਾ ਹੈ। ਅੱਜ ਜਿਹੜੇ ਬੱਚੇ ਇਨ੍ਹਾਂ ਦੀਆਂ ਗਲਤੀਆਂ ਕਰਕੇ ਡਿਪ੍ਰੈਸ਼ਨ ਤੇ ਚੱਲੇ ਜਾਂਦੇ ਸਨ, ਉਨ੍ਹਾਂ ਦਾ ਵਿਸ਼ਵਾਸ ਬਹਾਲ ਹੋਇਆ ਹੈ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ**: ਸਰ, ਇਨ੍ਹਾਂ ਨੂੰ ਕਹੋ ਕਿ ਇਹ ਵ੍ਹਾਈਟ ਪੇਪਰ ਜਾਰੀ ਕਰਨਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ**: ਇੱਕ ਮਿੰਟ ਜੀ। ਮੰਤਰੀ ਜੀ ਬੈਠੋ। ਤੁਸੀਂ ਵਾਰੀ ਵਾਰੀ ਸਾਰੇ ਮੈਂਬਰ ਸਾਹਿਬ ਨੇ ਇੱਕੋ ਗੱਲ ਕਰਨੀ ਹੁੰਦੀ ਹੈ। ਤੁਹਾਡੀ ਵ੍ਹਾਈਟ ਪੇਪਰ ਦੀ ਗੱਲ ਆ ਗਈ ਹੈ। ਤੁਹਾਡੀ ਗੱਲ ਆ ਗਈ ਹੈ, ਪਲੀਜ਼ ਬੈਠੋ। ਐਜੂਕੇਸ਼ਨ ਤੇ ਵੱਖਰਾ ਮਤਾ ਆ ਰਿਹਾ ਹੈ। ਤੁਸੀਂ ਬੈਠੋ। ਇਹ ਇੰਪਲਾਇਮੈਂਟ ਦੀ ਗੱਲ ਚੱਲ ਰਹੀ ਹੈ।

**1210/Beant kaur**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ, ਸਰਕਾਰ ਤੋਂ ਵਾਈਟ ਪੇਪਰ ਦੀ ਮੰਗ ਕਰਦੇ ਹੋਏ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਅਤੇ ਟਰੇਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਵਿਰੋਧ ਵਿੱਚ ਉੱਚੀ ਉੱਚੀ ਬੋਲ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ (ਆਪੋਜੀਸ਼ਨ ਬੈਂਚਿਜ਼ ਨੂੰ ਸੰਬੋਧਨ ਕਰਦੇ ਹੋਏ) :** ਤੁਹਾਡੇ ਵਿਚੋਂ ਕੋਈ ਇੰਪਲਾਇਮੈਂਟ ਬਾਰੇ ਬੋਲਣਾ ਚਾਹੁੰਦਾ ਹੈ।(ਵਿਘਨ, ਸ਼ੋਰ) ਸ੍ਰੀ ਅਵਤਾਰ ਜੂਨੀਅਰ। (ਵਿਘਨ, ਸ਼ੋਰ) ਮੰਤਰੀ ਜੀ, ਤੁਸੀਂ ਬੈਠੋ।(ਵਿਘਨ, ਸ਼ੋਰ) ਮਤੇ ਦੀ ਕਾਪੀ ਤੁਹਾਡੇ ਈ-ਲਿੰਕ ਵਿੱਚ ਉਪਲਬਧ ਹੈ, ਚੈੱਕ ਕਰ ਲਓ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ:**(ਬਿਨਾ ਮਾਈਕ ਤੋਂ): ਇਹ 10 ਸਕਿੰਟ ਪਹਿਲਾਂ ਆਈ ਹੈ।

**ਮਾਣਯੋਗ ਸਪੀਕਰ :** ਤੁਸੀਂ ਬੋਲਣਾ ਚਾਹੁੰਦੇ ਹੋ?

**ਸ੍ਰੀ ਸੁਖਵਿੰਦਰ ਸਿੰਘ ਕੋਟਲੀ :**(ਬਿਨਾ ਮਾਈਕ ਤੋਂ): ਸਰ, ਕਾਪੀ ਹੁਣ ਆਈ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਕੇਂਦਰੀ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਸੀਂ ਇਕ ਬਹੁਤ ਹੀ ਮਹੱਤਵਪੂਰਨ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਹੁਣੇ ਹੀ ਮੇਰੇ ਬਹੁਤ ਹੀ ਸਤਿਕਾਰਯੋਗ ਵਜ਼ੀਰ ਸਾਹਿਬ, ਗੋਇਲ ਜੀ ਨੇ ਇਕ ਅਲਫਾਜ਼ ਬੋਲਿਆ ਹੈ ਕਿ ਅਸੀਂ ਤੁਹਾਡੇ ਮੋਹਤਾਜ ਨਹੀਂ ਹਾਂ, ਇੱਥੇ ਜਵਾਬ ਦੇਣ ਵਾਸਤੇ।

**ਜਲ ਸਰੋਤ ਮੰਤਰੀ (ਬੈਠੇ ਬੈਠੇ) :** ਮੈਂ ਮੋਹਤਾਜ ਸ਼ਬਦ ਨਹੀਂ ਕਿਹਾ।

**ਸ੍ਰੀ ਅਵਤਾਰ ਸਿੰਘ ਜੂਨੀਅਰ :** ਜਿਹੜਾ ਵੀ ਕਿਹਾ ਹੈ।

**ਮਾਣਯੋਗ ਸਪੀਕਰ:** ਹਾਂ ਜੀ, ਗੋਇਲ ਸਾਹਿਬ। ਚੇਅਰ ਨੂੰ ਐਡਰੈੱਸ ਕਰਨਾ।

**ਜਲ ਸਰੋਤ ਮੰਤਰੀ :** ਇਹ ਗੱਲ ਤਾਂ ਕਿਸੇ ਦੀ ਸੁਣਦੇ ਨਹੀਂ ਹਨ। ਇਨ੍ਹਾਂ ਦੀਆਂ ਸਰਕਾਰਾਂ ਵੇਲੇ ਜੋ ਕੁਝ ਹੁੰਦਾ ਰਿਹਾ ਹੈ, ਉਸ ਨਾਲ ਬੱਚੇ ਡਿਪ੍ਰੈਸ਼ਨ ਵਿੱਚ ਚਲੇ ਗਏ। ਇਨ੍ਹਾਂ ਨੇ ਕਿਹਾ ਹੈ ਕਿ ਬੱਚੇ ਵਿਦੇਸ਼ਾਂ ਵਿੱਚ ਚਲੇ ਗਏ। ਅਸੀਂ ਤਾਂ ਸਗੋਂ ਉਨ੍ਹਾਂ ਨੂੰ ਨੌਕਰੀ ਦੇ ਕੇ ਵਿਦੇਸ਼ਾਂ ਵਿੱਚ ਜਾਣ ਤੋਂ ਰੋਕੇ ਹਨ। ਮੈਂ ਸਾਡੇ ਹਲਕੇ ਵਿੱਚ ਪਿੰਡ ਹਮੀਰਗੜ੍ਹ ਦੀ ਗੱਲ ਕਰਨੀ ਚਾਹੁੰਦਾ ਹਾਂ।

**ਸ੍ਰੀ ਅਵਤਾਰ ਸਿੰਘ ਜੂਨੀਅਰ :** ਸਪੀਕਰ ਸਾਹਿਬ, ਮੇਰਾ ਟਾਈਮ ਹੈ।

**ਮਾਣਯੋਗ ਸਪੀਕਰ:** ਤੁਸੀਂ ਆਪ ਹੀ ਪੰਗਾ ਲਿਆ ਹੈ।

**ਜਲ ਸਰੋਤ ਮੰਤਰੀ** : ਸਪੀਕਰ ਸਾਹਿਬ, ਕੁੜੀ ਨੇ ਵੀਜ਼ਾ ਲਗਵਾ ਲਿਆ, ਹਵਾਈ ਜਹਾਜ਼ ਦੀਆਂ ਟਿਕਟਾਂ ਖਰੀਦ ਲਈਆਂ। In the meantime ਉਸ ਦੀ ਪਟਵਾਰੀ ਦੀ ਨੌਕਰੀ ਲੱਗ ਗਈ।(ਥੰਪਿੰਗ) ਵੀਜ਼ਾ ਕੈਂਸਲ ਕਰਵਾਇਆ, ਟਿਕਟਾਂ ਕੈਂਸਲ ਕਰਵਾਈਆਂ, ਅੱਜ ਪਟਵਾਰੀ ਦੀ ਨੌਕਰੀ ਕਰ ਰਹੀ ਹੈ। ਅਸੀਂ ਤਾਂ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣੋਂ ਰੁਝਾਨ ਖ਼ਤਮ ਕਰ ਦਿੱਤਾ ਹੈ। ਬੱਚਿਆਂ ਨੂੰ ਪੜ੍ਹਨ ਲਗਾ ਦਿੱਤਾ ਹੈ। ਜਿਹੜੇ ਬੱਚੇ ਨੂੰ ਨੌਕਰੀ ਨਹੀਂ ਵੀ ਮਿਲ ਸਕੀ, ਉਹ ਬੱਚੇ ਡਿਪ੍ਰੈਸ਼ਨ ਵਿੱਚ ਨਹੀਂ ਗਏ, ਉਹ ਬੱਚੇ ਕੰਪੀਟੀਸ਼ਨ ਵਿੱਚ ਗਏ ਹਨ, ਇਹ ਸੋਚ ਕੇ ਕਿ ਨੌਕਰੀ ਤਾਂ ਸਹੀ ਢੰਗ ਨਾਲ ਮਿਲਦੀ ਹੈ। ਅਸੀਂ ਪੜ੍ਹਾਂਗੇ ਤਾਂ ਸਾਨੂੰ ਵੀ ਨੌਕਰੀਆਂ ਮਿਲਣਗੀਆਂ।

**Mr. Speaker:** Very good.

**ਜਲ ਸਰੋਤ ਮੰਤਰੀ** : ਸੋ, ਜਿਹੜਾ ਇਨ੍ਹਾਂ ਨੇ ਗਲਤ ਰਵਾਇਤ ਪਾਈ ਹੋਈ ਸੀ, ਉਹ ਖ਼ਤਮ ਕਰਕੇ ਅਸੀਂ ਦੁਬਾਰਾ ਵਿਸ਼ਵਾਸ ਬਹਾਲ ਕੀਤਾ ਹੈ। ਪੰਜਾਬ ਦੇ ਬੱਚੇ ਨੂੰ, ਉਨ੍ਹਾਂ ਦੇ ਪੇਰੈਂਟਸ ਨੂੰ ਇਹ ਵਿਸ਼ਵਾਸ ਹੋ ਗਿਆ ਹੈ ਕਿ ਜੇ ਇਮਾਨਦਾਰੀ ਨਾਲ ਸਰਕਾਰੀ ਨੌਕਰੀਆਂ ਮਿਲ ਸਕਦੀਆਂ ਹਨ ਤਾਂ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਮਿਲ ਸਕਦੀਆਂ ਹਨ।(ਥੰਪਿੰਗ) ਇਸ ਤਰ੍ਹਾਂ ਨਹੀਂ ਕਿ NEET ਦੇ ਪੇਪਰ ਲੀਕ ਕਰਵਾ ਕੇ ਢਾਈ ਲੱਖ ਬੱਚਾ, ਜਿਸ ਨੇ ਦੋ ਦੋ ਸਾਲ ਤੱਕ ਤਿਆਰੀ ਕੀਤੀ, ਉਨ੍ਹਾਂ ਦਾ ਕੇਂਦਰ ਸਰਕਾਰ ਤੋਂ ਵਿਸ਼ਵਾਸ ਉੱਠ ਗਿਆ, ਉਹ ਪੇਪਰ ਦੇਣ ਨਹੀਂ ਗਿਆ।

**ਮਾਣਯੋਗ ਸਪੀਕਰ:** ਠੀਕ ਹੈ ਜੀ। Thank you. ਅਵਤਾਰ ਜੂਨੀਅਰ ਜੀ, ਕੰਟੀਨਿਊ ਕਰੋ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਗੋਇਲ ਸਾਹਿਬ ਨੇ ਜੋ ਕਿਹਾ ਹੈ।

**ਮਾਣਯੋਗ ਸਪੀਕਰ:** ਹੁਣ ਪੰਗਾ ਨਾ ਲੈਣਾ। ਬਸ, ਚੇਅਰ ਨੂੰ ਐਡਰੈੱਸ ਕਰੋ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਜੀ। ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਬਹੁਤ ਹੀ ਮਹੱਤਵਪੂਰਨ ਮੁੱਦਾ, ਜਿਹੜਾ ਹਰ ਪੰਜਾਬੀ ਨਾਲ ਜੁੜਿਆ ਹੋਇਆ ਹੈ, ਇੰਪਲਾਇਮੈਂਟ ਦਾ ਮੁੱਦਾ, ਇਸ ਵਾਸਤੇ ਮੇਰੀ ਸਰਕਾਰ ਨੂੰ ਪਹਿਲੀ ਬੇਨਤੀ ਇਹ ਹੈ ਕਿ ਪਿਛਲੇ ਸਾਲ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ ਨੇ ਇਸ ਸਦਨ ਵਿੱਚ ਸਵਾਲ ਪੁੱਛਿਆ ਸੀ ਕਿ ਸਰਕਾਰ ਕਹਿੰਦੀ ਹੈ ਕਿ ਅਸੀਂ 65,000 ਨੌਕਰੀਆਂ ਦਿੱਤੀਆਂ ਹਨ, ਹਰ ਡਿਪਾਰਟਮੈਂਟ ਵਿੱਚ ਕਿਹੜੀ ਕਿਹੜੀ ਨੌਕਰੀ ਬੱਚਿਆਂ ਨੂੰ ਮਿਲੀ ਹੈ, ਉਸ ਵਿੱਚ ਕਿੰਨੇ ਰੈਗੂਲਰ ਹਨ ਅਤੇ ਕਿਹੜੇ ਨਿਯਮਾਂ ਅਧੀਨ ਇਹ ਦਿੱਤੀ ਗਈ ਹੈ, ਇਸ ਦਾ ਸਪੱਸ਼ਟੀਕਰਨ ਦਿੰਦੇ ਹੋਏ ਸਰਕਾਰ ਇਕ ਵੇਰਵਾ ਜ਼ਰੂਰ ਦੇਵੇ। ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਅੱਜ ਸਾਰੇ ਵਜ਼ੀਰ ਸਾਹਿਬਾਨ ਇਸ ਹਾਊਸ ਵਿੱਚ ਬੈਠੇ ਹਨ, ਤੁਸੀਂ ਪਿਛਲੇ ਸਾਲ ਜਿਹੜੀਆਂ 65,000 ਨੌਕਰੀਆਂ ਦਿੱਤੀਆਂ ਸਨ, ਹਰ ਵਜ਼ੀਰ ਆਪਣੇ ਡਿਪਾਰਟਮੈਂਟ ਵਿੱਚ ਦਿੱਤੀਆਂ ਨੌਕਰੀਆਂ ਦਾ ਵੇਰਵਾ ਅੱਜ ਸ਼ਾਮ ਤੱਕ ਇਸ ਟੇਬਲ ਤੇ ਜ਼ਰੂਰ ਕਰ ਦੇਵੇ, so that, ਪੰਜਾਬ ਦੇ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਇਹ ਪਤਾ ਲੱਗੇ ਕਿ 65,000 ਨੌਕਰੀਆਂ ਕਿਨ੍ਹਾਂ ਕਿਨ੍ਹਾਂ ਨੂੰ ਮਿਲੀਆਂ ਹਨ ਅਤੇ ਕਿੱਥੇ ਕਿੱਥੇ ਦੇ ਲੋਕਾਂ ਨੂੰ ਮਿਲੀਆਂ ਹਨ।

ਸਰ, ਕਲ੍ਹ ਸਾਡੇ ਬਹੁਤ ਹੀ ਸਤਿਕਾਰਯੋਗ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਤਸਦੀਕ ਕੀਤਾ ਹੈ।

**ਮਾਣਯੋਗ ਸਪੀਕਰ:** ਅਵਤਾਰ ਜੀ, ਮਤੇ ਵਿੱਚ ਮੋਟਾ ਮੋਟਾ ਤਾਂ ਲਿਖਿਆ ਹੈ ਕਿ ਸਕੂਲ ਵਿਭਾਗ ਵਿੱਚ ਮਿਲੀਆਂ 16316 ਨੌਕਰੀਆਂ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਮੇਰੀ ਬੇਨਤੀ ਹੈ ਜੀ।

**ਮਾਣਯੋਗ ਸਪੀਕਰ:** ਇੱਕ ਮਿੰਟ, ਮੈਨੂੰ ਹੁਣ ਦੱਸ ਲੈਣ ਦਿਓ। ਗ੍ਰਹਿ ਮਾਮਲੇ ਵਿਭਾਗ ਵਿੱਚ 14723, ਬਿਜਲੀ ਵਿਭਾਗ ਵਿੱਚ 8706, ਸਥਾਨਕ ਸਰਕਾਰ ਵਿਭਾਗ ਵਿੱਚ 5681, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ 4758 ਨੌਕਰੀਆਂ। ਜਦੋਂ ਤੁਸੀਂ ਆਪਸ ਵਿੱਚ ਇਕ ਦੂਜੇ ਨਾਲ ਬਹਿਸ ਕਰ ਰਹੇ ਹੁੰਦੇ ਹੋ, ਉਸ ਸਮੇਂ ਪੜ੍ਹ ਲਿਆ ਕਰੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਮੈਂ ਪੜ੍ਹ ਕੇ ਆਇਆ ਸੀ। ਮੇਰੀ ਨਿਮਰਤਾ ਸਹਿਤ ਬੇਨਤੀ ਹੈ, ਅਸੀਂ ਇਸ ਚੀਜ਼ ਦੀ ਤਸਦੀਕ ਕਰਦੇ ਹਾਂ ਕਿ ਨੌਕਰੀਆਂ ਮਿਲੀਆਂ ਹਨ। ਅਸੀਂ ਤਾਂ ਇਹੀ ਸਵਾਲ ਸਰਕਾਰ ਨੂੰ ਪੁੱਛਦੇ ਹਾਂ ਕਿ ਇਸ ਦਾ ਵਾਈਟ ਪੇਪਰ ਲੈ ਕੇ ਆਓ। ਇਸ ਵਿੱਚ ਦੱਸੋ ਕਿ ਕਿਹੜੇ ਮੁਲਾਜ਼ਮਾਂ ਨੂੰ ਰੈਗੂਲਰ ਨੌਕਰੀਆਂ ਮਿਲੀਆਂ ਹਨ,ਅਤੇ ਕਿਹੜੇ ਮੁਲਾਜ਼ਮਾਂ ਨੂੰ ਕੰਟਰੈਕਚੂਅਲ ਜੌਬਜ ਮਿਲੀਆਂ। ਉਨ੍ਹਾਂ ਦਾ ਨਾਮ ਕੀ ਸੀ ਅਤੇ ਉਹ ਕਿਸ ਪੁਜੀਸ਼ਨ ਤੇ ਸਨ, ਆਊਟ ਸੋਰਸਿੰਗ ਤੇ ਕਿਹੜੀਆਂ ਜੌਬਜ ਮਿਲੀਆਂ? ਇਹ ਵੇਰਵਾ ਤਾਂ ਦੇ ਦਿਉ। ਇਸ ਸਵਾਲ ਦਾ ਜਵਾਬ ਤਾਂ ਸਰਕਾਰ ਨੇ ਦੇਣਾ ਹੈ ਕਿ ਕਿਹੜੇ ਕਿਹੜੇ ਉਮੀਦਵਾਰਾਂ ਨੂੰ ਨੌਕਰੀਆਂ ਮਿਲੀਆਂ ਹਨ, ਉਨ੍ਹਾਂ ਦਾ ਫਲਾਣਾ ਨਾਮ ਹੈ, ਪਿਤਾ ਦਾ ਨਾਮ ਫਲਾਣਾ ਹੈ, ਇਨ੍ਹਾਂ ਉਮੀਦਵਾਰਾਂ ਨੂੰ ਇਹ ਨੌਕਰੀ ਮਿਲੀ ਹੈ ਅਤੇ ਇਸ ਡਿਪਾਰਟਮੈਂਟ ਵਿੱਚ ਮਿਲੀ ਹੈ। ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਸਾਰੀਆਂ ਨੌਕਰੀਆਂ ਦਾ ਵੇਰਵਾ ਤੁਸੀਂ ਅੱਜ ਸ਼ਾਮ ਤੱਕ ਦੇ ਦਿਉ, ਕਿਉਂਕਿ ਤੁਹਾਡੇ ਕੋਲ ਇਸ ਸਬੰਧੀ ਡਾਟਾ ਆਲਰੈਡੀ ਤਿਆਰ ਹੈ।

ਸਰ, ਮੈਂ ਨਿਮਰਤਾ ਸਹਿਤ ਦੂਜੀ ਬੇਨਤੀ ਇਹ ਕਰਦਾ ਹਾਂ ਕਿ ਸਰਦਾਰ ਹਰਜੋਤ ਸਿੰਘ ਬੈਂਸ ਜੀ ਸਾਡੇ ਬਹੁਤ ਹੀ ਸਤਿਕਾਰਯੋਗ ਤੇ ਵੈੱਲ ਐਜੂਕੇਟਿਡ ਮੰਤਰੀ ਸਾਹਿਬ ਹਨ। ਇਸ ਵਿਧਾਨ ਸਭਾ ਦੇ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ 27000 ਪੋਸਟਾਂ ਅੱਜ ਵੀ ਐਜੂਕੇਸ਼ਨ ਡਿਪਾਰਟਮੈਂਟ ਵਿੱਚ ਖਾਲੀ ਪਈਆਂ ਹਨ। ਇਹ ਵੀ ਅੱਜ ਇਸ ਮਤੇ ਵਿੱਚ ਵਜ਼ੀਰ ਸਾਹਿਬ ਦੱਸਣਗੇ ਕਿ ਇਹ 27000 ਖਾਲੀ ਪਈਆਂ ਪੋਸਟਾਂ ਕਦੋਂ ਤੱਕ ਭਰ ਦੇਣਗੇ। ਸਰ, ਜਿਹੜੀ ਗੱਲ ਸਕੂਲਾਂ ਦੀ ਆਈ ਹੈ। ਅੱਜ ਇੱਕ ਅਨਸਟਾਰਡ ਪ੍ਰਸ਼ਨ ਨੰਬਰ 664 ਲੱਗਿਆ ਹੈ ਜਿਸ ਰਾਹੀਂ ਸਾਡੇ ਮੈਂਬਰ ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਜੀ ਨੇ ਪੁੱਛਿਆ ਹੈ ਕਿ ਕਿੰਨੇ ਨਵੇਂ ਸਕੂਲਾਂ ਦੀ ਉਸਾਰੀ ਕੀਤੀ ਗਈ ਹੈ। ਸਰ, ਉਸ ਦੇ ਵਿੱਚ ਮਾਰਚ, 2022 ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ 29 ਲੱਖ 62 ਹਜ਼ਾਰ 378 ਸਕੂਲੀ ਬੱਚੇ ਸੀ। ਇਹ ਜਵਾਬ ਜੋ ਹੈ, ਇਹ ਸਰਕਾਰ ਵੱਲੋਂ ਦਿੱਤਾ ਗਿਆ ਹੈ। ਅੱਜ ਸਰਕਾਰੀ ਸਕੂਲਾਂ ਵਿੱਚ ਸਿਰਫ 23 ਲੱਖ 64 ਹਜ਼ਾਰ 76 ਬੱਚੇ ਰਹਿ ਗਏ ਹਨ। 6 ਲੱਖ ਬੱਚੇ ਇਸ ਸਮੇਂ ਦੌਰਾਨ ਸਰਕਾਰੀ ਸਕੂਲ ਛੱਡ ਗਏ ਹਨ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਚਲੇ ਗਏ ਹਨ। ਤੁਸੀਂ ਕਹਿੰਦੇ ਹੋ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀ ਵੱਧ ਗਏ ਹਨ। ਇਹ ਸਾਡਾ ਜਵਾਬ ਨਹੀਂ

ਹੈ, ਇਹ ਸਾਡੇ ਪ੍ਰਸ਼ਨ ਦੇ ਉੱਤਰ ਵਿੱਚ ਸਰਕਾਰ ਵੱਲੋਂ ਦਿੱਤਾ ਗਿਆ ਜਵਾਬ ਹੈ। ਅਗਰ ਇਸ ਦੇ ਵਿੱਚ ਕੋਈ ਡਿਸਕਰੀਪੈਂਸੀ ਆਈ ਹੈ ਤਾਂ ਸਰਕਾਰ ਵੱਲੋਂ ਆਈ ਹੈ। ਇਸ ਦਾ ਮਤਲਬ ਜਿਹੜੀ ਗੋਇਲ ਸਾਹਿਬ ਨੇ ਗੱਲ ਕੀਤੀ ਹੈ ਕਿ ਸਾਡੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵੱਧ ਗਈ ਹੈ, ਕੀ ਇਹ ਇਸ ਦੇ ਵਿਪਰੀਤ ਹੈ? ਚਲੋ, ਗੋਇਲ ਸਾਹਿਬ, ਮੈਂ ਮੁਆਫੀ ਚਾਹੁੰਦਾ ਹਾਂ। ਮੈਂ ਤਾਂ ਬਹੁਤ ਘੱਟ ਪੜ੍ਹ ਕੇ ਆਉਂਦਾ ਹਾਂ, ਹਰ ਵਜ਼ੀਰ ਮੈਨੂੰ ਕਹਿ ਦਿੰਦਾ ਹੈ ਕਿ ਪੜ੍ਹ ਕੇ ਘੱਟ ਆਉਂਦਾ ਹੈ। ਪਰ ਤੁਸੀਂ ਤਾਂ ਵਜ਼ੀਰ ਹੋ। ਆਨ ਦਿ ਫਲੋਰ ਆਫ ਦਿ ਹਾਊਸ ਵਜ਼ੀਰ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਕਿ ਜਿਹੜੀ ਵੀ ਗੱਲ ਕਰਨ, ਉਹ ਸਹੀ ਹੋਵੇ। (ਵਿਘਨ) ਸਰ, ਮੈਂ ਤਾਂ ਜੋ ਸਵਾਲ ਦਾ ਜਵਾਬ ਆਇਆ ਹੈ, ਉਸ ਦੀ ਗੱਲ ਕਰ ਰਿਹਾ ਹਾਂ। ਜੋ ਸਵਾਲ ਪੁੱਛਿਆ ਗਿਆ, ਉਸਦਾ ਸਰਕਾਰ ਨੇ ਜਵਾਬ ਦਿੱਤਾ ਹੈ। ਸਰਕਾਰੀ ਨੌਕਰੀਆਂ ਦੀ ਗੱਲ ਇੱਕ ਵੱਖਰਾ ਮੁੱਦਾ ਹੈ।

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ):** ਮੈਂ ਜਿਹੜੀ ਗੱਲ ਕਹਿਣੀ ਚਾਹੁੰਦਾ ਸੀ, ਉਹ ਤਾਂ ਤੁਸੀਂ ਮੈਨੂੰ ਪੂਰੀ ਕਰਨ ਹੀ ਨਹੀਂ ਦਿੱਤੀ। ਜਾਂ ਤਾਂ ਤੁਸੀਂ ਸੁਣ ਲੈਂਦੇ। ਅਸੀਂ ਤੁਹਾਡੀ ਗੱਲ ਟਿਕਾਈ ਨਾਲ ਬੈਠ ਕੇ ਸੁਣ ਰਹੇ ਹਾਂ ਪਰ ਤੁਸੀਂ ਮੈਨੂੰ ਪੂਰੀ ਗੱਲ ਵੀ ਨਹੀਂ ਕਰਨ ਦਿੱਤੀ ਕਿ ਮੈਂ ਸਰਕਾਰੀ ਸਕੂਲਾਂ ਬਾਰੇ ਕੀ ਗੱਲ ਕਹਿਣੀ ਚਾਹੁੰਦਾ ਸੀ। ਤੁਸੀਂ ਮੈਨੂੰ ਉਸ ਗੱਲ ਤੇ ਆਉਣ ਤਾਂ ਦਿੰਦੇ। ਤੁਸੀਂ ਤਾਂ ਪਹਿਲਾਂ ਹੀ ਰੌਲ਼ਾ ਪਾ ਕੇ ਖੜ੍ਹ ਗਏ ਜਿਵੇਂ ਤਿਆਰ ਹੀ ਬੈਠੇ ਸੀ। ਸਰ, ਇਨ੍ਹਾਂ ਦਾ ਸੁਣਨ ਦਾ ਮਾਦਾ ਨਹੀਂ ਹੈ। ਪੰਜਾਬ ਵਿੱਚ 68000 ਨੌਕਰੀ ਇਨ੍ਹਾਂ ਨੂੰ ਹਜ਼ਮ ਨਹੀਂ ਹੋ ਰਹੀ। ਨਾ ਬੀ.ਜੇ.ਪੀ. ਦੇ ਇਹ ਗੱਲ ਹਜ਼ਮ ਹੋਈ ਹੈ। ਸਾਡੀ ਸਰਕਾਰ ਨੇ ਪਹਿਲੇ ਸਾਲ 20,000 ਨੌਕਰੀ ਦਿੱਤੀ ਸੀ। 600 ਮੁਹੱਲਾ ਕਲੀਨਿਕ ਬਣਾਏ ਅਤੇ ਬਿਜਲੀ ਮੁਆਫ ਕੀਤੀ ਗਈ ਹੈ। ਇਹ ਗੱਲਾਂ ਕਿਸੇ ਦੇ ਹਜ਼ਮ ਨਹੀਂ ਹੋਈਆਂ। ਸਾਰੇ ਸਾਡਾ ਵਿਰੋਧ ਕਰਨ ਲੱਗ ਗਏ। ਦਿੱਲੀ ਦੀ ਕੇਂਦਰ ਸਰਕਾਰ ਪੈਸੇ ਰੋਕ ਕੇ ਕਿਉਂ ਖੜ੍ਹ ਗਈ ਕਿ 20,000 ਨੌਕਰੀ ਪਹਿਲੇ ਸਾਲ ਕਿਉਂ ਦੇ ਦਿੱਤੀ। ਇਹ ਕਿਸੇ ਦੇ ਹਜ਼ਮ ਨਹੀਂ ਹੋ ਰਹੀ। ਵੋਟਾਂ ਦੀ ਰਾਜਨੀਤੀ ਇਹ ਪਾਰਟੀਆਂ ਕਰਦੀਆਂ ਹਨ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਅਸੀਂ ਵੋਟਾਂ ਦੀ ਰਾਜਨੀਤੀ ਨਹੀਂ ਕਰਦੇ, ਅਸੀਂ ਕੰਮ ਦੀ ਗੱਲ ਕਰਦੇ ਹਾਂ। (ਵਿਘਨ)(ਸ਼ੋਰ)

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.):** ਸਪੀਕਰ ਸਾਹਿਬ, ਮੇਰੇ ਹਲਕੇ ਦਾ ਪਿੰਡ ਖੇੜੀ ਚਹਿਲਾਂ ਹੈ ਜੋ ਕਿ ਸ਼ੇਰਪੁਰ ਦੇ ਨਾਲ ਹੈ। ਉਸ ਪਿੰਡ ਵਿੱਚ 71 ਸਰਕਾਰੀ ਨੌਕਰੀਆਂ ਮਿਲੀਆਂ ਹਨ। (ਥੰਪਿੰਗ)

(ਆਪੋਜੀਸ਼ਨ ਬੈਂਚਿਜ ਵੱਲੋਂ ਅਵਾਜ਼ਾਂ: ਕੀ ਇੱਕੋ ਪਿੰਡ ਵਿੱਚ ਮਿਲੀਆਂ ਹਨ?)

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਹਾਂ ਜੀ, ਇੱਕ ਪਿੰਡ ਦੇ ਵਿੱਚ 71 ਨੌਕਰੀਆਂ ਮਿਲੀਆਂ ਹਨ।

**ਮਾਣਯੋਗ ਸਪੀਕਰ:** ਨਾਲ ਇਹ ਵੀ ਦੱਸ ਦਿਓ ਕਿ ਬਿਨਾਂ ਸਿਫਾਰਸ਼ ਅਤੇ ਬਿਨਾਂ ਪੈਸੇ ਤੋਂ ਮਿਲੀਆਂ ਹਨ ਔਰ ਉਨ੍ਹਾਂ ਵਿੱਚ ਜ਼ਿਆਦਾ ਗਰੀਬ ਘਰਾਂ ਦੇ ਬੱਚੇ ਸ਼ਾਮਲ ਹਨ। (ਵਿਘਨ)(ਸ਼ੋਰ) ਐਜੂਕੇਸ਼ਨ ਮਨਿਸਟਰ ਸਾਹਿਬ ਵੀ ਖੜ੍ਹੇ ਹਨ। (ਵਿਘਨ)

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਪੀਕਰ ਸਾਹਿਬ, ਦੁੱਖ ਲਗਦਾ ਹੈ, ਕਈ ਵਾਰ ਆਪਾਂ ਅਜਿਹੀ ਭਾਸ਼ਾ ਦੀ ਵਰਤੋਂ ਕਰਦੇ ਹਾਂ ਜਾਂ ਇਹੋ ਜਿਹੇ ਦੋਸ਼ ਲਗਾ ਦਿੰਦੇ ਹਾਂ ਕਿ ਉਸ ਵਜ੍ਹਾ ਕਾਰਨ ਕਈ ਪਰਿਵਾਰ ਸੁਸਾਈਡ ਕਰ ਸਕਦੇ ਹਨ। ਪਿੱਛੇ ਜਿਹੇ ਮੇਰੇ ਹਲਕੇ ਵਿੱਚ ਬਾਜਵਾ ਸਾਹਿਬ ਗਏ ਸੀ। ਢਿੱਲੋਂ ਸਾਹਿਬ ਨੂੰ ਪਤਾ ਹੈ। ਉੱਥੇ ਹਲਕੇ ਵਿੱਚ ਜਾ ਕੇ ਇਹ ਕਹਿੰਦੇ ਕਿ ਮਲੇਰਕੋਟਲੇ ਰੋਡ ਦੇ ਉੱਪਰ ਪੰਡੋਰੀ ਦਾ ਬਹੁਤ ਵੱਡਾ ਹੋਟਲ ਹੈ, ਪਹਿਲਾਂ ਖਹਿਰਾ ਸਾਹਿਬ ਕਹਿ ਕੇ ਆਏ ਕਿ ਇਸ ਦੇ ਸਾਲੇ ਨੇ 13 ਕਿੱਲੇ ਜ਼ਮੀਨ ਬਣਾ ਲਈ ਹੈ ਅਤੇ ਕਹਿੰਦੇ ਕਿ ਇੱਕ ਦੋ ਕਨਾਲ ਦੀ ਕੋਠੀ ਬਣਾ ਲਈ ਹੈ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਬੈਠੇ ਬੈਠੇ ਬਿਨਾਂ ਆਗਿਆ ਤੋਂ ਕੁਝ ਬੋਲ ਰਹੇ ਸਨ ਜੋ ਕਿ ਸੁਣਾਈ ਨਹੀਂ ਦਿੱਤਾ)

**ਸਰਦਾਰ ਕੁਲਵੰਤ ਸਿੰਘ ਪੰਡੋਰੀ** : ਇਹੋ ਜਿਹੇ ਲਫਜ਼ ਬੋਲੇ ਗਏ ਹਨ। ਜੇ ਪਿਉ ਦੇ ਪੁੱਤ ਹੋ ਤਾਂ ਗੱਲ ਸੁਣੋ।

**ਮਾਣਯੋਗ ਸਪੀਕਰ:** ਇੱਧਰ ਚੇਅਰ ਨੂੰ ਐਡਰੈੱਸ ਕਰੋ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਜੇ ਪਿਉ ਦਾ ਪੁੱਤ ਹੋ ਤਾਂ ਸਾਬਤ ਕਰ ਦੇਣ, ਮੈਂ ਰਾਜਨੀਤੀ ਨਹੀਂ ਕਰਦਾ। (ਵਿਘਨ) ਇਸ ਦੀ ਵੀਡੀਉ ਵੀ ਬਣੀ ਹੈ, ਕੀ ਉੱਥੇ ਇੱਕ ਪਿੰਡ ਵਿੱਚ ਤੂੰ ਬੋਲ ਕੇ ਨਹੀਂ ਆਇਆ? (ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਮੁਖਾਤਿਬ ਹੁੰਦੇ ਹੋਏ) ਤੇਰੀਆਂ ਆਪਣੀਆਂ ਵੀਡੀਓਜ ਤੂੰ ਕੱਢ ਕੇ ਦੇਖ ਲੈ, ਤੂੰ ਖੁਦ ਸ਼ਰਮਸ਼ਾਰ ਹੋ ਜਾਵੇਂਗਾ, ਆਪਣੀਆਂ ਵੀਡੀਓਜ ਨਾਲ ਹੀ। ਆਪਣੀਆਂ ਵੀਡੀਓਜ ਵੀ ਦੇਖ ਲਿਆ ਕਰ।

**ਮਾਣਯੋਗ ਸਪੀਕਰ:** ਠੀਕ ਹੈ, ਪੰਡੋਰੀ ਸਾਹਿਬ, ਤੁਹਾਡੀ ਗੱਲ ਆ ਗਈ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਬੈਠੇ ਬੈਠੇ ਬਿਨਾਂ ਆਗਿਆ ਤੋਂ ਕੁਝ ਬੋਲ ਰਹੇ ਸਨ ਜੋ ਕਿ ਸੁਣਾਈ ਨਹੀਂ ਦਿੱਤਾ)

**1220/harpreet singh**

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਸਪੀਕਰ ਸਾਹਿਬ, ਸਦਨ ਵਿਚ ਗਲਤ ਫੈਕਟਸ ਕੋਟ ਕੀਤੇ ਗਏ ਹਨ। ਮੈਂ ਬੜੀ ਜ਼ਿੰਮੇਦਾਰੀ ਨਾਲ ਗੱਲ ਕਹਿੰਦਾ ਹਾਂ ਤੇ ਮੈਂ ਪਹਿਲਾ ਸਿੱਖਿਆ ਮੰਤਰੀ ਹਾਂ ਜੋ ਕਹਿੰਦਾ ਹੈ ਕਿ I am proud to be an Education Minister. ਵਰਨਾ ਇੱਥੇ ਇਨ੍ਹਾਂ ਦੇ ਕਾਂਗਰਸ ਪਾਰਟੀ ਦੇ ਸਾਬਕਾ ਸਿੱਖਿਆ ਮੰਤਰੀ ਦੀ ਵੀਡੀਓ ਯੂ.ਟਿਊਬ ਤੇ ਸਰਚ ਕਰ ਲਿਓ। ਉਹ ਕਿਵੇਂ ਅਧਿਆਪਕਾਂ ਨੂੰ ਕਿਸ ਭਾਸ਼ਾ ਵਿਚ ਬੋਲਦੇ ਸੀ। ਸਪੀਕਰ ਸਾਹਿਬ, ਵਿਰੋਧੀ ਧਿਰ ਦੇ ਨੇਤਾ ਵੱਲੋਂ ਪ੍ਰਸ਼ਨ ਪੁੱਛਿਆ ਗਿਆ ਸੀ, ਮੈਂ ਉਸ ਦਿਨ ਬਿਲਕੁਲ ਸਹੀ ਅੰਕੜੇ ਦੱਸੇ। 27

ਹਜ਼ਾਰ ਅਸਾਮੀਆਂ ਖਾਲੀ ਹਨ ਪਰ ਇਸ ਵਿਚੋਂ ਸਿੱਧੀ ਭਰਤੀ ਦੀਆਂ ਕਿੰਨੀਅ ਅਸਾਮੀਆਂ ਹਨ। ਸਾਰੇ ਅਖ਼ਬਾਰਾਂ ਨੇ ਖ਼ਬਰ ਵੀ ਲਗਾ ਦਿੱਤੀ। ਮਤਲਬ ਸਰਕਾਰੀ ਸਕੂਲਾਂ ਨੂੰ ਡੀਫੇਮ ਕਰਨਾ ਹੈ। ਸਪੀਕਰ ਸਾਹਿਬ, ਮੈਂ ਸਰਕਾਰੀ ਸਕੂਲਾਂ ਦੇ ਬੱਚਿਆਂ ਲਈ ਲੜਾਈ ਲੜ ਰਿਹਾ ਹਾਂ ਕਿ ਸਮਾਜ ਦਾ ਨੈਰੇਟਿਵ ਬਦਲ ਜਾਵੇ। ਇਹ ਤਾਂ ਕਹਿੰਦੇ ਹਨ ਕਿ ਸਰਕਾਰੀ ਸਕੂਲਾਂ ਨੂੰ ਖਤਮ ਕਰ ਦਿਓ। ਸਪੀਕਰ ਸਾਹਿਬ, 27 ਹਜ਼ਾਰ ਵਿਚੋਂ ਕੇਵਲ 8 ਹਜ਼ਾਰ ਸਿੱਧੀ ਭਰਤੀ ਦੀਆਂ ਅਸਾਮੀਆਂ ਖਾਲੀ ਹਨ। ਇਹ ਕੋਟਾ ਹੁੰਦਾ ਹੈ। ਉਸ 8 ਹਜ਼ਾਰ ਵਿਚੋਂ 3 ਹਜ਼ਾਰ ਦਾ ਇਸ਼ਤਿਹਾਰ ਆ ਚੁੱਕੀ ਹੈ ਅਤੇ 5 ਹਜ਼ਾਰ ਦਾ ਇਸ਼ਤਿਹਾਰ ਵੀ ਇਸੇ ਮਹੀਨੇ ਆ ਰਿਹਾ ਹੈ। ਸਪੀਕਰ ਸਾਹਿਬ, We are he biggest HR department. ਹਰ ਚੌਥਾ ਸਰਕਾਰੀ ਮੁਲਾਜ਼ਮ ਸਿੱਖਿਆ ਵਿਭਾਗ ਦਾ ਮੁਲਾਜ਼ਮ ਹੈ। ਜੇਕਰ ਸਭ ਤੋਂ ਵੱਡਾ ਮਹਿਕਮਾ ਹੋਵੇਗਾ ਤਾਂ ਸਭ ਤੋਂ ਜ਼ਿਆਦਾ ਰਿਟਾਇਰਮੈਂਟਾਂ ਵੀ ਹੋਣਗੀਆਂ। ਹੈਨਰੀ ਸਾਹਿਬ, ਤੁਹਾਨੂੰ ਬੇਨਤੀ ਹੈ, I also respect you like you respect me. ਇਹ ਪਤਾ ਕਰਿਓ ਕਿ ਆਖਰੀ ਵਾਰੀ ਪ੍ਰਿੰਸੀਪਲ ਤੋਂ ਡੀ.ਓ. ਦੀ ਤਰੱਕੀ ਕਦੋਂ ਹੋਈ ਸੀ। ਪਲੀਜ਼ ਪਤਾ ਕਰਕੇ ਆਇਓ। ਸਪੀਕਰ ਸਾਹਿਬ, 20-25 ਸਾਲਾਂ ਤੋਂ ਇਹ ਤਰੱਕੀਆਂ ਕੀਤੀਆਂ ਹੀ ਨਹੀਂ ਗਈਆਂ। ਪ੍ਰਿੰਸੀਪਲ ਰੈਂਕ ਦੇ ਅਧਿਕਾਰੀ ਨੂੰ ਹੀ ਡੀ.ਓ. ਲਗਾ ਦਿੰਦੇ ਸਨ। ਪਹਿਲੀ ਵਾਰ ਮਾਨ ਸਾਹਿਬ ਦੀ ਸਰਕਾਰ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਦੀਆਂ ਤਰੱਕੀਆਂ ਕੀਤੀਆਂ ਹਨ। ਮੈਂ ਝੂਠ ਨਹੀਂ ਬੋਲਦਾ, ਤੁਸੀਂ ਪਤਾ ਕਰ ਲੈਣਾ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਧੰਨਵਾਦ।

**ਸਿੱਖਿਆ ਮੰਤਰੀ:** ਨਹੀਂ ਸਰ, ਹਾਲੇ ਨਹੀਂ। ਇਸ ਤਰ੍ਹਾਂ ਕਿਵੇਂ ਧੰਨਵਾਦ। 29 ਲੱਖ ਤੋਂ ਕਹਿ ਦਿੱਤਾ 23 ਲੱਖ ਬੱਚੇ। ਸਪੀਕਰ ਸਾਹਿਬ ਅੱਜ ਵੀ 27 ਲੱਖ ਬੱਚੇ ਹਨ। ਤਿੰਨ ਲੱਖ ਬੱਚਾ ਫਰਜ਼ੀ ਸੀ। ਤੁਸੀਂ ਸਰਕਾਰੀ ਸਕੂਲਾਂ ਵਿਚ ਜਾ ਕੇ ਵੈਰੀਫਾਈ ਕਰ ਲੈਣਾ।ਇਕੋ ਹੀ ਬੱਚੇ ਨੂੰ ਚਾਰ ਚਾਰ ਸਕੂਲਾਂ ਵਿਚ ਦਰਸਾਇਆ ਹੋਇਆ ਸੀ। ਸਪੀਕਰ ਸਾਹਿਬ, ਹੁਣ ਸਿਸਟਮ ਵਧੀਆ ਹੋ ਗਿਆ, ਸਾਡੇ ਨਤੀਜੇ ਵਧੀਆ ਹੋਏ, ਮਿੱਡ ਡੇਅ ਮੀਲ ਘਪਲੇ ਰੁਕ ਗਏ, ਵਰਦੀਆਂ ਵਿਚ ਘਪਲਿਆਂ ਦੇ ਪੈਸੇ ਬਚ ਗਏ। ਅਸੀਂ ਇਸ ਨਾਲ ਆਪਣਾ ਇਨਫਰਾਸਟਰੱਕਚਰ ਬੈਟਰ ਕਰ ਸਕਦੇ ਹਾਂ। ਸਪੀਕਰ ਸਾਹਿਬ, ਫਰਜ਼ੀ ਬੱਚੇ, ਫਰਜ਼ੀ ਐਂਟਰੀਆਂ ਅਤੇ ਇਹ ਕਹਿੰਦੇ We are proud of it. I can present to you in this house, more then 500 kids from all over Punjab ਟਾਪ ਦੇ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ, ਜੇਕਰ ਤੁਸੀਂ ਕਹੋਂਗੇ ਤਾਂ ਮੈਂ ਕੱਲ ਹੀ ਲਿਆ ਦਿਆਂਗਾ। ਇਹ ਅੰਕੜੇ ਹਨ, I will take full responsibility. ਦੂਜੀ ਗੱਲ, ਸਪੀਕਰ ਸਾਹਿਬ, ਮੈਂ ਕੋਸ਼ਿਸ਼ ਕਰਦਾ ਹਾਂ ਕਿ ਮੈਂ ਕਦੇ ਟੈਂਪਰ ਲੂਜ਼ ਨਾ ਕਰਾਂ। ਸਪੀਕਰ ਸਾਹਿਬ, ਮੈਂ ਕਦੇ ਕਿਸੇ ਨੂੰ ਮੰਦਾ ਨਹੀਂ ਬੋਲਦਾ। ਮੈਂ ਪੁੱਤ ਕਿਹਾ ਜਾਂ ਬੇਟਾ ਕਿਹਾ, ਉਹ ਆਪੱਤੀਜਨਕ ਹੋ ਸਕਦਾ ਹੈ। ਕਿਉਂਕਿ ਮੈਂ ਸਿੱਖਿਆ ਮੰਤਰੀ ਹਾਂ, ਮੇਰੀ ਆਦਤ ਬਣ ਚੁੱਕੀ ਹੈ ਪਰ ਇੱਥੇ ਕੀ ਕੁੱਝ ਕਿਹਾ ਜਾਂਦਾ ਹੈ। ਕਿਸੇ ਨੂੰ ** ਕਿਹਾ ਜਾਂਦਾ ਹੈ, ਕਿਸੇ ਨੂੰ ** ਕਿਹਾ ਜਾਂਦਾ ਹੈ, ਕਿਸੇ ਨੂੰ ਕਿਹਾ ਜਾਂਦਾ ਹੈ ਕਿ **

**ਸਰਦਾਰ ਸੁਖਪਾਲ ਸਿੰਘ ਖਹਿਰਾ:** ** **

**ਸਿੱਖਿਆ ਮੰਤਰੀ** : ਇਸ ਦਾ ਮਤਲਬ ਜੇਕਰ ਅਸੀਂ ਗਰੀਬ ਪਰਿਵਾਰਾਂ ਤੋਂ ਹਾਂ ਤਾਂ ਅਸੀਂ ਕਿਸੇ ਨੂੰ ਕੁੱਝ ਨਹੀਂ ਬੋਲ ਸਕਦੇ? ਸਾਨੂੰ ਵੀ ਰੱਬ ਨੇ ਜੁਬਾਨ ਦਿੱਤੀ ਹੈ, ਸਾਨੂੰ ਵੀ ਦਿਮਾਗ ਦਿੱਤਾ ਹੈ। ਵੀਰੇ ਮੈਂ ਤੈਨੂੰ ਕੀ ਮਾੜਾ ਕਹਿ ਦਿੱਤਾ।

**ਮਾਣਯੋਗ ਸਪੀਕਰ:** ਚੇਅਰ ਦੀ ਇਜਾਜ਼ਤ ਤੋਂ ਬਿਨਾ ਜੋ ਕੁਝ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਬੈਠੋ ਜੀ।

-----

**WELCOME ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ:** ਮਾਡਰਨ ਪਬਲਿਕ ਸਕੂਲ, ਸ਼ਾਲੀਮਾਰ ਬਾਗ, ਦਿੱਲੀ ਦੇ ਬੱਚੇ ਅਤੇ ਅਧਿਆਪਕ ਇਸ ਸਦਨ ਦੀ ਅਜ਼ੀਮ ਕਾਰਵਾਈ ਵੇਖਣ ਆਏ ਹਨ। ਆਓ ਉਨ੍ਹਾਂ ਦਾ ਖੈਰ-ਮਖਦਮ ਕਰੀਏ। (ਥੰਪਿੰਗ)

----

**RESOLUTION EXPRESSING GRATITUDE TO GOVERNMENT'S INITIATIVES FOR EMPLOYMENT GENERATION, MERIT BASED RECRUITEMENT AND INDUSTRIAL INVESTMENT IN PUNJAB. (Resumption)**

**ਮਾਣਯੋਗ ਸਪੀਕਰ:** ਸ਼੍ਰੀ ਅਵਤਾਰ ਹੈਨਰੀ ਜੀ, ਹੁਣ ਕਨਕਲੂਡ ਕਰ ਦਿਓ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਨੂੰ ਦੋ ਮਿੰਟ ਦੇ ਦਿਓ, ਹਾਲੇ ਤਾਂ ਇੰਜਣ ਵਿਚ ਭਾਫ਼ ਵੀ ਨਹੀਂ ਜਾਂਦੀ ਤੇ ਤੁਸੀਂ ਬੰਦ ਕਰਵਾ ਦਿੰਦੇ ਹੋ।

**ਮਾਣਯੋਗ ਸਪੀਕਰ:** ਇਹ ਕਿਹੋ ਜਿਹਾ ਇੰਜਣ ਹੈ, ਜਿਹੜਾ ਪੰਜ ਪੰਜ ਮਿੰਟ ਗਰਮ ਹੀ ਨਹੀਂ ਹੁੰਦਾ। (ਹਾਸਾ)

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਹਰਜੋਤ ਬੈਂਸ ਜੀ, ਮੇਰੇ ਬਹੁਤ ਹੀ ਸਤਿਕਾਰਯੋਗ ਹਨ। He is a younger brother to me. He is very compitent. ਪਰ ਸਵਾਲ ਦਾ ਜਵਾਬ ਇਨ੍ਹਾਂ ਦੇ ਵਿਭਾਗ ਨੇ ਦਿੱਤਾ ਹੈ। ਅੱਜ ਦਾ ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰ: 694 ਹੈ, ਜਿਸ ਦੇ ਜਵਾਬ ਵਿਚ ਵਿਭਾਗ ਨੇ ਵੇਰਵਾ ਦਿੱਤਾ ਹੈ ਕਿ ਮਾਰਚ 2022 ਵਿੱਚ ਪੰਜਾਬ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਪ੍ਰਾਇਮਰੀ ਸਕੂਲਾਂ ਵਿੱਚ 14,19,239, ਮਿਡਲ ਸਕੂਲਾਂ ਵਿੱਚ 1,57,375 ਹਾਈ ਸਕੂਲਾਂ ਵਿੱਚ 3,42,703, ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 10,43,061 ਅਤੇ ਕੁੱਲ ਗਿਣਤੀ 29,62,378 ਸੀ। ਜੁਲਾਈ 2026 ਵਿੱਚ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 11,35,598, ਮਿਡਲ ਸਕੂਲਾਂ ਵਿੱਚ 124676, ਹਾਈ ਸਕੂਲਾਂ ਵਿੱਚ 2,84,464 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 8,19,338 ਅਤੇ ਕੁੱਲ ਗਿਣਤੀ 23,64,076 ਹੈ। ਸਰ, ਮੈਂ ਮੁਆਫੀ ਚਾਹੁੰਦਾ ਹਾਂ, ਜਾਂ ਤਾਂ ਵਜ਼ੀਰ ਸਾਹਿਬ ਹਾਊਸ ਨੂੰ ਮਿਸਲੀਡ ਕਰ ਰਹੇ ਹਨ। ਇਸ ਸਵਾਲ ਦਾ ਜਿਸ ਨੇ ਜਵਾਬ ਬਣਾਇਆ, ਉਸ ਤੇ ਕੀ ਬਣਦੀ ਕਾਰਵਾਈ ਕਰੋਗੇ? ਇਸ ਬਾਰੇ ਪਲੀਜ਼ ਹਾਊਸ ਨੂੰ ਦੱਸ ਦਿਉ ਜੀ। ਦੋਨਾਂ ਵਿੱਚ ਕੀ

difference ਹੈ। ਮੈਂ ਮਾਣਯੋਗ ਸਪੀਕਰ ਸਾਹਿਬ ਬੇਨਤੀ ਕਰਦਾ ਹਾਂ। ਦੂਜੀ ਗੱਲ, ਸਾਡੇ ਬਹੁਤ ਹੀ ਸਤਿਕਾਰਯੋਗ ਵਜ਼ੀਰ ਸਾਹਿਬਾ ਹਨ, ਡਾਕਟਰ ਬਲਜੀਤ ਕੌਰ ਜੀ, ਉਨ੍ਹਾਂ ਨੇ ਵੀ ਕਿਹਾ ਹੈ ਅਤੇ ਗੋਇਲ ਸਾਹਿਬ ਨੇ ਵੀ ਕਿਹਾ ਹੈ ਕਿ ਪਿਛਲੀਆਂ ਸਰਕਾਰਾਂ ਪੈਸੇ ਲੈ ਕੇ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਵੱਲੋਂ ਵੀ ਪੈਸੇ ਇੱਕਠੇ ਕੀਤੇ ਜਾਂਦੇ ਸਨ, ਮੁਲਾਜ਼ਮ ਜਦੋਂ ਬਣਦਾ ਸੀ ਤਾਂ ਉਹ ਰਿਸ਼ਵਤ ਦਿੰਦੇ ਸੀ। ਸਾਢੇ ਚਾਰ ਸਾਲਾਂ ਦੇ ਵਿੱਚ ਜਿਹੜੇ ਜਿਹੜੇ ਮੁਲਾਜ਼ਮਾਂ ਨੇ ਪੈਸੇ ਦੇ ਕੇ ਉਹ ਨੌਕਰੀਆਂ ਲਈਆਂ ਉਨ੍ਹਾਂ ਵਿੱਚੋਂ ਤੁਸੀਂ ਕਿੰਨਿਆਂ ਨੂੰ ਕੱਢ ਦਿੱਤਾ? ਇਸ ਦਾ ਵੇਰਵਾ ਵੀ ਹਾਊਸ ਦੀ ਟੇਬਲ ਤੇ ਜ਼ਰੂਰ ਰੱਖਿਆ ਜਾਵੇ। ਜਿਹੜੇ ਜਿਹੜੇ ਤੁਹਾਨੂੰ ਪਤਾ ਲੱਗੇ, ਜਿੰਨਾਂ ਜਿੰਨਾਂ ਨੇ ਪੈਸੇ ਦਿੱਤੇ ਉਨ੍ਹਾਂ ਦਾ ਨਾਮ ਅਤੇ ਬਤੌਰ ਜਿਸ ਨੇ ਪੈਸੇ ਲਏ ਕਿਸ ਤੇ ਐਫ.ਆਈ.ਆਰ ਦਰਜ ਕੀਤੀ, ਕਿਹੜਾ ਵਜ਼ੀਰ, ਕਿਹੜਾ ਸੈਕਟਰੀ, ਕਿਹੜਾ ਟੈਸਟ ਕਨਡਕਟ ਕਰਨ ਵਾਲਾ ਬੰਦਾ ਹੈ, ਕਿਸ ਕਿਸ ਤੇ ਪਰਚ ਦਰਜ ਕੀਤਾ ਹੈ? ਆਖਰੀ ਗੱਲ, ਇਸ ਤੋਂ ਬਾਅਦ ਮੈਂ ਕਨਕਲੂਡ ਕਰ ਦਿਆਂਗਾ। ਸਰ ਲਾਸਟ ਹੈ। ਸਰ, ਇੱਕ ਮਿੰਟ ਹੀ ਲੱਗਣਾ ਹੈ ਜੀ।

**ਮਾਣਯੋਗ ਸਪੀਕਰ:** ਨਹੀਂ, ਬਸ ਹੋ ਗਿਆ। Done ਹੋ ਗਿਆ। You have taken seven minutes.

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਬੇਨਤੀ ਹੈ ਕਿ ਜਿਹੜਾ ਵੀ ਮਤਾ ਜਾਂ ਬਿਲ ਸਦਨ ਵਿੱਚ ਲਿਆਇਆ ਜਾਂਦਾ ਹੈ ਉਸ ਦਾ ਖਰੜਾ ਇੱਕ ਦਿਨ ਪਹਿਲਾਂ ਮਿਲਣਾ ਚਾਹੀਦਾ ਹੈ। ਪਰਾਪਰ ਤਿਆਰੀ ਤਾਂ ਹੀ ਹੋ ਸਕਦੀ ਹੈ। ਡੀਟੇਲ ਵਿੱਚ ਅਸੀਂ ਤਾਂ ਹੀ ਬੋਲ ਸਕਦੇ ਹਾਂ ਜਿਹੜਾ ਕਿ ਹੁਣੇ 5 ਮਿੰਟ ਪਹਿਲਾਂ ਹੀ ਮਿਲਿਆ ਹੈ। ਅੱਗੇ ਵਾਸਤੇ ਬੇਨਤੀ ਹੈ ਜੀ। ਬਿਲ ਤੇ ਮਤੇ ਜਦੋਂ ਵੀ ਸਦਨ ਵਿੱਚ ਆਉਂਣੇ ਹੁੰਦੇ ਹਨ ਤਾਂ ਇੱਕ ਦਿਨ ਪਹਿਲਾਂ ਸਾਨੂੰ ਖਰੜਾ ਮਿਲ ਜਾਵੇ ਜੀ ਤਾਂ ਕਿ ਅਸੀਂ ਉਸ ਤੇ ਤਿਆਰੀ ਕਰਕੇ ਆਈਏ ਤੇ ਗੱਲ ਕਰ ਸਕੀਏ। ਇਹ ਜਿਹੜਾ ਮਤਾ ਲਿਆਂਦਾ ਗਿਆ ਹੈ, ਨੌਕਰੀਆਂ ਦੀ ਗੱਲ ਕੀਤੀ ਗਈ ਹੈ, ਬੇਸ਼ੱਕ ਅੱਜ ਦਾ ਸਿਸਟਮ ਬਹੁਤ ਪਾਰਦਰਸ਼ੀ ਹੋ ਗਿਆ ਹੈ, ਲੋਕ ਬਹੁਤ ਅਵੇਅਰ ਹਨ, ਜਾਗਰੂਕ ਹਨ। ਵੈਸੇ ਤਾਂ ਕੋਈ ਪਾਸੀਬਿਲਟੀ ਨਹੀਂ ਹੁੰਦੀ ਕਿ ਅਸੀਂ ਕਿਸੇ ਹੋਰ ਦਾ ਹੱਕ ਮਾਰ ਕੇ ਕਿਸੇ ਹੋਰ ਨੂੰ ਦੇ ਦੇਈਏ। ਲੋਕ ਹਾਈ ਕੋਰਟ ਤੇ ਸੁਪਰੀਮ ਕੋਰਟ ਤੱਕ ਪਹੁੰਚ ਕਰ ਲੈਂਦੇ ਹਨ। ਸਰਕਾਰ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਹਰੇਕ ਨੂੰ ਨੌਕਰੀ ਦੇਣੀ। ਨੌਕਰੀਆਂ ਆਨ ਮੈਰਿਟ ਮਿਲਣੀਆਂ ਚਾਹੀਦੀਆਂ ਹਨ ਤੇ ਦਿੱਤੀਆਂ ਵੀ ਜਾ ਰਹੀਆਂ ਹਨ। ਪਿਛਲੀਆਂ ਸਰਕਾਰਾਂ ਨੇ ਤਕਰੀਬਨ 10-15 ਸਾਲਾਂ ਤੋਂ ਮੈਰਿਟ ਤੇ ਹੀ ਨੌਕਰੀਆਂ ਦਿੱਤੀਆਂ ਹਨ। ਅੱਜ ਦੇ ਟਾਈਮ ਲੋਕਾਂ ਵਿੱਚ ਆਪਣੇ ਹੱਕਾਂ ਲਈ ਅਵੇਅਰਨੈੱਸ ਹੈ। ਲੇਕਿਨ ਸਰਕਾਰ ਨੇ ਪੰਜਾਬ ਦੇ ਮੁਲਾਜ਼ਮਾਂ ਦੇ ਨਾਲ ਜੋ ਵਾਅਦੇ ਕੀਤੇ ਸਨ ਉਸ ਸਬੰਧੀ ਹਾਲੇ ਵੀ ਡਿਟੇਲ white paper ਜਾਰੀ ਨਹੀਂ ਕੀਤਾ ਗਿਆ। ਵੱਡਾ ਮੁੱਦਾ ਕੀ ਹੈ? ਵੱਡਾ ਮੁੱਦਾ ਇਹ ਹੈ ਕਿ ਜਿਹੜੀਆਂ ਨੌਕਰੀਆਂ ਦਿੱਤੀਆਂ ਉਸ ਵਿੱਚ ਪੰਜਾਬ ਦੇ ਕਿੰਨੇ ਬੱਚਿਆਂ ਨੇ ਨੌਕਰੀ ਪ੍ਰਾਪਤ ਕੀਤੀ ਤੇ ਦੂਸਰੀਆਂ ਸਟੇਟਾਂ ਤੋਂ ਕਿੰਨੇ ਨੌਕਰੀ ਪ੍ਰਾਪਤ ਕਰਤਾ ਹਨ? ਅਸੀਂ ਕਿਸੇ ਦੇ ਖਿਲਾਫ ਨਹੀਂ ਹਾਂ। ਕਈ ਲੋਕ ਹਿਮਾਚਲ, ਹਰਿਆਣਾ, ਰਾਜਸਥਾਨ ਤੋਂ ਇੱਥੇ ਆ ਕੇ ਆਪਣਾ ਜਾਤੀ ਸਰਟੀਫਿਕੇਟ ਬਣਵਾ ਕੇ ਜੋ ਕਿ ਇੱਕ ਮਿੰਟ ਦੇ ਵਿੱਚ ਬਣ ਜਾਂਦੇ ਹਨ, ਇੱਥੇ ਆ ਕੇ ਨੌਕਰੀਆਂ ਪ੍ਰਾਪਤ ਕਰ ਰਹੇ

ਹਨ। ਇਸ ਸਬੰਧੀ ਜ਼ਰੂਰ ਜਾਣਕਾਰੀ ਦਿੱਤੀ ਜਾਵੇ ਕਿ ਜਿਹੜੀਆਂ ਨੌਕਰੀਆਂ ਦਿੱਤੀਆਂ ਗਈਆਂ ਹਨ ਉਸ ਦੇ ਵਿੱਚ ਪੰਜਾਬ ਦੇ ਕਿੰਨੇ ਹਨ ਅਤੇ ਦੂਸਰੀਆਂ ਸਟੇਟਾਂ ਦੇ ਕਿੰਨੇ ਹਨ? ਦੂਸਰੀਆਂ ਸਟੇਟਾਂ ਦੇ ਵੀ ਆਪਣੇ ਕਾਨੂੰਨ ਹਨ। ਹਿਮਾਚਲ ਵਿੱਚ ਜਾ ਕੇ ਅਸੀਂ ਆਪਣੀ ਜਗ੍ਹਾ ਤੱਕ ਨਹੀਂ ਖਰੀਦ ਸਕਦੇ, ਜ਼ਮੀਨ ਤੱਕ ਨਹੀਂ ਖਰੀਦ ਸਕਦੇ। ਇਸੇ ਤਰ੍ਹਾਂ ਰਾਜਸਥਾਨ ਵਿੱਚ ਅਸੀਂ ਜਾ ਕੇ ਆਪਣੀ ਜਗ੍ਹਾ/ਜ਼ਮੀਨ ਨਹੀਂ ਖਰੀਦ ਸਕਦੇ। ਸਾਡੇ ਪੰਜਾਬ ਦੇ ਵਿਦਿਆਰਥੀਆਂ ਦੇ ਹੱਕਾਂ ਦੇ ਉੱਪਰ ਆ ਕੇ ਕੋਈ ਡਾਕਾ ਨਾ ਮਾਰੇ ਇਸ ਵਾਸਤੇ ਸਖਤ ਕਾਨੂੰਨ ਬਣਾਉਣ ਦੀ ਲੋੜ ਹੈ। ਇੱਥੋਂ ਦੇ ਡੋਮੀਸਾਈਲ ਵਾਲਿਆਂ ਨੂੰ ਅਤੇ ਬੋਨਾਫਾਈਫ ਨੂੰ ਹੀ ਸਾਰੀਆਂ ਨੌਕਰੀਆਂ ਮਿਲਣੀਆਂ ਚਾਹੀਦੀਆਂ ਹਨ। ਅੱਜ ਵੀ ਪੰਜਾਬ ਦੇ ਨੌਜਵਾਨਾਂ ਲਈ ਬੇਰੁਜ਼ਗਾਰੀ ਸਭ ਤੋਂ ਵੱਡਾ ਮੁੱਦਾ ਹੈ। ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ। ਸਾਡੇ ਨੌਜਵਾਨਾਂ ਵਿੱਚ ਸਕਿੱਲ ਦੀ ਬਹੁਤ ਘਾਟ ਹੈ। ਸਾਡਾ ਨੌਜਵਾਨ ਹੁਨਰਮੰਦ ਨਹੀਂ ਹੈ। ਦੂਸਰੀਆਂ ਸਟੇਟਾਂ ਤੋਂ ਜਿਹੜੇ ਮਜ਼ਦੂਰ ਹਨ ਉਹ ਇੱਥੇ ਆ ਰਹੇ ਹਨ। ਅੱਜ ਜਿੰਨਾਂ ਵੀ ਕੰਮ ਹੈ, ਚਾਹੇ ਟਾਈਲਾਂ ਦਾ ਕੰਮ ਹੈ, ਚਾਹੇ ਪੱਥਰ ਦਾ ਕੰਮ ਹੈ, ਚਾਹੇ ਪੀ.ਓ.ਪੀ ਦਾ ਕੰਮ ਹੈ ਇਹ ਸਾਰੇ ਕੰਮ ਅੱਜ ਦੂਸਰੀਆਂ ਸਟੇਟਾਂ ਤੋਂ ਖਾਲੀ ਹੱਥ ਆ ਕੇ ਆਪਣਾ ਕੰਮ ਵੀ ਕਰ ਰਹੇ ਹਨ ਤੇ ਆਪਣਾ ਗੁਜ਼ਾਰਾ ਵੀ ਕਰ ਰਹੇ ਹਨ ਅਤੇ ਕਾਮਯਾਬ ਵੀ ਹੋ ਰਹੇ ਹਨ। ਲੇਕਿਨ ਸਾਡਾ ਇੱਥੋਂ ਦਾ ਨੌਜਵਾਨ ਵਿਦੇਸ਼ਾਂ ਦੇ ਵਿੱਚ ਜਾ ਰਿਹਾ ਹੈ। ਉਨ੍ਹਾਂ ਕੋਲ ਕੋਈ ਹੁਨਰ ਨਹੀਂ ਹੁੰਦਾ। ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰ ਰਹੇ ਹਨ। ਬੜੀ ਮਹਿੰਗਾਈ ਹੋ ਚੁੱਕੀ ਹੈ। ਇੱਕ ਬੇਸਮੈਂਟ ਦਾ ਕਿਰਾਇਆ ਦੇਣਾ ਹੀ ਬਹੁਤ ਵੱਡੀ ਗੱਲ ਹੈ। ਇੱਥੇ ਸਾਰਿਆਂ ਕੋਲ ਆਪਣੇ ਘਰ ਹਨ, ਚੰਗੇ ਮਾੜੇ ਜਿਹੇ ਜਿਹੇ ਵੀ ਹਨ। ਕਿਸੇ ਦੇ ਸਿਰ ਤੇ ਕਰਜ਼ਾ ਨਹੀਂ ਹੈ। ਲੇਕਿਨ ਸਰਕਾਰਾਂ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਅੱਜ ਸਾਡਾ ਪੰਜਾਬ ਦਾ ਨੌਜਵਾਨ ਸਿਕਿਓਰਿਟੀ ਕਰ ਰਿਹਾ ਹੈ।

**1230/Tarlochan Singh**

ਸਕਿਉਰਿਟੀ ਦੀ ਨੌਕਰੀ ਕਰ ਰਹੇ ਹਨ। ਪਰ ਸਕਿੱਲਡ ਟਰੇਨਿੰਗ ਦਾ ਫਿਊਚਰ ਦੇਖਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਵੱਧ ਤੋਂ ਵੱਧ ਧਿਆਨ ਦਿੱਤਾ ਜਾਵੇ ਤਾਂ ਜੋ ਸਾਡਾ ਨੌਜਵਾਨ ਹੁਨਰਮੰਦ ਹੋਵੇ ਅਤੇ ਆਪਣੇ ਪੈਰਾਂ ਤੇ ਖੜ੍ਹਾ ਹੋਵੇ।

**ਮਾਣਯੋਗ ਸਪੀਕਰ** : ਠੀਕ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਇਸ ਦੇ ਨਾਲ ਹੀ ਜਿਹੜਾ ਡੀ.ਸੀ. ਰੇਟ ਹੈ, ਡੇਅਲੀ ਵੇਜਿਜ਼ ਰੇਟ ਹੈ, ਅੱਜ ਦੇ ਸਮੇਂ ਘੱਟ ਤੋਂ ਘੱਟ ਹਜ਼ਾਰ ਰੁਪਿਆ ਹੋਣਾ ਚਾਹੀਦਾ ਹੈ। ਇੰਨੀ ਮਹਿੰਗਾਈ ਹੋ ਚੁੱਕੀ ਹੈ ਕਿ ਮਹੀਨੇ ਦੀ ਘੱਟੋ ਘੱਟ 30 ਹਜ਼ਾਰ ਰੁਪਏ ਤਨਖਾਹ ਹੋਣੀ ਚਾਹੀਦੀ ਹੈ ਤਾਂ ਹੀ ਉਨ੍ਹਾਂ ਗੁਜ਼ਾਰਾ ਹੋ ਸਕਦਾ ਹੈ। 8-10-12-15 ਹਜ਼ਾਰ ਨਾਲ ਕੁਝ ਨਹੀਂ ਬਣਦਾ ਹੈ। ਉਨ੍ਹਾਂ ਦਾ ਇੰਨੇ ਦਾ ਤਾਂ ਤੇਲ ਹੀ ਲੱਗ ਜਾਂਦਾ ਹੈ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ,ਐਸ.ਸੀ.)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਪੰਜਾਬ ਵਿੱਚ ਪੜ੍ਹੇ ਲਿਖੇ ਨੌਜਵਾਨ ਬੱਚੇ, ਜਿਨ੍ਹਾਂ ਨੂੰ ਮਾਣਯੋਗ ਸੀ.ਐਮ. ਸਾਹਿਬ ਦੀ ਅਗਵਾਈ ਹੇਠ ਰੋਜ਼ਗਾਰ ਮਿਲਿਆ ਹੈ, ਅਤੇ ਪੰਜਾਬ ਵਿੱਚ ਇਨਵੈਸਟਰਜ਼ ਆਏ ਹਨ, ਉਦਯੋਗ ਵਧਿਆ ਹੈ। ਅੱਜ ਤੁਸੀਂ ਮੈਨੂੰ ਇਸ ਬਹੁਤ ਹੀ ਮਹੱਤਵਪੂਰਨ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ।

ਸਰ, ਮੈਂ ਆਪਣੀ ਗੱਲ ਦੀ ਸ਼ੁਰੂਆਤ ਇਸ ਗੱਲ ਤੋਂ ਕਰਨਾ ਚਾਹੁੰਦਾ ਹਾਂ ਕਿ ਰੋਜ਼ਗਾਰ ਹਰ ਨੌਜਵਾਨ ਦੀ ਆਸ ਹੈ। ਸਰ, ਅੱਜ ਕਾਂਗਰਸ ਦੇ ਸਾਥੀ ਵਿਧਾਇਕ ਸਾਹਿਬਾਨਾਂ ਨੇ ਬਹੁਤ ਸ਼ੋਰ ਸ਼ਰਾਬਾ ਕੀਤਾ ਹੈ। ਇੱਕ ਬਹੁਤ ਮਹੱਤਵਪੂਰਨ ਮੁੱਦੇ ਤੇ ਜਦੋਂ ਪੰਜਾਬ ਦਾ ਧਿਆਨ ਇਸ ਸੈਸ਼ਨ ਰਾਹੀਂ ਕੀਤਾ ਗਿਆ, ਪੰਜਾਬ ਦੇ ਬੱਚਿਆਂ ਦੀ ਗੱਲ ਚੱਲ ਰਹੀ ਹੈ, ਤਾਂ ਮੈਂ ਇੱਥੇ ਇੱਕ ਗੱਲ ਕਰਨੀ ਜ਼ਰੂਰੀ ਸਮਝਦਾ ਹਾਂ ਕਿ ਪਿਛਲੀ ਸਰਕਾਰ, ਕਾਂਗਰਸ ਦੀ ਸਰਕਾਰ ਸੀ ਅਤੇ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਨ। ਸਰਕਾਰ ਬਣਾਉਣ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ, ਬੱਚਿਆਂ ਨਾਲ ਇਨ੍ਹਾਂ ਨੇ ਇੱਕ ਧੋਖਾ ਕੀਤਾ ਸੀ। ਉਨ੍ਹਾਂ ਨੇ ਇੱਕ ਨਾਅਰਾ ਬੁਲੰਦ ਕੀਤਾ ਕਿ ਅਸੀਂ ਘਰ ਘਰ ਨੌਕਰੀ ਲਿਆਵਾਂਗੇ। ਸਰ, ਤੁਹਾਨੂੰ ਯਾਦ ਹੋਵੇਗਾ ਕਿ ਉਦੋਂ ਇਨ੍ਹਾਂ ਨੇ ਇੱਕ ਕਾਰਡ ਇਸ਼ੂ ਕੀਤਾ ਸੀ ਜੋ ਕਿ ਇੱਕ ਏ.ਟੀ.ਐਮ. ਦੀ ਤਰ੍ਹਾਂ ਹੁੰਦਾ ਹੈ। ਪੜ੍ਹੇ ਲਿਖੇ ਬੱਚਿਆਂ ਤੋਂ ਰਜਿਸਟਰੇਸ਼ਨ ਕਰਵਾਈ ਅਤੇ ਉਨ੍ਹਾਂ ਨੂੰ ਕਾਰਡ ਜਾਰੀ ਕੀਤੇ। ਉਹ ਕਾਰਡ ਸਿਰਫ ਕਾਰਡ ਬਣ ਕੇ ਰਹਿ ਗਏ ਲੇਕਿਨ ਬੱਚਿਆਂ ਤੱਕ ਨੌਕਰੀ ਨਹੀਂ ਗਈ। ਸਾਲ 2020-21 ਵਿੱਚ ਸਰਕਾਰ ਬਣਨ ਤੋਂ ਪਹਿਲਾਂ ਬਾਘਾ ਪੁਰਾਣਾ ਵਿੱਚ ਆਮ ਆਦਮੀ ਪਾਰਟੀ ਦੀ ਇੱਕ ਬਹੁਤ ਵੱਡੀ ਰੈਲੀ ਹੋਈ ਸੀ ਅਤੇ ਪਾਰਟੀ ਦੇ ਸੁਪਰੀਮੋ ਮਾਣਯੋਗ ਸ਼੍ਰੀ ਅਰਵਿੰਦ ਕੇਜਰੀਵਾਲ ਸਾਹਿਬ ਅਤੇ ਉਸ ਵੇਲੇ ਦੀ ਸਮੁੱਚੀ ਲੀਡਰਸ਼ਿਪ ਉਥੇ ਸੀ ਅਤੇ ਮੈਂ ਬਤੌਰ ਵਾਲੰਟੀਅਰ ਉਸ ਰੈਲੀ ਵਿੱਚ ਹਾਜ਼ਰ ਸੀ। ਸਪੀਕਰ ਸਾਹਿਬ, ਤੁਸੀਂ ਵੀ ਉਸ ਸਮੇਂ ਬਤੌਰ ਐਮ.ਐਲ.ਏ. ਉਸ ਰੈਲੀ ਵਿੱਚ ਹਾਜ਼ਰ ਹੋਏ ਸੀ। ਜਿਹੜੇ ਵਾਲੰਟੀਅਰ ਉਸ ਵੇਲੇ ਉਸ ਰੈਲੀ ਵਿੱਚ ਹਾਜ਼ਰ ਸਨ ਉਨ੍ਹਾਂ ਵਿੱਚੋਂ ਬਹੁਤ ਸਾਰੇ ਅੱਜ ਇੱਥੇ ਵਿਧਾਇਕ ਬਣ ਕੇ ਇਸ ਹਾਊਸ ਵਿੱਚ ਹਾਜ਼ਰ ਹਨ। ਸਰ, ਉਸ ਰੈਲੀ ਵਿੱਚ ਮਾਣਯੋਗ ਅਰਵਿੰਦ ਕੇਜਰੀਵਾਲ ਸਾਹਿਬ ਨੇ ਉਹ ਕਾਰਡ ਪੰਜਾਬ ਦੇ ਲੋਕਾਂ ਦੇ ਸਾਹਮਣੇ ਜਨਤਕ ਕੀਤਾ ਸੀ ਅਤੇ ਉਦੋਂ ਗੱਲ ਚੱਲੀ ਸੀ ਕਿ ਪੰਜਾਬ ਦੇ ਪੜ੍ਹੇ ਲਿਖੇ ਬੇਰੋਜ਼ਗਾਰ ਬੱਚਿਆਂ ਨਾਲ ਕਾਂਗਰਸ ਪਾਰਟੀ ਦੀ ਸਰਕਾਰ ਨੇ ਧੋਖਾ ਕੀਤਾ ਹੈ, ਉਨ੍ਹਾਂ ਨੇ ਫੋਕਾ ਅਤੇ ਫਰਜ਼ੀ ਕਾਰਡ ਇਸ਼ੂ ਕੀਤਾ ਹੈ। ਆਉਣ ਵਾਲੀ ਵਿਧਾਨ ਸਭਾ ਵਿੱਚ, ਇਲੈਕਸ਼ਨਾਂ ਵਿੱਚ ਪੰਜਾਬ ਦੇ ਲੋਕਾਂ ਤੋਂ ਉਨ੍ਹਾਂ ਨੇ ਸਹਿਯੋਗ ਦੀ ਅਪੀਲ ਕੀਤੀ ਅਤੇ ਇਹ ਗੱਲ ਕੀਤੀ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਸਾਰ ਹੀ ਸਭ ਤੋਂ ਪਹਿਲਾਂ ਜਿਹੜਾ ਕੰਮ ਹੋਵੇਗਾ ਉਹ ਹੋਵੇਗਾ ਨੌਕਰੀਆਂ ਦੇਣ ਦਾ। ਕੈਪਟਨ ਦੇ ਕਾਰਡ ਤੇ ਭਾਵੇਂ ਕਿਸੇ ਨੂੰ ਨੌਕਰੀ ਨਹੀਂ ਮਿਲੀ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਇਸ ਕਾਰਡ ਹੋਲਡਰਜ਼ ਨੂੰ ਨੌਕਰੀ ਜ਼ਰੂਰ ਮਿਲੇਗੀ। ਮੈਂ ਇਸ ਗੱਲ ਲਈ ਵਡਭਾਗੀ ਹਾਂ ਕਿ ਸਰਕਾਰ ਬਣੀ ਅਤੇ ਮੈਨੂੰ ਫਿਰੋਜ਼ਪੁਰ ਦਿਹਾਤੀ ਹਲਕੇ ਦੇ ਲੋਕਾਂ ਨੇ ਆਸ਼ੀਰਵਾਦ ਦੇ ਇਸ ਸਰਕਾਰ ਦਾ ਹਿੱਸਾ ਬਣਾਇਆ। ਮਾਰਚ 2022 ਵਿੱਚ ਜਦੋਂ ਸੀ.ਐਮ. ਸਾਹਿਬ ਨੇ,

ਸਰਕਾਰ ਨੇ oath ਲਈ ਤਾਂ ਪਹਿਲੀ ਕੈਬਨਿਟ ਮੀਟਿੰਗ ਵਿੱਚ 25000 ਨੌਕਰੀਆਂ ਦਾ ਫ਼ੈਸਲਾ ਆਇਆ। 25000 ਨੌਕਰੀਆਂ ਤੋਂ ਸ਼ੁਰੂ ਹੋ ਕੇ ਇਹ ਗਿਣਤੀ ਅੱਜ 68 ਹਜ਼ਾਰ ਨੂੰ ਪਾਰ ਕਰ ਗਈ ਹੈ। ਮੈਂ ਧੰਨਵਾਦੀ ਹਾਂ ਮਾਣਯੋਗ ਅਰਵਿੰਦ ਕੇਜਰੀਵਾਲ ਸਾਹਿਬ ਦਾ, ਮੈਂ ਧੰਨਵਾਦੀ ਹਾਂ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਦਾ ਜਿਨ੍ਹਾਂ ਨੇ ਬਾਘਾ ਪੁਰਾਣਾ ਦੀ ਉਸ ਰੈਲੀ ਵਿੱਚ ਜਿਹੜੀ ਗੱਲ ਪੰਜਾਬ ਦੇ ਲੋਕਾਂ ਨਾਲ ਕੀਤੀ ਸੀ, ਉਹ ਗੱਲ ਗਾਰੰਟੀ ਦੇ ਰੂਪ ਵਿੱਚ ਪੂਰੀ ਕੀਤੀ ਹੈ।

**1235/mehak**

ਸਾਡੀ ਸਰਕਾਰ ਨੇ, ਸੀ.ਐਮ. ਸਾਹਿਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਇਨ੍ਹਾਂ ਕਾਂਗਰਸੀਆਂ ਦੀ ਤਰ੍ਹਾਂ ਫੋਕੇ ਤੇ ਫਰਜ਼ੀ ਕਾਰਡ ਨਹੀਂ ਜਾਰੀ ਕੀਤੇ। ਸਰਦਾਰ ਭਗਵੰਤ ਮਾਨ ਸਾਹਿਬ ਨੇ ਉਹ ਫੋਕੇ ਤੇ ਫਰਜ਼ੀ ਕਾਰਡਾਂ ਦੇ ਬਦਲੇ ਪੰਜਾਬ ਦੇ ਨੌਜਵਾਨ ਤੇ ਪੰਜਾਬ ਦੇ ਪੜ੍ਹੇ-ਲਿਖੇ ਲੋਕਾਂ ਦੇ ਹੱਥਾਂ ਵਿੱਚ ਨਿਯੁਕਤੀ ਪੱਤਰ ਵੰਡੇ। ਸਰ, ਮੈਨੂੰ ਇਹ ਦੱਸਦੇ ਹੋਏ ਬੜੀ ਖੁਸ਼ੀ ਹੋ ਰਹੀ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਥੈਂਕਿਊ, ਕਨਕਲੂਡ ਕਰੋ। ਅਮਨ ਅਰੋੜਾ ਜੀ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ**: ਸਰ, ਇੱਕ ਮਿੰਟ ਲਵਾਂਗਾ ਜੀ। ਇੰਪਾਰਟੈਂਟ ਗੱਲ ਹੈ ਜੀ।

**ਮਾਣਯੋਗ ਸਪੀਕਰ**: ਹੋ ਗਿਆ ਜੀ, ਹੋ ਗਿਆ। ਤੁਹਾਡੀ ਗੱਲ ਆ ਗਈ ਜੀ, ਆ ਗਈ। ਅਮਨ ਜੀ।

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ (ਸ੍ਰੀ ਅਮਨ ਅਰੋੜਾ):** ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ ਕਿ ਤੁਸੀਂ ਬਹੁਤ ਮਹੱਤਵਪੂਰਣ ਤੇ ਭਖਦੇ ਮਸਲੇ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਰੋਜ਼ਗਾਰ ਹਰ ਵਿਅਕਤੀ ਦਾ ਹੱਕ ਹੈ। ਬਹੁਤ heated exchanges ਹੋਈਆਂ, divergent view points ਵੀ ਆਏ, ਕਿਸੇ ਨੇ ਸਪੋਰਟ ਕੀਤਾ ਤੇ ਕਿਸੇ ਨੇ ਆਪੋਜ਼ ਕੀਤਾ ਪਰ ਮੈਂ ਇਹ ਮੰਨ ਕੇ ਚਲਦਾ ਹਾਂ ਕਿ ਜੇ ਆਪਾਂ ਕਹੀਏ ਕਿ ਸਰਕਾਰ ਸਾਰਿਆਂ ਨੂੰ ਰੋਜ਼ਗਾਰ ਦੇ ਦੇਵੇਗੀ, ਸਾਰਿਆਂ ਨੂੰ ਸਰਕਾਰੀ ਨੌਕਰੀ ਦੇ ਦੇਵੇਗੀ ਤਾਂ ਉਹ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਸੰਭਵ ਨਹੀਂ ਹੋ ਸਕਦਾ। ਸਰਕਾਰਾਂ ਦੀ ਡਿਊਟੀ ਹੁੰਦੀ ਹੈ ਕਿ ਇੱਕ ਇਹੋ ਜਿਹਾ ਸਿਸਟਮ, ਇਹੋ ਜਿਹਾ ਇਕੋ ਸਿਸਟਮ, ਇਹੋ ਜਿਹਾ ਮਾਹੌਲ ਪੈਦਾ ਕਰਨਾ ਜਿਸ ਵਿੱਚ ਨੌਕਰੀ ਚਾਹੁਣ ਵਾਲੇ ਬੱਚਿਆਂ ਦਾ, ਨੌਜਵਾਨਾਂ ਦਾ ਸਰਕਾਰ ਵਿੱਚ ਵੀ ਵਿਸ਼ਵਾਸ ਹੋਵੇ ਅਤੇ ਸਮਾਜ ਔਰ ਸਮਾਜ ਦੇ ਸਿਸਟਮ ਵਿੱਚ ਵੀ ਵਿਸ਼ਵਾਸ ਹੋਵੇ। ਸਰ, ਅੱਜ ਜੇ ਆਪਾਂ all over World Global Scenario ਦੀ ਗੱਲ ਕਰ ਲਈਏ ਤਾਂ ਜਦੋਂ ਆਪਣਾ ਮੁਲਕ ਆਜ਼ਾਦ ਹੋਇਆ ਤਾਂ ਹਿੰਦੁਸਤਾਨ ਤੇ ਚਾਈਨਾ ਦੀ ਜੀ.ਡੀ.ਪੀ. ਦਾ ਬਹੁਤ ਫਰਕ ਨਹੀਂ ਸੀ, in fact ਹਿੰਦੁਸਤਾਨ ਦਾ ਜੀ.ਡੀ.ਪੀ. ਚਾਈਨਾ ਨਾਲੋਂ ਥੋੜ੍ਹਾ ਜਿਹਾ ਜ਼ਿਆਦਾ ਸੀ। ਉਨ੍ਹਾਂ ਨੇ ਅੱਜ ਤੋਂ 30-40 ਸਾਲ ਪਹਿਲਾਂ ਜਿੰਨੇ ਲੋਕ ਸੀ, ਜਿੰਨੇ ਪੇਟ ਸੀ, ਉਸ ਤੋਂ ਦੁੱਗਣੇ ਹੱਥ ਸੀ ਤੇ ਉਨ੍ਹਾਂ ਨੇ ਹਰ ਹੱਥ ਨੂੰ ਕੰਮ ਕਰਨ ਲਗਾ ਦਿੱਤਾ ਤੇ ਅੱਜ ਚਾਈਨਾ ਗਲੋਬਲ ਹੱਬ ਬਣਿਆ ਪਿਆ ਹੈ ਤੇ ਸਾਰੀ ਦੁਨੀਆ ਦੀ ਫੈਕਟਰੀ ਬਣਿਆ ਪਿਆ ਹੈ। ਇਹ ਕੈਪੇਸਟੀ ਆਪਣੇ ਮੁਲਕ ਵਿੱਚ ਵੀ ਹੈ ਪਰ unfortunately ਇੱਥੇ ਉਹ

ਮਾਹੌਲ ਨਹੀਂ ਬਣ ਸਕਿਆ ਔਰ ਉਸੇ manufacturing hub ਦੇ ਚੱਕਰ ਵਿੱਚ ਉਨ੍ਹਾਂ ਨੇ ਹਰ ਹੱਥ ਨੂੰ ਕੰਮ ਦੇ ਦਿੱਤਾ ਤੇ ਅੱਜ ਚਾਈਨਾ second largest economy ਬਣਿਆ ਪਿਆ ਹੈ। ਇਹ ਐਕਸਪੈਕਟੇਸ਼ਨ ਹੈ ਕਿ ਥੋੜ੍ਹੇ ਸਾਲਾਂ ਵਿੱਚ ਉਹ ਅਮਰੀਕਾ ਨੂੰ ਵੀ supersede ਕਰ ਜਾਵੇਗਾ ਤੇ ਅਮਰੀਕਾ ਤੋਂ ਵੀ ਅੱਗੇ ਲੰਘ ਜਾਵੇਗਾ। ਸੋ, ਰੋਜ਼ਗਾਰ foremost ਹੈ ਅਤੇ ਸਭ ਤੋਂ ਮਹੱਤਵਪੂਰਣ ਹੈ। ਇਸ ਦਾ ਇੱਕ ਨਜ਼ਾਰਾ unfortunate ਸੀ ਜੋ ਪਿਛਲੇ ਦਿਨਾਂ ਵਿੱਚ ਆਪਣੇ ਮੁਲਕ ਵਿੱਚ Gen-Z ਦਾ ਬਹੁਤ ਵੱਡਾ ਰੋਹ ਦਿੱਲੀ ਵਿੱਚ ਦੇਖਣ ਨੂੰ ਮਿਲਿਆ ਕਿਉਂਕਿ ਉਨ੍ਹਾਂ ਬੱਚਿਆਂ ਨੂੰ ਇਹ ਮਹਿਸੂਸ ਹੋਇਆ ਕਿ ਜੇ ਇੱਕ ਨੀਟ ਦਾ ਪੇਪਰ ਲੀਕ ਹੋ ਰਿਹਾ ਹੈ ਤਾਂ ਕਿਤੇ ਨਾ ਕਿਤੇ ਸਾਡੀ ਕਾਬਲੀਅਤ ਨੂੰ ਦਰਕਿਨਾਰ ਕਰਕੇ ਸਾਡੇ ਢਿੱਡ ਉੱਪਰ ਸੱਟ ਮਾਰੀ ਜਾ ਰਹੀ ਹੈ। ਉਹ ਰੋਹ ਇਹੋ ਜਿਹਾ ਉਠਿਆ ਕਿ ਮੁਲਕ ਦੇ ਹੁਕਮਰਾਨਾਂ ਨੂੰ ਮਗਰ ਹੱਟਣਾ ਪਿਆ। ਸੋ, ਮੇਰਾ ਕਹਿਣ ਦਾ ਮਤਲਬ ਸਿਰਫ ਇੰਨਾ ਹੀ ਹੈ ਕਿ ਮੈਂ ਨੰਬਰਾਂ ਵਿੱਚ ਨਹੀਂ ਪੈਣਾ ਹੈ। ਜੇ ਸਾਡੇ ਸਾਥੀਆਂ ਨੇ ਕਿਹਾ, ਤੁਸੀਂ ਪੋਸਟਰਜ਼ ਦੀ ਗੱਲ ਕੀਤੀ ਹੈ, ਤੁਸੀਂ ਉਸ ਨੂੰ ਕਾਊਂਟਰ ਕਰ ਦਿਓ ਕਿ 68,228 ਨੌਕਰੀਆਂ ਨਹੀਂ ਮਿਲੀਆਂ ਹਨ। ਮੈਂ ਕਹਿੰਦਾ ਹਾਂ ਕਿ ਉਸ ਚੱਕਰ ਵਿੱਚ ਪਓ ਹੀ ਨਾ। ਮੇਰੀ ਸਿਰਫ ਇੰਨੀ ਗੁਜ਼ਾਰਿਸ਼ ਹੈ ਕਿ ਡਿਸਕਸ਼ਨ ਸਿਰਫ ਇਸ ਉੱਪਰ ਹੋਣੀ ਚਾਹੀਦੀ ਹੈ ਕਿ ਕੀ ਮਾਹੌਲ ਬਣਿਆ? ਸਰ, ਮੈਂ ਆਪਣੇ ਹਲਕੇ ਦੀ ਅੱਜ ਤੋਂ ਤਕਰੀਬਨ ਡੇਢ ਸਾਲ ਪਹਿਲਾਂ ਦੀ ਗੱਲ ਸੁਣਾਉਂਦਾ ਹਾਂ। ਮੈਂ ਇੱਕ ਦਿਨ ਆਪਣੇ ਦਫਤਰ ਵਿੱਚ ਬੈਠਾ ਸੀ। ਮੇਰੇ ਹਲਕੇ ਦਾ ਸਭ ਤੋਂ ਵੱਡਾ ਪਿੰਡ ਸ਼ੇਰੋਂ ਹੈ। ਉੱਥੋਂ ਦੀ ਸਾਡੀ ਸਾਰੀ ਟੀਮ ਇੱਕ ਮੁੰਡੇ ਸੁਖਬੀਰ ਨੂੰ ਲੈ ਕੇ ਆਈ। ਉਹ ਸਾਰੀ ਟੀਮ ਨੇ ਆ ਕੇ ਦੱਸਿਆ ਕਿ ਤੁਹਾਡਾ ਮੂੰਹ ਮਿੱਠਾ ਕਰਵਾਉਣ ਆਏ ਹਾਂ। ਮੈਂ ਕਿਹਾ ਕਿ ਦੱਸੋ ਕਾਹਦੇ ਵਾਸਤੇ ਤਾਂ ਉਹ ਕਹਿੰਦੇ ਕਿ ਇਹ ਮੁੰਡਾ ਸੁਖਬੀਰ ਬਹੁਤ ਗਰੀਬ ਘਰੋਂ ਹੈ। ਇਸ ਦੇ ਦੋਨੋਂ ਪੇਰੈਂਟਸ ਪਥੇਰ ਦਾ ਕੰਮ ਕਰਦੇ ਹਨ ਤੇ ਇਹ ਮੁੰਡੇ ਨੂੰ ਪੰਜ ਨੌਕਰੀਆਂ ਮਿਲ ਚੁੱਕੀਆਂ ਹਨ ਤੇ ਛੇਵੀਂ ਨੌਕਰੀ ਦੇ ਪੇਪਰ ਦਿੱਤੇ ਹੋਏ ਹਨ ਤੇ ਛੇਵੀਂ ਵਿੱਚ ਵੀ ਕਲੀਅਰ ਕਰ ਜਾਵੇਗਾ। ਬੱਚਾ ਮਿਹਨਤੀ ਸੀ ਤੇ ਉਹ ਛੇ ਨੌਕਰੀਆਂ ਲੈ ਗਿਆ। (ਥੰਪਿੰਗ) ਇਹੋ ਜਿਹੀਆਂ ਸੈਂਕੜੇ ਉਦਾਹਰਣਾਂ ਅੱਜ ਪੰਜਾਬ ਵਿੱਚ exist ਕਰਦੀਆਂ ਹਨ, ਸਿਰਫ ਉਨ੍ਹਾਂ ਨੂੰ ਦੇਖਣ ਵਾਸਤੇ ਅੱਖਾਂ, ਸੁਣਨ ਵਾਸਤੇ ਕੰਨ ਅਤੇ ਉਸ ਨੂੰ accept ਕਰਨ ਵਾਸਤੇ ਦਿਲ ਦੀ ਲੋੜ ਹੈ। ਇਹੋ ਜਿਹੀਆਂ ਹਜ਼ਾਰਾਂ ਉਦਾਹਰਣਾਂ ਪੰਜਾਬ ਵਿੱਚ exist ਕਰ ਰਹੀਆਂ ਹਨ। ਇਹ ਮੈਂ ਨਹੀਂ ਕਹਿੰਦਾ ਹਾਂ। ਪਿਛਲੇ ਦਿਨਾਂ ਵਿੱਚ ਲੋਕ ਸਭਾ ਵਿੱਚ ਬੀਬਾ ਹਰਸਿਮਰਤ ਕੌਰ ਬਾਦਲ ਜੀ ਨੇ ਇੱਕ ਸਵਾਲ ਲਗਾਇਆ ਤੇ ਉਨ੍ਹਾਂ ਨੇ ਪੰਜਾਬ ਦੇ unemployment rate ਬਾਰੇ ਡਿਸਕਸ਼ਨ ਕੀਤੀ।

**1240/Sukhpiar Singh**

ਕੇਂਦਰ ਦੇ ਵਜ਼ੀਰ ਨੇ ਚਾਹੇ ਹਰ ਪੁਆਇੰਟ ਉੱਪਰ ਪੰਜਾਬ ਨਾਲ ਇੱਕ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਹੈ ਪਰ ਮਜਬੂਰੀਵੱਸ Dr. Mansukh Mandaviya ਜੀ ਨੂੰ ਇਹ ਕਹਿਣਾ ਪਿਆ ਕਿ ਸਾਲ 2022 ਵਿੱਚ 19.1 ਦੀ unemployment ratio ਸੀ, ਜਿਹੜੀ ਕਿ 4.5 ਸਾਲਾਂ ਵਿੱਚ ਘੱਟ ਕੇ 17% ਰਹਿ ਗਈ ਹੈ। ਜੇ ਵਿਰੋਧੀ ਵੀ on the Floor of the House ਕਹਿ ਰਹੇ ਹੋਣ ਤਾਂ ਉਸ ਦੀ ਕੁਝ ਨਾ ਕੁਝ ਅਹਿਮੀਅਤ ਹੈ। ਇਸੇ ਤਰੀਕੇ ਨਾਲ ਇੱਕ

ਸੈਂਟਰਲ ਗੌਰਮਿੰਟ ਹੋਰ ਰਿਪੋਰਟ ਪੇਸ਼ ਕਰਦੀ ਹੈ, Periodic Labour Force Survey for October, November & December 2025, ਉਸ ਵਿੱਚ ਪੰਜਾਬ ਦਾ unemployment ਰੇਟ ਉਸ ਕੁਆਰਟਰ ਦਾ 19.3 ਆਇਆ ਸੀ ਅਤੇ ਸਾਡੇ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਦਾ 29.9 ਸੀ, ਜਿਹੜਾ ਕਿ one of the highest ਸੀ। ਸਰ, ਇਸ ਤੋਂ ਇਲਾਵਾ ਇਸੇ ਖਬਰ ਵਿੱਚ ਜਿਹੜੀ ਪਾਰਲੀਮੈਂਟ ਵਿੱਚ Dr. Mansukh Mandaviya ਜੀ ਨੇ ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਜੀ ਦੇ ਜਵਾਬ ਵਿੱਚ ਕਿਹਾ, ਉਨ੍ਹਾਂ ਨੇ ਇਹ ਵੀ ਐਕਨਾਲੇਜ ਕੀਤਾ ਕਿ ਇਕੱਲੀਆਂ ਸਰਕਾਰੀ ਨੌਕਰੀਆਂ ਨਹੀਂ, ਜੋ ਪੰਜਾਬ ਵਿੱਚ ਪਿਛਲੇ 4.5 ਸਾਲਾਂ ਵਿੱਚ ਮਾਹੌਲ ਬਣਿਆ ਹੈ ਔਰ ਖਾਸ ਤੌਰ ਤੇ ਜਦੋਂ ਤੁਸੀਂ ਛੇ ਮਹੀਨੇ ਪਹਿਲਾਂ ਬਿਜ਼ਨਸ ਅਤੇ ਇੰਡਸਟਰੀਅਲ ਡਿਵੈਲਪਮੈਂਟ ਦੀ ਪਾਲਿਸੀ 2025 ਵਿੱਚ ਲੈ ਕੇ ਆਏ ਹੋ, ਉਸ ਤੋਂ ਬਾਅਦ ਇਹ ਮਾਹੌਲ ਹੋਰ ਵਧੀਆ ਹੋਇਆ ਹੈ। ਜੋ ਇੰਸੈਟਿਵ ਦਿੱਤੇ ਜਾ ਰਹੇ ਹਨ ਅਤੇ ਜਿਸ ਤਰੀਕੇ ਨਾਲ ਫੈਸਿਲੀਟੇਟ ਇੰਡਸਟਰੀ ਨੂੰ ਕੀਤਾ ਜਾ ਰਿਹਾ ਹੈ, ਜਿਸ ਤਰੀਕੇ ਦਾ easy of doing business ਪੰਜਾਬ ਵਿੱਚ ਹੋ ਰਿਹਾ ਹੈ, ਉਸ ਨਾਲ ਪ੍ਰਾਈਵੇਟ ਸੈਕਟਰ ਵਿੱਚ ਇੰਡਸਟਰੀ ਵੀ ਪ੍ਰਮੋਟ ਹੋ ਰਹੀ ਹੈ। ਜਦੋਂ ਇੰਡਸਟਰੀ ਆਵੇਗੀ, ਜਦੋਂ ਇਨਵੈੱਸਟਮੈਂਟ ਆਵੇਗੀ ਤਾਂ ਜੌਬ opportunities ਹੋਰ ਵੱਧ ਕ੍ਰੀਏਟ ਹੋਣਗੀਆਂ। ਮੈਂ ਇਹ on the Floor of the Lok Sabha ਦੀ ਗੱਲ ਕਰ ਰਿਹਾ ਹਾਂ। ਸਰ, ਮੇਰੇ ਕੋਲ ਬਹੁਤ ਲੰਬੀ ਚੌੜੀ ਲਿਸਟ ਹੈ, ਜੋ ਪਿਛਲੇ 4.5 ਸਾਲਾਂ ਵਿੱਚ ਪੰਜਾਬ ਵਿੱਚ ਪ੍ਰਾਈਵੇਟ ਇੰਡਸਟਰੀ, ਇਨਵੈੱਸਟਮੈਂਟ ਆਈ ਹੈ। ਮੈਂ ਫਿਰ ਦੁਬਾਰਾ ਉਹੀ ਕਹਿੰਦਾ ਹਾਂ ਕਿ ਸਾਰਿਆਂ ਨੂੰ ਸਰਕਾਰੀ ਨੌਕਰੀ is not possible at all, ਚਾਹੇ ਜਿਸ ਮਰਜ਼ੀ ਦੀ ਸਰਕਾਰ ਹੋਵੇ, ਮਾਹੌਲ ਦੇਣ ਦਾ ਕੰਮ ਪਿਛਲੇ 4.5 ਸਾਲਾਂ ਵਿੱਚ ਬਣਿਆ ਜਾਂ ਨਹੀਂ ਬਣਿਆ, ਇਹ ਮੈਟਰ ਕਰਦਾ ਹੈ। 4.5 ਸਾਲਾਂ ਵਿੱਚ ਅਜਿਹਾ ਮਾਹੌਲ ਬਣਿਆ ਕਿ 1,83,837/- ਕਰੋੜ ਰੁਪਏ ਦੀਆਂ ਨਵੀਆਂ ਇਨਵੈੱਸਟਮੈਂਟਸ ਪੰਜਾਬ ਵਿੱਚ ਆ ਚੁੱਕੀਆਂ ਹਨ ਜਿਸ ਨਾਲ 6,16,436 ਜੌਬਜ਼ ਪ੍ਰਾਈਵੇਟ ਸੈਕਟਰ ਵਿੱਚ ਡਾਇਰੈਕਟਲੀ ਜਾਂ ਇਨਡਾਇਰੈਕਟਲੀ ਕ੍ਰੀਏਟ ਹੋ ਚੁੱਕੀਆਂ ਹਨ। ਇਹ ਵੱਡੀਆਂ ਵੱਡੀਆਂ ਕੰਪਨੀਆਂ ਹਨ, ਚਾਹੇ ਟਾਟਾ ਦੀ ਗੱਲ ਕਰ ਲਵੋ, ਪਿਛਲੇ ਦਿਨੀਂ ਮੈਂ ਅਤੇ ਸੀ.ਐਮ. ਸਾਹਿਬ ਗਏ ਸੀ, ਵਰਧਮਾਨ ਨੇ ਆਈਚੀ ਸਟੀਲ ਜੋ ਦੁਨੀਆਂ ਦੀ ਨੰਬਰ ਇੱਕ Japanese ਕੰਪਨੀ ਹੈ, 8 ਮਹੀਨੇ ਪਹਿਲਾਂ ਸੀ.ਐਮ. ਸਾਹਿਬ ਗਏ ਸੀ ਅਤੇ 500 ਕਰੋੜ ਰੁਪਏ ਦਾ ਐਗਰੀਮੈਂਟ ਹੋਇਆ ਸੀ। ਉਹ ਛੇ ਮਹੀਨੇ ਵਿੱਚ ਇੰਨਾ ਇੰਪਰੈਸ ਹੋਏ ਕਿ ਉਹ ਕਹਿੰਦੇ ਕਿ ਅਸੀਂ 500 ਕਰੋੜ ਰੁਪਏ ਇਨਵੈੱਸਟ ਨਹੀਂ ਕਰਨੇ, ਅਸੀਂ 1100 ਕਰੋੜ ਰੁਪਏ ਇਨਵੈੱਸਟ ਕਰਾਂਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਅਸੀਂ ਆਪਣੇ ਵੱਲੋਂ ਇੱਕ ਚੰਗਾ ਮਾਹੌਲ ਦੇਣ ਲਈ sincere effort ਕੀਤਾ ਹੈ। ਸਰ, ਇਸ ਦੇ ਨਾਲ ਨਾਲ ਮੇਰੇ ਕੋਲ ਇੰਪਲਾਇਮੈਂਟ ਜਨਰੇਸ਼ਨ ਅਤੇ ਸਕਿੱਲ ਡਿਵੈਲਪਮੈਂਟ ਵੀ ਹੈ, ਮੈਂ ਆਪਣੇ ਮਹਿਕਮੇ ਦੇ ਅਫਸਰਾਂ ਦੀ ਫੰਕਸ਼ਨਿੰਗ ਦੀ ਕੁਝ ਹਾਈਲਾਈਟਸ ਤੁਹਾਨੂੰ ਦੱਸਣਾ ਚਾਹਾਂਗਾ ਅਤੇ ਉਨ੍ਹਾਂ ਦੀ ਤਾਰੀਫ ਵੀ ਕਰਨਾ ਚਾਹਾਂਗਾ ਕਿ ਜਿਸ ਮਿਹਨਤ ਨਾਲ ਕੰਮ ਹੋਇਆ ਹੈ। ਸਰ, ਪਹਿਲੀ ਵਾਰ ਹੋਇਆ ਹੈ ਕਿ ਸਟੇਟ ਦੇ ਬਜਟ ਵਿੱਚ ਆਪਣਾ ਸਕਿੱਲ ਡਿਵੈਲਪਮੈਂਟ ਦਾ ਬਜਟ 25

ਕਰੋੜ ਰੁਪਏ, ਪਿਛਲੇ ਸਾਲ 10 ਕਰੋੜ ਰੁਪਏ ਸੀ ਅਤੇ ਇਸ ਸਾਲ 25 ਕਰੋੜ ਰੁਪਏ ਰੱਖਿਆ ਗਿਆ ਹੈ। ਜੋ ਕਿ ਪਿਛਲੇ 75 ਸਾਲਾਂ ਵਿੱਚ ਰੱਖਿਆ ਨਹੀਂ ਗਿਆ ਸੀ, ਸ਼੍ਰੋਮਣੀ ਅਕਾਲੀ ਦਲ, ਬੀ.ਜੇ.ਪੀ. ਦੀਆਂ ਸਰਕਾਰ ਵੀ ਰਹਿ ਚੁੱਕੀਆਂ ਹਨ ਅਤੇ ਕਾਂਗਰਸ ਦੀਆਂ ਸਰਕਾਰਾਂ ਵੀ ਲੰਬੇ ਸਮੇਂ ਰਹਿ ਚੁੱਕੀਆਂ ਹਨ। 25 ਕਰੋੜ ਰੁਪਏ ਇਸ ਵਾਰੀ ਰੱਖਿਆ ਗਿਆ ਹੈ। ਸਰ, ਪਲੇਸਮੈਂਟ ਕੈਂਪ ਤਕਰੀਬਨ 46,500 ਲਗਾ ਚੁੱਕੇ ਹਨ, ਉਸ ਵਿੱਚ 22.5 ਲੱਖ ਬੱਚਿਆਂ ਨੂੰ ਅਸੀਂ ਫੈਸਿਲੀਟੇਟ ਕਰ ਚੁੱਕੇ ਹਾਂ। ਮੈਂ ਨਹੀਂ ਕਹਿੰਦਾ ਕਿ ਅਸੀਂ ਸਾਰਿਆਂ ਨੂੰ ਨੌਕਰੀਆਂ ਦੇ ਚੁੱਕੇ ਹਾਂ, ਨਹੀਂ, ਅਸੀਂ ਫੈਸਿਲੀਟੇਟ ਕੀਤਾ ਹੈ, ਉਨ੍ਹਾਂ ਨੂੰ ਗਾਈਡ ਕੀਤਾ ਹੈ, ਉਨ੍ਹਾਂ ਦੀ handholding ਕੀਤੀ ਹੈ। ਜੇ ਕਿਸੇ ਬੱਚੇ ਨੇ ਸਵੈ-ਰੁਜ਼ਗਾਰ ਕਰਨਾ ਹੈ, ਉਨ੍ਹਾਂ ਦਾ ਬੈਂਕਾਂ ਨਾਲ ਟਾਈਅੱਪ ਕਰਵਾਇਆ ਹੈ ਤਾਂ ਕਿ ਬੱਚਾ ਆਪਣੇ ਪੈਰਾਂ ਤੇ ਆਪ ਖੜ੍ਹਾ ਹੋ ਸਕੇ ਅਤੇ ਸਰਕਾਰ ਦਾ ਕੰਮ ਫੈਸਿਲੀਟੇਟ ਕਰਨਾ ਹੁੰਦਾ ਹੈ ਜਿਹੜਾ ਕਿ ਅਸੀਂ ਇਸ ਸਮੇਂ ਦੌਰਾਨ ਕੀਤਾ ਹੈ। ਸਰ, ਮੈਂ ਪਿਛਲੇ ਦਿਨੀਂ 20 ਤਾਰੀਖ ਨੂੰ ਆਪਣੇ ਸੁਨਾਮ ਵਿੱਚ ਇੰਡਸਟਰੀਜ਼ ਅਤੇ ਇੰਪਲਾਇਮੈਂਟ ਜਨਰੇਸ਼ਨ ਦਾ ਇੱਕ ਸਾਂਝਾ ਕੈਂਪ ਲਗਾਇਆ ਸੀ, ਉਸ ਵਿੱਚ 61 ਕੰਪਨੀਆਂ ਆਈਆਂ ਅਤੇ ਮੌਕੇ ਤੇ ਤਕਰੀਬਨ 650-700 ਬੱਚਿਆਂ ਨੂੰ ਜੌਬ ਲੈਟਰ ਦੇ ਕੇ ਗਈਆਂ ਹਨ ਅਤੇ 750 ਦੇ ਕਰੀਬ ਬੱਚਿਆਂ ਨੂੰ ਕਹਿ ਕੇ ਗਈ ਹੈ ਕਿ ਤੁਹਾਡਾ ਮਹੀਨੇ ਜਾਂ ਦੋ ਮਹੀਨੇ ਦਾ ਸਕਿੱਲ ਦੀ finishing ਹੋਰ ਕਰਵਾਉਣੀ ਹੈ, ਉਸ ਤੋਂ ਬਾਅਦ ਤੁਹਾਨੂੰ ਵੀ ਜੌਬ ਲੈਟਰ ਪੱਕੀਆਂ ਹਨ। ਸਰ, ਮੇਰੇ ਕਹਿਣ ਦਾ ਮਕਸਦ ਔਰ ਮੈਂ ਵਾਰ ਵਾਰ ਉਹੀ ਕਹਿ ਰਿਹਾ ਹਾਂ ਕਿ ਮਾਹੌਲ ਕ੍ਰੀਏਟ ਕਰਨ ਵਿੱਚ ਕੋਈ ਕਮੀ ਨਹੀਂ ਰਹੀ ਹੈ। ਮੈਂ PSDM ਦੀ ਗੱਲ ਕਰ ਲਵਾਂ।

**1245/Manika Rani**

ਸਰ, ਅਸੀਂ ਸਵਾ ਲੱਖ ਦੇ ਕਰੀਬ ਬੱਚੇ ਨੂੰ ਟਰੇਂਡ ਕੀਤਾ ਹੈ, ਜਿਸ ਵਿੱਚ 61 ਹਜ਼ਾਰ 267 ਬੱਚਿਆਂ ਨੂੰ ਟਰੇਂਡ ਕਰ ਚੁੱਕੇ ਹਾਂ ਔਰ ਸਾਡੇ ਕੋਲ ਇਕੱਲੇ-ਇਕੱਲੇ ਬੱਚੇ ਦਾ ਰਿਕਾਰਡ ਵੀ ਹੈ। ਸਰ, ਇਸ ਤੋਂ ਇਲਾਵਾ ਆਰਮਡ ਫੋਰਸਿਜ਼ ਦੀ ਗੱਲ ਕਰਾਂਗਾ ਕਿਉਂਕਿ ਪੰਜਾਬ ਨੇ ਹਮੇਸ਼ਾ ਦੇਸ਼ ਦੀ ਲੜਾਈ ਅੱਗੇ ਹੋਕੇ, ਹਿੱਕ ਡਾਹ ਕੇ ਲੜੀ ਹੈ। ਆਰਮਡ ਫੋਰਸਿਜ਼ ਦੇ ਵਿੱਚ ਜੇਕਰ ਆਪਾਂ ਗੱਲ ਕਰੀਏ ਤਾਂ ਐਨ.ਡੀ.ਏ. ਵਿੱਚ ਆਫੀਸਰ ਕੈਟਾਗਿਰੀ ਵਿੱਚ 133 ਪ੍ਰਾਈਵੇਟ ਵਿੱਚੋਂ ਅਤੇ 121 ਗੌਰਮਿੰਟ ਵਿੱਚੋਂ ਲੈ ਕੇ ਅਸੀਂ 250 ਬੱਚਿਆਂ ਦੀ ਪਲੇਸਮੈਂਟ ਕਰਵਾਈ ਹੈ। ਸੀ-ਪਾਇਟ ਸੈਂਟਰ, ਜਿਸ ਵਿੱਚ ਫੌਜ ਵਿੱਚ ਜਾਣ ਲਈ ਫੌਜੀਆਂ ਦੀ ਟਰੇਨਿੰਗ ਕਰਵਾਈ ਜਾਂਦੀ ਹੈ, ਉਸ ਵਿੱਚ ਤਕਰੀਬਨ ਚਾਰ ਲੱਖ ਬੱਚਿਆਂ ਦੀ ਟਰੇਨਿੰਗ ਹੋਈ ਹੈ ਅਤੇ ਤਕਰੀਬਨ 6300 ਬੱਚੇ ਫੌਜ ਵਿੱਚ ਭੇਜੇ ਜਾ ਚੁੱਕੇ ਹਨ। ਹੁਣੇ, ਇਸੇ ਬਜਟ ਵਿੱਚ ਸੀ.ਐਮ. ਸਾਹਿਬ ਅਤੇ ਵਿੱਤ ਮੰਤਰੀ ਜੀ ਨੇ ਸੰਤ ਬਾਬਾ ਅਤਰ ਸਿੰਘ ਮਹਾਰਾਜ ਜੀ ਦੀ 100ਵੀਂ ਬਰਸੀ, ਜੋ ਕਿ 31 ਜਨਵਰੀ, 2027 ਵਿੱਚ ਆ ਰਹੀ ਹੈ, ਦੇ ਸਬੰਧੀ ਅਨਾਉਂਸ ਕੀਤਾ ਸੀ। ਸਰ, ਅਸੀਂ ਲੜਕੇ ਅਤੇ ਲੜਕੀਆਂ ਲਈ 500 ਸਟੂਡੈਂਟਸ ਲਈ ਇੱਕ ਸਾਂਝਾ ਇੰਸਟੀਚਿਊਟ ਬਣਾਉਣ ਜਾ ਰਹੇ ਹਾਂ, ਇਹ ਸਿਰਫ ਇਕੱਲੇ ਪੰਜਾਬ ਦਾ ਹੀ ਨਹੀਂ ਬਲਕਿ ਦੁਨੀਆ ਦਾ ਪਹਿਲਾ ਇੰਸਟੀਚਿਊਟ ਬਣਾਉਣ ਜਾ ਰਹੇ ਹਾਂ, ਜਿੱਥੇ 500 ਬੱਚਾ ਦੇਸ਼ ਦੀਆਂ ਫੌਜਾਂ ਵਿੱਚ

ਜਾਣ ਲਈ ਆਫੀਸਰ ਕੈਟਾਗਿਰੀ ਵਿੱਚ ਭਰਤੀ ਹੋਵੇਗਾ। ਇਹ ਕੈਟਾਗਿਰੀਆਂ ਲੈਫਟੀਨੈਂਟ ਅਤੇ ਫਲਾਇੰਗ ਅਫਸਰ ਦੀਆਂ ਹੋਣਗੀਆਂ। ਇਹ ਸੌ ਕਰੋੜ ਰੁਪਏ ਦਾ ਪ੍ਰਾਜੈਕਟ ਹੈ ਅਤੇ ਸੀ.ਐਮ. ਸਾਹਿਬ ਇਹ ਪ੍ਰਾਜੈਕਟ 31 ਜੁਲਾਈ ਨੂੰ ਅਨਾਊਂਸ ਕਰਕੇ ਆਏ ਹਨ ਕਿਉਂਕਿ ਚੀਮਾ ਸਾਹਿਬ ਨੇ ਬਜਟ ਸੈਸ਼ਨ ਵਿੱਚ ਇਸ ਨੂੰ ਅਨਾਊਂਸ ਕਰ ਦਿੱਤਾ ਸੀ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅਸੀਂ ਆਪਣੇ ਵੱਲੋਂ ਕੋਸ਼ਿਸ਼ ਕੀਤੀ ਹੈ। ਮੇਰੇ ਸਤਿਕਾਰਯੋਗ ਸਾਥੀ ਤੁਸੀਂ ਸਾਰਿਆਂ ਨੇ ਵੇਰਵਿਆਂ ਦੀ ਗੱਲ ਕੀਤੀ, ਵਾਈਟ ਪੇਪਰ ਦੀ ਗੱਲ ਕੀਤੀ। ਇਹ ਮੰਗਣ ਦਾ ਤੁਹਾਡਾ ਹੱਕ ਬਣਦਾ ਹੈ ਪਰ ਇਸ ਦੇ ਨਾਲ-ਨਾਲ ਸਰਕਾਰਾਂ ਵਾਈਟ ਪੇਪਰ ਐਵੇਂ ਹੀ ਨਹੀਂ ਜਾਰੀ ਕਰਦੀਆਂ ਹੁੰਦੀਆਂ, ਜੇਕਰ ਲੋਕਾਂ ਨੂੰ ਡਾਊਟ ਹੁੰਦਾ ਹੈ ਤਾਂ ਜਾਰੀ ਹੁੰਦਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਜ਼, ਸਰਦਾਰ ਵਿਕਰਮਜੀਤ ਸਿੰਘ ਚੌਧਰੀ ਅਤੇ ਸਰਦਾਰ ਪਰਗਟ ਸਿੰਘ ਪੋਆਰ, ਸੁਚੱਜਾ ਪ੍ਰਸ਼ਾਸ਼ਨ ਅਤੇ ਸੂਚਨਾ ਤਕਨੀਕ ਮੰਤਰੀ, ਸ਼੍ਰੀ ਅਮਨ ਅਰੋੜਾ ਜੀ ਨਾਲ ਵਾਈਟ ਪੇਪਰ ਉੱਤੇ ਕੀਤੀ ਗਈ ਟਿੱਪਣੀ ਦੇ ਸਬੰਧ ਵਿੱਚ ਬਹਿਸ ਕਰਨ ਲੱਗ ਪਏ।)

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ:** ਚੌਧਰੀ ਸਾਹਿਬ, ਪਹਿਲਾਂ ਮੈਨੂੰ ਕੰਪਲੀਟ ਕਰ ਲੈਣ ਦਿਉ। ਵਾਈਟ ਪੇਪਰ ਦੇ ਸਬੰਧ ਵਿੱਚ ਮੈਂ ਇੱਕ ਸਾਫ, ਸੁੰਦਰ ਅਤੇ ਸਸਤਾ ਟਿਕਾਊ ਤਰੀਕਾ ਦੱਸ ਦਿੱਤਾ ਹੈ ਕਿ ਸਰਕਾਰ ਨੇ ਸਾਢੇ ਚਾਰ ਸਾਲਾਂ ਦੌਰਾਨ ਨੌਕਰੀਆਂ ਦਿੱਤੀਆਂ ਹਨ ਜਾਂ ਨਹੀਂ, ਉਸ ਦਾ ਇੱਕ ਤਰੀਕਾ ਦੱਸ ਦਿੰਦਾ ਹਾਂ।

**ਸਰਦਾਰ ਪਰਗਟ ਸਿੰਘ ਪੋਆਰ (ਬੈਠੇ-ਬੈਠੇ):** ਤਰੀਕਾ ਕੀ ਦੱਸਣਾ ਹੈ, ਤੁਸੀਂ ਵਾਈਟ ਪੇਪਰ ਹੀ ਜਾਰੀ ਕਰੋ।

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ:** ਮੈਂ ਕਹਿੰਦਾ ਹਾਂ ਕਿ ਤੁਸੀਂ ਆਰ.ਟੀ.ਆਈ. ਲਉ ਜਾਂ ਸਵਾਲ ਲਗਾਉ। ਮੈਨੂੰ ਕੋਈ ਦਿੱਕਤ ਨਹੀਂ ਹੈ ਜੀ। ਮੈਂ ਤੁਹਾਨੂੰ ਵਾਈਟ ਪੇਪਰ ਦਾ ਤਰੀਕਾ ਦੱਸ ਰਿਹਾ ਹਾਂ। ਸਰ, ਮੈਨੂੰ ਕੰਪਲੀਟ ਕਰ ਲੈਣ ਦਿਉ।

**ਮਾਣਯੋਗ ਸਪੀਕਰ:** ਪਰਗਟ ਸਿੰਘ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ। ਇਸ ਦੇ ਸਬੰਧ ਵਿੱਚ ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਇਹ ਕਹਿੰਦੇ ਹਨ ਕਿ ਆਰ.ਟੀ.ਆਈ. ਐਕਟ ਵਿੱਚ ਇੱਕ ਕਮਿਸ਼ਨਰ ਰਹਿ ਗਿਆ ਹੈ। ਮੈਂ ਪੁਲਿਸ ਦੀ ਇੱਕ ਆਰ.ਟੀ.ਆਈ. ਲਗਾਈ ਸੀ ਕਿ ਸੀ.ਐਮ. ਸਾਹਿਬ ਦੇ ਫਿਕਸਡ ਵਿੰਗ ਦਾ ਕਿੱਥੇ-ਕਿੱਥੇ ਅਤੇ ਕਿਹੜਾ-ਕਿਹੜਾ ਵੇਰਵਾ ਹੈ, ਉਸ ਦੀ ਜਾਣਕਾਰੀ ਦੇ ਦਿਉ। ਉਹ ਕਹਿੰਦੇ ਹਨ ਕਿ ਜੋ ਬੀਤ ਚੁੱਕਿਆ ਹੈ ਜਾਂ ਉੱਡ ਚੁੱਕਿਆ ਹੈ, ਉਸ ਸਬੰਧੀ ਅਸੀਂ ਸਕਿਉਰਿਟੀ ਰੀਜ਼ਨ ਕਰਕੇ ਵੇਰਵਾ ਨਹੀਂ ਦੇ ਸਕਦੇ। ਮੈਨੂੰ ਇਸ ਬਾਰੇ ਅੱਜ ਤੱਕ ਪਤਾ ਨਹੀਂ ਲੱਗ ਚੁੱਕਿਆ ਹੈ ਕਿਉਂਕਿ ਮਾੜਾ-ਮੋਟਾ ਮੈਂ ਪੁਲਿਸ ਵਿੱਚ ਵੀ ਰਿਹਾ ਹਾਂ। ਸਪੀਕਰ ਸਾਹਿਬ, ਜਿਹੜਾ ਸਾਰਾ ਕੁਝ ਵਰਤਿਆ ਗਿਆ ਹੋਵੇ, ਜੇਕਰ ਉਸ ਤੋਂ ਬਾਅਦ ਵੀ ਆਰ.ਟੀ.ਆਈ. ਸੂਚਨਾ ਨਹੀਂ ਦਿੰਦੇ ਤਾਂ ਫਿਰ ਉਸ ਦਾ ਕੌਣ ਜ਼ਿੰਮੇਵਾਰ ਹੋਵੇਗਾ।

**ਮਾਣਯੋਗ ਸਪੀਕਰ:** ਤੁਸੀਂ ਤਾਂ ਇੰਪਲਾਇਮੈਂਟ ਦੀ ਗੱਲ ਕਰਦੇ ਸੀ।

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ:** ਪਰਗਟ ਜੀ, ਮੇਰੇ ਕੋਲ 68,228 ਦੀ ਲਿਸਟ ਹੈ, ਮੈਂ ਤੁਹਾਨੂੰ ਹੁਣੇ ਫਾਰਵਰਡ ਕਰ ਰਿਹਾ ਹਾਂ। (ਇਸ ਸਮੇਂ ਆਪਣਾ ਮੋਬਾਈਲ ਪਰਗਟ ਸਿੰਘ ਪੋਆਰ, ਮੈਂਬਰ ਨੂੰ ਦਿਖਾਉਂਦੇ ਹੋਏ।) ਤੁਸੀਂ ਤਸੱਲੀ ਕਰ ਲਿਉ ਔਰ ਉਸ ਤੋਂ ਬਾਅਦ ਇਕੱਲੀ ਮੇਰੀ ਤਸੱਲੀ ਉੱਤੇ ਨਾ ਰਹਿਉ ਜੀ। ਉਸ ਤੋਂ ਬਾਅਦ ਅਗਲੀ ਤਸੱਲੀ ਹੋਰ ਕਰਿਉ। ਸਰ, ਸਭ ਤੋਂ ਸੁੰਦਰ, ਸਸਤਾ ਅਤੇ ਟਿਕਾਊ ਤਰੀਕਾ ਹੋਰ ਕਰਿਉ। ਆਪਾਂ ਲੋਕਾਂ ਵਿੱਚ ਜਾਂਦੇ ਹਾਂ। ਅਸੀਂ ਤਾਂ ਸਾਰੇ ਇਹੀ ਕਰਦੇ ਹਾਂ। ਲੋਕਾਂ ਤੋਂ ਮਾਈਕ ਉੱਤੇ ਪੁੱਛਿਉ ਕਿ ਭਾਈ! ਤੁਹਾਡੇ ਘਰਾਂ ਵਿੱਚੋਂ ਕਿਸੇ ਜਵਾਕ ਜਾਂ ਬੱਚੇ ਨੂੰ ਸਰਕਾਰੀ ਨੌਕਰੀ ਮਿਲੀ ਹੈ। (ਹੱਥ ਖੜ੍ਹਾ ਕਰਕੇ ਦਿਖਾਉਂਦੇ ਹੋਏ।) (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅਗਲਾ ਸਵਾਲ ਇਹ ਕਰਿਉ ਕਿ ਕਿਸੇ ਨੂੰ ਸਿਫਾਰਸ਼ ਜਾਂ ਪੈਸੇ ਦੇਣ ਦੀ ਲੋੜ ਪਈ ਹੈ। (ਹੱਥ ਨਾਂਹ ਵਿੱਚ ਹਿਲਾਉਂਦੇ ਹੋਏ।) ਇਸ ਤੋਂ ਵੱਡਾ ਵਾਈਟ ਪੇਪਰ ਦਾ ਹੋਰ ਕੋਈ ਵੇਰਵਾ ਨਹੀਂ ਦਿੱਤਾ ਜਾ ਸਕਦਾ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰਜ਼ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸੁਚੱਜਾ ਪ੍ਰਸ਼ਾਸ਼ਨ ਅਤੇ ਸੂਚਨਾ ਤਕਨੀਕ ਮੰਤਰੀ ਨਾਲ ਬਹਿਸਣ ਲੱਗ ਪਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ:** ਹਾਂ ਜੀ, ਲਾਡੀ ਜੀ। (ਵਿਘਨ, ਸ਼ੋਰ) ਇੱਕ ਮਿੰਟ, ਮੰਤਰੀ ਜੀ।

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ:** ਸਰ, ਪਲੀਜ਼ ਮੈਨੂੰ ਕੰਪਲੀਟ ਕਰ ਲੈਣ ਦਿਉ ਜੀ। ਸਰ, ਲਾਸਟ ਪੁਆਇੰਟ ਹੈ ਜੀ। ਪਲੀਜ਼ ਕੰਪਲੀਟ ਕਰ ਲੈਣ ਦਿਉ।

**ਮਾਣਯੋਗ ਸਪੀਕਰ:** ਨਹੀਂ ਜੀ, ਤੁਸੀਂ ਕੰਪਲੀਟ ਨਹੀਂ ਕਰਨਾ। ਕੰਪਲੀਟ ਨਹੀਂ ਕਰਨਾ। ਕੰਪਲੀਟ ਨਹੀਂ ਕਰਨਾ। ਹਾਂ ਜੀ, ਲਾਡੀ ਜੀ।

**ਸਰਦਾਰ ਹਰਦੇਵ ਸਿੰਘ ਲਾਡੀ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਇਨ੍ਹਾਂ ਨੇ ਹੱਥ ਖੜ੍ਹਾ ਕਰਕੇ ਦਿਖਾਇਆ ਹੈ। ਮੇਰੇ ਹਲਕੇ ਵਿੱਚ 234 ਪਿੰਡ, ਤਿੰਨ ਨਗਰ ਪੰਚਾਇਤਾਂ ਪੈਂਦੀਆਂ ਹਨ ਅਤੇ ਮੈਂ ਸਾਰਾ ਹਲਕਾ ਇਕੱਠਾ ਕਰ ਦਿੰਦਾ ਹੈ ਤਾਂ ਇਹ ਦਿਖਾ ਦੇਣ ਜੇ ਉਥੇ ਕੋਈ ਹੱਥ ਖੜ੍ਹਾ ਵੀ ਹੋ ਜਾਵੇ।

**ਮਾਣਯੋਗ ਸਪੀਕਰ:** ਓ! ਤੇਰਾ ਭਲਾ ਹੋ ਜਾਵੇ।

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ:** ਲਾਡੀ ਜੀ, ਇੱਕ ਮਿੰਟ । ਲਾਡੀ ਜੀ, ਇੱਕ ਮਿੰਟ।

**ਮਾਣਯੋਗ ਸਪੀਕਰ:** ਹਾਂ ਜੀ, ਸੁਖਾਨੰਦ ਜੀ। ਮੰਤਰੀ ਜੀ, ਇੱਕ ਮਿੰਟ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਅਮਨ ਜੀ, ਇੱਕ ਮਿੰਟ ਜੀ। ਸਰ, ਬਹੁਤ ਇੰਪਾਰਟੈਂਟ ਗੱਲ ਹੈ।

**ਮਾਣਯੋਗ ਸਪੀਕਰ:** ਇੱਕ ਮਿੰਟ, ਸੁਖਾਨੰਦ ਜੀ। ਮੰਤਰੀ ਜੀ ਨੂੰ ਬੋਲ ਲੈਣ ਦਿਉ।

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ:** ਲਾਡੀ ਜੀ ਨਾ ਤਾਂ ਮੈਂ ਕਦੇ ਗੋਲ-ਗੋਲ ਗੱਲ ਕੀਤੀ ਹੈ ਅਤੇ ਨਾ ਹੀ ਮੈਂ ਕਦੇ ਮੇਰੇ ਵੀਰ ਸੁਣੀ ਹੈ। ਤੁਸੀਂ ਤੁਹਾਡੇ ਹਲਕੇ ਦਾ ਟਾਈਮ ਬੰਨ੍ਹੋ, ਮੈਂ ਆਵਾਂਗਾ। ਸਾਂਝੀ ਥਾਂ ਤੇ ਇਕੱਠ ਹੋਵੇਗਾ। ਪੁੱਛਾਂਗੇ। ਸੁਣ ਲਉ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜੇ ਹੱਥ ਖੜ੍ਹਾ ਹੋ ਗਿਆ ਤਾਂ ਰਾਜਨੀਤੀ ਤੁਸੀਂ ਛੱਡ ਦਿਉ ਅਤੇ ਜੇ ਹੱਥ ਨਾ ਖੜ੍ਹਾ ਹੋਇਆ ਤਾਂ ਮੈਂ ਰਾਜਨੀਤੀ ਛੱਡ ਦੇਵਾਂਗਾ। ਮੈਂ ਛੱਡ ਦੇਵਾਂਗਾ।

**1250/Gurpreet kaur**

**Mr. Speaker:** Very good. very good

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ :** ਮੈਂ ਛੱਡ ਦੇਵਾਂਗਾ। ਭਰਾ, ਤੁਹਾਡੀ ਤਾਂ ਐਮ.ਐਲ.ਏ. ਸ਼ਿਪ ਜਾਊਗੀ, ਮੇਰੀ ਤਾਂ ਨਾਲ ਮੰਤਰੀਸ਼ਿਪ ਵੀ ਜਾਵੇਗੀ। ਕਮਾਲ ਹੋਈ ਪਈ ਹੈ। ਤੁਸੀਂ ਟਾਈਮ ਬੰਨ੍ਹੋ। ਤਾਰੀਖ ਬੋਲ। ਮੈਂ ਕਹਿੰਦਾ ਹਾਂ ਕਿ ਮੈਂ ਕੱਲ੍ਹ ਨੂੰ ਹੀ ਆਉਣ ਲਈ ਤਿਆਰ ਹਾਂ। ਤੂਸੀਂ ਤਾਰੀਖ ਬੋਲੋ।

**ਮਾਣਯੋਗ ਸਪੀਕਰ:** ਸੁੱਖਾਨੰਦ ਜੀ ਕੁਝ ਕਹਿਣਾ ਚਾਹੁੰਦੇ ਹਨ। ਅਮਨ ਜੀ, ਤਾਰੀਖ ਦੀ ਗੱਲ ਬਾਅਦ ਵਿੱਚ ਕਰ ਲਿਓ। ਤੁਹਾਡੀ ਗੱਲ ਆ ਗਈ ਹੈ। ਤੁਸੀਂ ਹੀ ਕਨਕਲੂਡ ਕਰਨਾ ਹੈ। Let him say something.

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾ ਪੁਰਾਣਾ):** ਸਪੀਕਰ ਸਾਹਿਬ, ਅਮਨ ਸਰ ਨੇ ਜਿਹੜੀ ਗੱਲ ਕੀਤੀ ਹੈ। ਮਨਿਸਟਰ ਸਾਹਿਬ ਨੇ ਇਹ ਕਿਹਾ ਹੈ ਕਿ ਤੁਸੀਂ ਹੱਥ ਖੜ੍ਹੇ ਕਰਵਾ ਲਿਓ। ਅਮਨ ਜੀ ਨਾਲ ਜਾਣਗੇ। ਜਦੋਂ ਅਮਨ ਜੀ ਨਾਲ ਜਾਣਗੇ ਅਤੇ ਇਹ ਵੀ ਨਾਲ ਜਾਣਗੇ ਤਾਂ ਜ਼ਰੂਰ ਹੱਥ ਖੜ੍ਹੇ ਹੋਣਗੇ। ਇਸ ਤਰ੍ਹਾਂ ਦੀ ਗੱਲ ਮੇਰੇ ਹਲਕੇ ਵਿੱਚ ਵੀ ਹੋਈ ਸੀ। ਇੱਕ ਅਕਾਲੀ ਲੀਡਰ ਕਹਿੰਦਾ ਕਿ ਤੁਸੀਂ ਕਹਿੰਦੇ ਹੋ ਕਿ ਬਹੁਤ ਨੌਕਰੀਆਂ ਦਿੱਤੀਆਂ ਹਨ। ਉਹ ਕਹਿੰਦਾ ਕਿ ਮੈਂ ਪਿੰਡ ਵਿੱਚ ਇਕੱਠ ਕੀਤਾ ਅਤੇ ਮੈਂ ਪੁੱਛਿਆ ਕਿ ਕਿਸੇ ਨੂੰ ਨੌਕਰੀ ਮਿਲੀ, ਕਹਿੰਦਾ ਕਿਸੇ ਨੇ ਵੀ ਹੱਥ ਖੜ੍ਹਾ ਨਹੀਂ ਕੀਤਾ। ਮੈਂ ਉਸ ਨੂੰ ਜਵਾਬ ਦਿੱਤਾ ਕਿ ਜਿਨ੍ਹਾਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਨੌਕਰੀਆਂ ਮਿਲੀਆਂ ਹਨ, ਮੈਰਿਟ ਦੇ ਅਧਾਰ ਤੇ ਨੌਕਰੀਆਂ ਦਿੱਤੀਆਂ ਗਈਆਂ, ਬਿਨਾਂ ਪੈਸਿਆਂ ਤੋਂ ਨੌਕਰੀਆਂ ਦਿੱਤੀਆਂ ਗਈਆਂ, ਉਹ ਤੁਹਾਡੇ ਇਕੱਠਾਂ ਵਿੱਚ ਵੀ ਕਰਨ ਆਉਣਗੇ। ਉਨ੍ਹਾਂ ਨੇ ਕਿਸੇ ਅਕਾਲੀਆਂ ਦੇ ਇਕੱਠ ਵਿੱਚ ਨਹੀਂ ਆਉਣਾ। ਜਦੋਂ ਅਮਨ ਜੀ ਜਾਣਗੇ ਤਾਂ ਹੁਣ ਆਉਣਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਰਾਣਾ ਗੁਰਜੀਤ ਸਿੰਘ, ਸ੍ਰੀ ਸੁਖਵਿੰਦਰ ਸਿੰਘ ਕੋਟਲੀ ਅਤੇ ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਹਾਂ ਜੀ, ਕੋਟਲੀ ਜੀ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.):** ਸਰ, ਇਹ ਫੈਸਲਾ ਤਾਂ ਹਾਊਸ ਵਿੱਚ ਹੀ ਹੋ ਜਾਣਾ ਹੈ। ਤੁਸੀਂ ਸ਼ਾਹਕੋਟ ਦਾ ਵਾਈਟ ਪੇਪਰ ਜਾਰੀ ਕਰ ਦਿਓ। ਤੁਹਾਡੇ ਕੋਲ ਆਪਣੇ ਆਪ ਹੀ ਡਿਟੇਲ ਆ ਜਾਣੀ ਹੈ।

**ਮਾਣਯੋਗ ਸਪੀਕਰ:** ਹੁਣ ਭੱਜੋ ਨਾ। ਅਮਨ ਜੀ, ਆਪਣੀ ਗੱਲ ਕੰਪਲੀਟ ਕਰੋ।

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ:** ਸਪੀਕਰ ਸਾਹਿਬ, ਹੁਣ ਮੈਨੂੰ ਗੱਲ ਮੁਕਾ ਲੈਣ ਦਿਓ। ਲਾਡੀ ਜੀ, ਇਕੱਲੇ ਤੁਸੀਂ ਨਹੀਂ, ਜਿਨ੍ਹਾਂ ਨੂੰ ਵੀ ਇਹ ਲੱਗਦਾ ਹੈ ਕਿ ਸਾਡੇ ਹਲਕੇ ਵਿੱਚ ਨੌਕਰੀ ਨਹੀਂ ਮਿਲੀ, ਉਹ ਬਾਂਹ ਖੜ੍ਹੀ ਕਰੋ, ਮੈਂ ਉੱਥੇ ਹੀ ਆਵਾਂਗਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਵਿਕਰਮਜੀਤ ਸਿੰਘ ਚੌਧਰੀ ਵੱਲੋਂ ਬਾਂਹ ਖੜ੍ਹੀ ਕੀਤੀ ਗਈ।)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਰਾਣਾ ਗੁਰਜੀਤ ਸਿੰਘ, ਸ਼੍ਰੀ ਸੁਖਵਿੰਦਰ ਕੋਟਲੀ ਅਤੇ ਸਰਦਾਰ ਹਰਦੇਵ ਸਿੰਘ ਲਾਡੀ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।) (ਵਿਘਨ)(ਸ਼ੋਰ)

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ**: ਤੁਸੀਂ ਬਾਂਹ ਖੜ੍ਹੀ ਕਰੋ। ਮੈਂ ਆਵਾਂਗਾ। ਸਪੀਕਰ ਸਾਹਿਬ, ਮੈਂ ਆਪਣੀ ਗੱਲ ਤੇ ਕਾਇਮ ਹਾਂ। ਇਕੱਲੇ ਲਾਡੀ ਵੀਰ ਹੀ ਨਹੀਂ, ਇਨ੍ਹਾਂ ਵਿੱਚੋਂ ਜੇਕਰ ਕੋਈ ਵੀ ਕਹਿੰਦਾ ਹੈ ਕਿ ਸਾਡੇ ਹਲਕੇ ਵਿੱਚ ਕਿਸੇ ਨੂੰ ਸਰਕਾਰੀ ਨੌਕਰੀ ਨਹੀਂ ਮਿਲੀ, ਮੈਂ ਆਵਾਂਗਾ ਅਤੇ ਜੇਕਰ ਕਿਸੇ ਨੇ ਨਾ ਬਾਂਹ ਖੜ੍ਹੀ ਕੀਤੀ ਤਾਂ ਮੈਂ ਮੰਤਰੀਸ਼ਿਪ ਤੋਂ ਅਸਤੀਫਾ ਦੇਵਾਂਗਾ। ਮੈਂ ਅਸਤੀਫਾ ਜੇਬ ਵਿੱਚ ਪਾ ਕੇ ਲੈ ਕੇ ਆਵਾਂਗਾ।

**ਮਾਣਯੋਗ ਸਪੀਕਰ**: ਮੰਤਰੀ ਜੀ, ਇੱਕ ਮਿੰਟ ਰੁਕੋ। ਰਾਣਾ ਜੀ ਕੁਝ ਕਹਿਣਾ ਚਾਹੁੰਦੇ ਹਨ। ਰਾਣਾ ਜੀ ਦੀ ਗੱਲ ਦਾ ਰਿਪਲਾਈ ਵੀ ਨਾਲ ਹੀ ਦੇ ਦਿਓ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ)**: ਸਪੀਕਰ ਸਾਹਿਬ, ਜਿਹੜੀ ਇਹ ਪ੍ਰਥਾ ਹੈ ਕਿ ਸਿਰਫ ਮੰਤਰੀ ਹੀ ਬੋਲਣਗੇ, ਕੋਈ ਐਮ.ਐਲ.ਏ. ਨਾ ਬੋਲੇ, ਇਹ ਪ੍ਰਥਾ ਚੰਗੀ ਨਹੀਂ ਹੈ। ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੂੰ ਬਿਠਾਓ। (ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ, ਸ਼੍ਰੀ ਅਮਨ ਅਰੋੜਾ ਵੱਲ ਇਸ਼ਾਰਾ)

**ਮਾਣਯੋਗ ਸਪੀਕਰ**: ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਰਾਣਾ ਗੁਰਜੀਤ ਸਿੰਘ**: ਇਨ੍ਹਾਂ ਨੂੰ ਵੀ ਥੋੜ੍ਹੀ ਤਹਿਜ਼ੀਬ ਸਿਖਾ ਦਿਓ ਕਿ ਇਨ੍ਹਾਂ ਦਾ ਬੈਠਣਾ ਬਣਦਾ ਹੈ। ਸਪੀਕਰ ਸਾਹਿਬ, ਜੇ ਤੁਸੀਂ ਮੈਨੂੰ ਬੈਠਣ ਲਈ ਕਹੋਗੇ ਤਾਂ ਮੈਂ ਬੈਠ ਜਾਵਾਂਗਾ।

**ਮਾਣਯੋਗ ਸਪੀਕਰ:** ਅਮਨ ਜੀ, ਰਾਣਾ ਜੀ ਉਮਰ ਵਿੱਚ ਵੱਡੇ ਹਨ। ਅਮਨ ਜੀ, ਤੁਸੀਂ ਬੈਠ ਜਾਓ।

**Rana Gurjeet Singh:** You have no right to stand. (In reference to Shri Aman Arora, New and Renewable Energy Resource Minister)

**Mr. Speaker:** He has every right. You may speak. ਅਮਨ ਜੀ ਬੈਠ ਜਾਓ।

**ਰਾਣਾ ਗੁਰਜੀਤ ਸਿੰਘ:** ਦੇਖੋ ਜੀ, ਇੱਥੇ ਇਹ ਜ਼ਿਕਰ ਹੋ ਰਿਹਾ ਹੈ ਕਿ ਜਿਸ ਦਿਨ ਦੀ ਆਮ ਆਦਮੀ ਪਾਰਟੀ ਪਾਵਰ ਵਿੱਚ ਆਈ ਹੈ, ਬਿਨਾਂ ਪੈਸੇ ਤੋਂ ਨੌਕਰੀਆਂ ਮਿਲ ਰਹੀਆਂ ਹਨ। ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਸਾਲ 2002 ਨੂੰ ਯਾਦ ਕਰੇ। ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਨ ਰਵੀ ਸਿੱਧੂ ਤੋਂ ਪਹਿਲਾਂ ਨੌਕਰੀਆਂ ਵਿਕਦੀਆਂ ਸਨ। ਟ੍ਰਾਂਸਪੇਰੈਂਸੀ ਕਦੋਂ ਆਈ। ਜਦੋਂ ਸਾਲ 2002 ਵਿੱਚ ਕਾਂਗਰਸ ਦੀ ਸਰਕਾਰ ਆਈ। ਇਹ ਗੱਲਾਂ ਕਰਦੇ ਹਨ। ਇਨ੍ਹਾਂ ਤੇ ਵਟਸ-ਐਪ ਤੇ ਬ੍ਰਾਊਨੀ ਪੁਆਇੰਟਸ ਚਲਾ ਦੇਣੇ ਹਨ।

**Finance Minister (Sardar Harpal Singh Cheema):** Appointed by Congress party- do you admit it or deny it

**ਰਾਣਾ ਗੁਰਜੀਤ ਸਿੰਘ:** ਤੁਸੀਂ ਬਾਅਦ ਵਿੱਚ ਬੋਲ ਲਿਓ। May be appointed by any one but he was kicked up by the Congress party, ਮੈਂ ਚੰਗੀ ਸਲਾਹ ਦੇਣ ਲੱਗਾ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ।

**1255/Kuldeep kaur**

**ਮਾਣਯੋਗ ਸਪੀਕਰ:** ਹਾਂ ਜੀ, ਰਾਣਾ ਜੀ ਕਨਕਲੂਡ ਕਰ ਲਵੋ ਜੀ।

**ਰਾਣਾ ਗੁਰਜੀਤ ਸਿੰਘ:** ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਗਿਣਤੀ ਕਰਾ ਰਹੇ ਹਨ ਕਿ ਪੰਜਾਬ ਵਿੱਚ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ, ਉਸ ਵਿੱਚ 100-200 ਡਿਫੈਂਸ ਫੋਰਸਿਜ਼ ਵਿੱਚ ਚਲੇ ਗਏ। ਕੀ ਉਹ ਪਹਿਲੀ ਵਾਰ ਗਏ ਹਨ? ਮੈਂ ਇੱਕ ਗੱਲ ਪੁੱਛਣੀ ਚਾਹੁੰਦਾ ਹਾਂ ਔਰ ਸੁਝਾਅ ਵੀ ਦੇਣਾ ਚਾਹੁੰਦਾ ਹਾਂ। ਕੋਈ ਨਵੀਂ ਗੱਲ ਕਰਿਆ ਕਰੋ। (ਵਿਘਨ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

ਮੰਨ ਲਿਆ, ਮੰਨ ਲਿਆ। ਸਪੀਕਰ ਸਾਹਿਬ, ਚੁੱਪ ਕਰਵਾਓ ਜੀ। ਜੇ ਕੋਈ ਅਕਲ ਦੀ ਗੱਲ ਕਰਨਾ ਚਾਹੇ ਤਾਂ ਉਸ ਨੂੰ ਸੁਣ ਲਿਆ ਕਰੋ। ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਨੌਕਰੀ ਕ੍ਰੀਏਟ ਕਰਨ ਲਈ ਦਿਮਾਗ ਵੀ ਚਾਹੀਦਾ ਹੈ। ਅੱਜ ਹਜ਼ਾਰਾਂ ਦੀ ਗਿਣਤੀ ਵਿੱਚ ਕਾਲੀਆਂ ਵਰਦੀਆਂ ਪਾ ਕੇ ਲੋਕ ਤੁਰੇ ਫਿਰਦੇ ਹਨ। ਇਹ ਕੌਣ ਹਨ? ਇਹ ਬਾਊਂਸਰ ਹਨ। ਯਾਰ, ਬਾਊਂਸਰ ਰੱਖੀਦੇ ਹੁੰਦੇ ਹਨ? ਸਰਕਾਰ ਉਨ੍ਹਾਂ ਨੂੰ ਚੈੱਕ ਨਹੀਂ ਕਰਦੀਆਂ। ਆਪਾਂ ਨੂੰ ਚਾਹੀਦਾ ਹੈ ਕਿ ਜੇ ਪੰਜਾਬ ਨੂੰ ਬਿਲਡ ਕਰਨਾ ਹੈ ਤਾਂ ਉਹ ਅਕਲ ਨਾਲ ਹੋਣਾ ਹੈ, ਸਿਰਫ ਭਾਸ਼ਣਾਂ ਨਾਲ ਨਹੀਂ ਹੋਵੇਗਾ। ਪੰਜਾਬ ਨੂੰ ਬਿਲਡ ਕਰਨਾ ਹੈ ਤਾਂ ਸਕਿਓਰਟੀ ਦੇ ਜਿਹੜੇ ਆਪਣੇ ਬਾਊਂਸਰ ਹਨ ਤਾਂ ਉਨ੍ਹਾਂ ਨੂੰ ਪ੍ਰਾਈਵੇਟ ਸਕਿਓਰਟੀ ਦਾ ਸਟੇਟਸ ਦੇਵੋ। ਉਨ੍ਹਾਂ ਦੀ ਟਰੇਨਿੰਗ ਕਰਵਾਓ ਅਤੇ ਉਨ੍ਹਾਂ ਦਾ ਲਾਇਸੰਸ ਬਣਵਾਓ। ਵੇਖੋ, ਮੈਂ ਇਸ ਲਈ ਦੱਸ ਰਿਹਾ ਹਾਂ ਕਿਉਂਕਿ ਇਹ ਤੁਹਾਡਾ (ਸੁਚੱਜਾ ਪ੍ਰਸ਼ਾਸਨ ਤੇ ਸੂਚਨਾ ਤਕਨੀਕ ਮੰਤਰੀ ਨੂੰ ਸੰਬੋਧਨ ਕਰਦੇ ਹੋਏ) ਕੰਮ ਸੀ, ਤੁਸੀਂ ਨਹੀਂ ਕੀਤਾ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤੁਸੀਂ ਉਨ੍ਹਾਂ ਨੂੰ

ਸਕਿਉਰਿਟੀ ਦਾ ਸਟੇਟਸ ਦੇਵੋਗੇ ਤਾਂ ਉਨ੍ਹਾਂ ਨੂੰ ਆਮਦਨ ਵੀ ਹੋਵੇਗੀ ਅਤੇ ਤੁਹਾਨੂੰ ਇਹ ਵੀ ਪਤਾ ਲੱਗ ਜਾਵੇਗਾ ਕਿ ਕ੍ਰਾਈਮ ਵੀ ਵਿੱਚੋਂ ਹੀ ਹੁੰਦਾ ਹੈ। ਪੁਲਿਸ ਦਾ ਕੰਮ ਹੈ, ਉਨ੍ਹਾਂ ਨੂੰ ਟਰੇਨ ਕਰਨਾ ਅਤੇ ਮੰਤਰੀ ਜੀ ਕੋਲ ਡਿਪਾਰਟਮੈਂਟ ਹੈ।

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ**: ਸਰ, ਹੁਣ ਮੈਂ ਬੋਲ ਲਵਾਂ ਜੀ।

**ਰਾਣਾ ਗੁਰਜੀਤ ਸਿੰਘ**: ਨਹੀਂ, ਹੁਣ ਕੱਲ੍ਹ ਹੀ ਬੋਲ ਲੈਣਾ, ਮੈਨੂੰ ਬੋਲ ਲੈਣ ਦੇਵੋ।

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ**: ਸਰ, ਉਨ੍ਹਾਂ ਨੇ ਤਾਂ ਸੁਣ ਲਈ ਜੀ ਤੁਹਾਡੀ। ਸਰ, ਹੁਣ ਬੈਠ ਜਾਵੋ।

**ਰਾਣਾ ਗੁਰਜੀਤ ਸਿੰਘ**: ਮੈਂ ਇੱਕ ਹੋਰ ਗੱਲ ਕਰਨੀ ਚਾਹੁੰਦਾ ਹਾਂ, ਯਾਰ ਬੈਠ ਜਾ (ਸੁਚੱਜਾ ਪ੍ਰਸ਼ਾਸਨ ਤੇ ਸੂਚਨਾ ਤਕਨੀਕ ਮੰਤਰੀ ਨੂੰ ਸੰਬੋਧਨ ਕਰਦੇ ਹੋਏ) ਮੈਨੂੰ ਚੰਗਾ ਹੀ ਨਹੀਂ ਲਗਦਾ ਕਿ ਤੂੰ ਐਵੇਂ ਖੜ੍ਹਾ ਰਹੇ।

**ਮਾਣਯੋਗ ਸਪੀਕਰ**: ਰਾਣਾ ਜੀ ਤੁਹਾਡੀ ਗੱਲ ਆ ਗਈ ਹੈ।

**ਰਾਣਾ ਗੁਰਜੀਤ ਸਿੰਘ**: ਸਰ, ਮੈਂ ਐਜੂਕੇਸ਼ਨ ਤੇ ਬੋਲ ਰਿਹਾ ਹਾਂ। ਸਪੀਕਰ ਸਾਹਿਬ, ਤੁਹਾਡੀ ਆਗਿਆ ਨਾਲ ਬੋਲ ਰਿਹਾ ਹਾਂ।

**ਮਾਣਯੋਗ ਸਪੀਕਰ**: ਤੁਹਾਡੀ ਗੱਲ ਆ ਗਈ ਹੈ ਜੀ। ਅਮਨ ਜੀ, ਕਨਕਲੂਡ ਕਰੋ।

**ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ**: ਰਾਣਾ ਜੀ, ਹੁਣ ਤੁਸੀਂ ਬੈਠੋ। (ਹੱਸਦੇ ਹੋਏ) ਸਪੀਕਰ ਸਾਹਿਬ, ਗੱਲ ਇਹ ਹੈ ਕਿ ਰਾਣਾ ਜੀ ਇੰਨੇ ਸਿਆਣੇ, ਸੁਲਝੇ ਹੋਏ ਅਤੇ experienced ਹਨ। ਇਨ੍ਹਾਂ ਦਾ ਲਾਡੀ ਜੀ ਨਾਲ ਬਹੁਤ ਜ਼ਿਆਦਾ ਪ੍ਰੇਮ ਹੈ। ਹੁਣ ਅਸਲ ਗੱਲ ਨੂੰ ਵਿੱਚੋਂ ਕੱਢਣ ਲਈ, ਪਾਣੀ ਵਿੱਚ ਮਧਾਣੀ ਕਿਵੇਂ ਪਾਉਣੀ ਹੈ ਅਤੇ ਗੱਡੇ ਨਾਲ ਕੱਟਾ ਕਿਵੇਂ ਬੰਨ੍ਹਣਾ ਹੈ, ਉਹ ਰਾਣਾ ਜੀ ਤੋਂ ਵੱਧ ਕਿਸੇ ਨੂੰ ਨਹੀਂ ਆਉਂਦਾ। ਮੈਂ ਜਿਹੜੀ ਅਸਤੀਫੇ ਵਾਲੀ ਗੱਲ ਕੀਤੀ ਸੀ, ਉਹ ਘੁੰਮਾ ਫਿਰਾ ਦਿੱਤੀ। ਮੈਂ ਦੁਬਾਰਾ ਪ੍ਰੇਮ ਅਤੇ ਸਤਿਕਾਰ ਨਾਲ ਹੱਥ ਜੋੜ ਕੇ ਸਿਰ ਨਿਵਾਂ ਕੇ ਮੈਂ ਫਿਰ ਕਹਿੰਦਾ ਹਾਂ ਕਿ ਜੇ ਕਿਸੇ ਨੂੰ ਸ਼ੱਕ ਹੋਵੇ ਤਾਂ ਆਪਣੇ ਹਲਕੇ ਵਿੱਚ ਸਾਂਝਾ ਇਕੱਠ ਰੱਖ ਲਵੋ। ਮੈਂ ਉੱਥੇ ਆਵਾਂਗਾ ਅਤੇ ਆਪਣਾ ਅਸਤੀਫਾ ਜੇਬ ਵਿੱਚ ਪਾ ਕੇ ਲੈ ਕੇ ਆਵਾਂਗਾ। (ਵਿਘਨ) (ਸ਼ੋਰ) ਅਗਲੀ ਗੱਲ, ਇਸ ਤਰ੍ਹਾਂ ਹੈ ਕਿ ਅਸੀਂ ਫਿਰ ਵੀ ਨੌਕਰੀਆਂ ਦੀ ਗੱਲ ਨਹੀਂ ਕੀਤੀ ਸੀ। ਅਸੀਂ ਕਿਹਾ ਸੀ ਕਿ ਇੱਕ ਮਾਹੌਲ ਸਿਰਜਾਂਗੇ। ਸਪੀਕਰ ਸਾਹਿਬ, 2017 ਦੀ ਇਲੈਕਸ਼ਨ ਤੁਸੀਂ ਵੀ ਲੜੀ, ਮੈਂ ਵੀ ਲੜੀ ਅਤੇ ਆਪਾਂ ਸਾਰੇ ਇੱਥੇ ਆਏ ਹਾਂ। ਉਸ ਵਿੱਚ ਇੱਕ ਕਾਂਗਰਸ ਦਾ ਨਾਅਰਾ ਸੀ ਕਿ ਕੈਪਟਨ ਨੇ ਸਹੁੰ ਚੁੱਕੀ, ਹਰ ਘਰ ਨੌਕਰੀ ਪੱਕੀ ਤੇ ਹੋ ਗਈ ਸਭ ਤੋਂ ਵੱਡੀ ਠੱਗੀ। ਇੱਕ ਵੀ ਵਿਅਕਤੀ ਨੂੰ ਨੌਕਰੀ ਨਹੀਂ ਦਿੱਤੀ, ਜਿਸ ਨੂੰ ਦਿੱਤੀ ਹੈ, ਉਸ ਨੂੰ ਪੈਸੇ ਨਾਲ ਜਾਂ ਸਿਫਾਰਸ਼ਾਂ ਨਾਲ ਦਿੱਤੀ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਅਮਨ ਜੀ, ਇੱਕ ਮਿੰਟ ਅਜੇ ਕਨਕਲੂਡ ਨਾ ਕਰਿਓ। ਮੈਡਮ ਕੁਝ ਕਹਿਣਾ ਚਾਹੁੰਦੇ ਹਨ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਓਂ, ਐਸ.ਸੀ.):** ਸਪੀਕਰ ਸਾਹਿਬ, ਮੇਰੇ ਵੀਰ ਲਾਡੀ ਨੇ ਸਾਡੇ ਮਨਿਸਟਰ ਸਾਹਿਬ ਨੂੰ ਚੈਲੇਂਜ ਕੀਤਾ ਹੈ ਕਿ ਜੇ ਸਾਡੇ ਹਲਕੇ ਵਿੱਚ ਇੱਕ ਵੀ ਨੌਕਰੀ ਦਿੱਤੀ ਹੈ ਤਾਂ ਦੱਸ ਦੇਣ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਨ੍ਹਾਂ ਦੇ ਹਲਕੇ ਦਾ ਇੱਕ ਪਿੰਡ ਬੀਟਲਾਂ ਹੈ। ਉਸ ਪਿੰਡ ਦੀ ਕੁੜੀ ਜਸਵਿੰਦਰ ਕੌਰ ਹੈ, ਉਹ ਤੁਹਾਡੇ ਏਰੀਏ ਵਿੱਚੋਂ ਸਾਡੇ ਸਰਕਾਰੀ ਸਕੂਲ ਜਗਰਾਉਂ ਵਿੱਚ ਨੌਕਰੀ ਕਰਨ ਆਉਂਦੀ ਹੈ। ਉਸ ਨੂੰ ਸਾਡੇ ਮੁੱਖ ਮੰਤਰੀ ਸਾਹਿਬ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਨੌਕਰੀ ਦਿੱਤੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਜ਼ੋਰਦਾਰ ਥੰਪਿੰਗ) ਜੇ ਤੁਸੀਂ ਉਸ ਨਾਲ ਮੀਟਿੰਗ ਕਰਨੀ ਹੈ ਤਾਂ ਹੁਣੇ ਹੀ ਆ ਜਾਵੇ ਮੈਂ ਵੀਡੀਓ ਕਾਲ ਤੇ ਗੱਲ ਕਰਵਾ ਦਿੰਦੀ ਹਾਂ। (ਸ਼ੋਰ)

**ਮਾਣਯੋਗ ਸਪੀਕਰ:** ਠੀਕ ਹੈ ਜੀ। ਹਾਂ ਜੀ, ਚੀਮਾ ਜੀ। (ਵਿਘਨ) (ਸ਼ੋਰ)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸਪੀਕਰ ਸਾਹਿਬ, ਬੇਨਤੀ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਮੈਂਬਰ ਰੰਧਾਵਾ ਸਾਹਿਬ ਜਦੋਂ ਮੈਂਬਰ ਪਾਰਲੀਮੈਂਟ ਬਣੇ ਹਨ, ਉਦੋਂ ਬਾਇ-ਇਲੈਕਸ਼ਨ ਹੋ ਰਹੀ ਸੀ। ਉੱਥੇ ਰੰਧਾਵਾ ਸਾਹਿਬ ਨੇ ਲਾਡੀ ਜੀ ਵਾਲਾ ਕੁਐਸ਼ਚਨ ਪੁੱਛ ਲਿਆ ਕਿ ਜੇਕਰ ਤੁਹਾਡੇ ਪਿੰਡ ਵਿੱਚ ਕੋਈ ਨੌਕਰੀ ਮਿਲੀ ਹੈ ਤਾਂ ਦੱਸੋ। ਉਸ ਸਮੇਂ 2 ਬੰਦਿਆਂ ਨੇ ਹੱਥ ਖੜ੍ਹੇ ਕਰ ਦਿੱਤੇ ਕਿ ਸਾਨੂੰ ਮਿਲੀ ਹੈ ਜੀ। ਉਨ੍ਹਾਂ ਨੂੰ ਆਪਣਾ ਭਾਸ਼ਣ ਬੰਦ ਕਰਨਾ ਪਿਆ ਸੀ, ਤੁਸੀਂ ਜਾ ਕੇ ਚੈੱਕ ਕਰ ਲਵੋ। ਸੋ, ਮੈਨੂੰ ਲਗਦਾ ਹੈ ਕਿ ਆਪਾਂ ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰਿਆ ਕਰੀਏ। ਲਾਡੀ ਜੀ, ਹੁਣੇ ਹੀ ਐਗਜ਼ਾਂਪਲ ਸਾਹਮਣੇ ਆ ਗਈ ਹੈ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਨੰਬਰ ਬਹੁਤ ਵੱਧ ਜਾਣਗੇ।

**1300/Pawan sharma**

**ਸਰਦਾਰ ਹਰਦੇਵ ਸਿੰਘ ਲਾਡੀ**: ਤੁਸੀਂ ਵ੍ਹਾਈਟ ਪੇਪਰ ਜਾਰੀ ਕਰਕੇ ਕਲੀਅਰ ਕਰ ਦਿਓ।

**ਵਿੱਤ ਮੰਤਰੀ**: ਇਸ ਤੋਂ ਵੱਡਾ ਵ੍ਹਾਈਟ ਪੇਪਰ ਕੀ ਹੋ ਸਕਦਾ ਹੈ ਕਿ ਲਾਈਵ example ਤੁਹਾਡੇ ਸਾਹਮਣੇ ਪੇਸ਼ ਹੋ ਗਈ ਹੈ।

**ਮਾਣਯੋਗ ਸਪੀਕਰ**: ਅਮਨ ਅਰੋੜਾ ਜੀ। ਕਨਕਲੂਡ ਕਰ ਦਿਓ।

**ਵਿੱਤ ਮੰਤਰੀ**: ਇੱਕ ਮਿੰਟ ਜੀ। ਇਹ ਤੁਹਾਡੇ ਵੇਲੇ, ਤੁਹਾਨੂੰ ਪਤਾ ਹੋਵੇਗਾ ਕਿ ਬਿੱਟੂ ਜੀ ਅੱਜ ਕੱਲ੍ਹ ਬੀ.ਜੇ.ਪੀ. ਵਿੱਚ ਚੱਲੇ ਗਏ ਹਨ। ਉਹ ਤੁਹਾਡੇ ਮੈਂਬਰ ਸੀ। ਸਿਰਫ ਤੇ ਸਿਰਫ ਉਨ੍ਹਾਂ ਦੇ ਭਰਾ ਨੂੰ ਨੌਕਰੀ ਮਿਲੀ ਸੀ। ਯਾਦ ਹੈ ਨਾ, ਤੁਹਾਡੀ ਕੈਬਨਿਟ ਨੇ ਡੀ.ਐਸ.ਪੀ. ਭਰਤੀ ਕੀਤਾ ਸੀ। ਤੁਹਾਨੂੰ ਯਾਦ ਹੋਵੇਗਾ ਗੁਰਪ੍ਰੀਤ ਸਿੰਘ ਕਾਂਗੜ ਜੀ ਤੁਹਾਡੇ ਮੰਤਰੀ ਸੀ, ਉਨ੍ਹਾਂ ਦੇ ਕਿਹੜੇ ਰਿਸ਼ਤੇਦਾਰ ਨੂੰ ਨੌਕਰੀ ਮਿਲੀ ਸੀ।

(ਇੱਕ ਅਵਾਜ਼..ਜਵਾਈ ਨੂੰ)

**ਵਿੱਤ ਮੰਤਰੀ**: ਹਾਂ ਜੀ, ਜਵਾਈ ਨੂੰ ਨੌਕਰੀ ਦਿੱਤੀ ਸੀ। ਇਹ ਤਾਂ number of examples ਹਨ ਕਿ ਕਾਂਗਰਸ ਪਾਰਟੀ ਆਪਣਿਆਂ ਨੂੰ ਨੌਕਰੀ ਦਿੰਦੀ ਹੈ, ਲੋਕਾਂ ਨੂੰ ਨਹੀਂ ਦਿੰਦੀ ਹੈ। ਲੋਕ ਏਜੰਡੇ ਉੱਤੇ ਨਹੀਂ ਹਨ। ਪਰ ਸਰਦਾਰ

ਭਗਵੰਤ ਸਿੰਘ ਮਾਨ ਜੀ ਦੇ ਏਜੰਡੇ ਤੇ ਲੋਕ ਹਨ। ਲੋਕਾਂ ਨੂੰ ਨੌਕਰੀਆਂ ਮਿਲ ਰਹੀਆਂ ਹਨ। ਸੋ ਥੋੜ੍ਹਾ ਜਿਹਾ ਸਬਰ ਰੱਖੋ। ਥੈਂਕ ਯੂ ਜੀ।

**ਮਾਣਯੋਗ ਸਪੀਕਰ**: ਹਾਂ ਜੀ, ਅਮਨ ਅਰੋੜਾ ਜੀ। ਕਨਕਲੂਡ ਕਰੋ ਜੀ।

**ਰੋਜ਼ਗਾਰ ਉਤਪਤੀ ਅਤੇ ਟਰੇਨਿੰਗ ਮੰਤਰੀ:** ਸਰ ਮੇਰੇ ਵੱਲੋਂ ਤਾਂ ਸਾਰਾ ਕਨਕਲੂਡ ਹੋ ਗਿਆ ਹੈ, ਹੁਣ ਤਾਂ ਕੰਮ ਨਿੱਬੜ ਗਿਆ ਹੈ। ਲਾਡੀ ਜੀ, ਮੈਂ ਇਹ ਹੀ ਕਹਾਂਗਾ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈੱਸ ਕਰੋ।

**ਸ੍ਰੀ ਵਿਕਰਮਜੀਤ ਸਿੰਘ ਚੌਧਰੀ**: ਜਿਨ੍ਹਾਂ ਨੂੰ ਨੌਕਰੀ ਦਿੱਤੀਆਂ ਹਨ, ਉਨ੍ਹਾਂ ਨੂੰ ਡੀ.ਏ ਤਾਂ ਦੇ ਦਿਓ।

**ਮਾਣਯੋਗ ਸਪੀਕਰ**: ਜੀ, ਜੀ। ਆਓ ਜੀ ਆਓ। ਇੱਧਰ ਆਓ ਜੀ, ਦੇ ਦਿਆਂਗੇ। ਅਮਨ ਜੀ ਕਨਕਲੂਡ ਕਰੋ।

**ਰੋਜ਼ਗਾਰ ਉਤਪਤੀ ਅਤੇ ਟਰੇਨਿੰਗ ਮੰਤਰੀ**: ਜਿਹੜਾ ਤੁਸੀਂ ਛੱਡ ਕੇ ਗਏ ਸੀ, ਅਸੀਂ 13168 ਕਰੋੜ ਰੁਪਏ ਦੇਣ ਲੱਗੇ ਹਾਂ। ਤੁਹਾਡੀ ਕਰਤੂਤਾਂ ਦਾ ਭਾਰ ਚੀਮਾ ਸਾਹਿਬ ਚੁੱਕ ਰਹੇ ਹਨ। ਬੜੀ ਜਲਦੀ ਉਹ ਵੀ ਮਿਲ ਜਾਵੇਗਾ।

**ਮਾਣਯੋਗ ਸਪੀਕਰ**: ਅਮਨ ਜੀ, ਚੇਅਰ ਨੂੰ ਐਡਰੈੱਸ ਕਰੋ।

**ਰੋਜ਼ਗਾਰ ਉਤਪਤੀ ਅਤੇ ਟਰੇਨਿੰਗ ਮੰਤਰੀ**: ਸਰ, ਇਸ ਤਰ੍ਹਾਂ ਹੈ all said and done, ਹਾਸਾ ਮਜ਼ਾਕ ਵੀ ਹੋ ਗਿਆ, ਸੀਰੀਅਸ ਗੱਲਾਂ ਵੀ ਹੋ ਗਈਆਂ। ਮੇਰੀ ਅਖੀਰ ਵਿੱਚ ਮੇਰੇ ਕਾਂਗਰਸ ਵੀਰਾਂ ਨੂੰ, ਮੈਂ ਬਹੁਤਿਆਂ ਨਾਲ ਛੋਟਾ ਹੋਵਾਂਗਾ, ਇਹ ਹੀ ਬੇਨਤੀ ਹੈ ਕਿ ਕੰਸਟ੍ਰਕਟਿਵ ਇਸ਼ੂ ਚੁੱਕੋ, ਜੇਕਰ ਅਸੀਂ ਉਰਲੀਆਂ ਪਰਲੀਆਂ ਮਾਰਾਂਗੇ ਤਾਂ 2027 ਵਿੱਚ ਇੱਧਰ ਬੈਠਣ ਜੋਗੇ ਵੀ ਨਹੀਂ ਰਹੋਗੇ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਮਤੇ ਦੇ ਹੱਕ ਵਿੱਚ ਹੋ। ਅਮਨ ਜੀ।

**ਰੋਜ਼ਗਾਰ ਉਤਪਤੀ ਅਤੇ ਟਰੇਨਿੰਗ ਮੰਤਰੀ**: ਹਾਂ ਜੀ, ਇਸ ਮਤੇ ਦੇ ਮੈਂ 100 ਪਰਸੈਂਟ ਹੱਕ ਵਿੱਚ ਹਾਂ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਪ੍ਰਸ਼ਨ ਹੈ-

"ਕਿ ਰੋਜ਼ਗਾਰ ਹਰ ਨੌਜਵਾਨ ਦੀ ਸਭ ਤੋਂ ਵੱਡੀ ਆਸ ਹੈ। ਹਾਲ ਹੀ ਵਿੱਚ ਸੰਸਦ ਦੇ ਸਾਹਮਣੇ ਰੱਖੇ ਗਏ ਅੰਕੜਿਆਂ ਅਨੁਸਾਰ, ਭਾਵੇਂ ਪੰਜਾਬ ਦੀ ਬੇਰੋਜ਼ਗਾਰੀ ਦਰ ਵਿੱਚ ਸੁਧਾਰ ਆਇਆ ਹੈ ਪਰ ਇਹ ਅਜੇ ਵੀ ਰਾਸ਼ਟਰੀ ਔਸਤ ਤੋਂ ਉੱਪਰ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਰੋਜ਼ਗਾਰ ਪੈਦਾ ਕਰਨਾ ਸਾਡੀਆਂ ਸਭ ਤੋਂ ਵੱਡੀਆਂ ਤਰਜੀਹਾਂ ਵਿੱਚੋਂ ਇੱਕ ਰਹਿਣਾ ਚਾਹੀਦਾ ਹੈ। ਪਰ ਅਸਲ ਸਵਾਲ ਇਹ ਨਹੀਂ ਹੈ ਕਿ ਚੁਣੌਤੀਆਂ ਮੌਜੂਦ ਹਨ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਸਰਕਾਰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਿਵੇਂ ਕਰਦੀ ਹੈ। ਇਸ ਸਰਕਾਰ ਨੇ ਬਹਾਨਿਆਂ ਦੀ ਥਾਂ ਕਾਰਵਾਈ ਨੂੰ ਤਰਜੀਹ ਦਿੱਤੀ ਹੈ। ਦਹਾਕਿਆਂ ਤੱਕ ਪੰਜਾਬ ਦੇ ਨੌਜਵਾਨਾਂ ਦਾ ਭਰੋਸਾ ਭਰਤੀ ਪ੍ਰਣਾਲੀ ਤੋਂ ਉੱਠ ਗਿਆ ਸੀ। ਸਰਕਾਰੀ ਨੌਕਰੀਆਂ ਸਿਫ਼ਾਰਸ਼ਾਂ, ਸਿਆਸੀ ਦਖ਼ਲਅੰਦਾਜ਼ੀ ਅਤੇ ਭ੍ਰਿਸ਼ਟਾਚਾਰ ਨਾਲ ਜੋੜੀਆਂ ਜਾਂਦੀਆਂ

ਸਨ। ਯੋਗਤਾ ਨੂੰ ਅਕਸਰ ਪਿੱਛੇ ਛੱਡ ਦਿੱਤਾ ਜਾਂਦਾ ਸੀ। ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਇਸ ਸੱਭਿਆਚਾਰ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ ਹੈ।

ਅੱਜ ਪੰਜਾਬ ਦਾ ਹਰ ਨੌਜਵਾਨ ਜਾਣਦਾ ਹੈ ਕਿ ਸਫਲਤਾ ਸਖ਼ਤ ਮਿਹਨਤ ਅਤੇ ਯੋਗਤਾ 'ਤੇ ਨਿਰਭਰ ਕਰਦੀ ਹੈ, ਨਾ ਕਿ ਸਿਆਸੀ ਸੰਬੰਧਾਂ 'ਤੇ। ਪਾਰਦਰਸ਼ੀ ਪ੍ਰੀਖਿਆਵਾਂ, ਨਿਰਪੱਖ ਚੋਣ ਪ੍ਰਕਿਰਿਆਵਾਂ ਅਤੇ ਭ੍ਰਿਸ਼ਟਾਚਾਰ ਰਹਿਤ ਭਰਤੀ ਨੇ ਲੱਖਾਂ ਉਮੀਦਵਾਰਾਂ ਦਾ ਭਰੋਸਾ ਮੁੜ ਬਹਾਲ ਕੀਤਾ ਹੈ। 1 ਅਪ੍ਰੈਲ, 2022 ਤੋਂ ਪੰਜਾਬ ਸਰਕਾਰ ਨੇ ਵੱਖ-ਵੱਖ ਵਿਭਾਗਾਂ ਵਿੱਚ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਯੋਗਤਾ ਅਧਾਰਿਤ ਭਰਤੀ ਪ੍ਰਕਿਰਿਆ ਰਾਹੀਂ 68,228 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਇਨ੍ਹਾਂ ਨਿਯੁਕਤੀਆਂ ਵਿੱਚ ਸ਼ਾਮਲ ਹਨ -

* ਸਕੂਲ ਸਿੱਖਿਆ ਵਿਭਾਗ ਵਿੱਚ 16,316 ਭਰਤੀਆਂ,
* ਗ੍ਰਹਿ ਮਾਮਲੇ ਵਿਭਾਗ ਵਿੱਚ 14,723,
* ਬਿਜਲੀ ਵਿਭਾਗ ਵਿੱਚ 8,706,
* ਸਥਾਨਕ ਸਰਕਾਰ ਵਿਭਾਗ ਵਿੱਚ 5,681,
* ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ 4,758 ਭਰਤੀਆਂ ਸ਼ਾਮਿਲ ਹਨ।

ਇਸ ਤੋਂ ਇਲਾਵਾ ਰੈਵੇਨਿਊ, ਮੈਡੀਕਲ ਸਿੱਖਿਆ, ਜਲ ਸਰੋਤ, ਖੇਤੀਬਾੜੀ ਅਤੇ ਹੋਰ ਕਈ ਵਿਭਾਗਾਂ ਵਿੱਚ ਹਜ਼ਾਰਾਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਇਹ ਅੰਕੜੇ ਸਿਰਫ਼ ਗਿਣਤੀਆਂ ਨਹੀਂ ਹਨ। ਹਰ ਨਿਯੁਕਤੀ ਦੇ ਪਿੱਛੇ ਇੱਕ ਪਰਿਵਾਰ ਦਾ ਬਦਲਿਆ ਹੋਇਆ ਭਵਿੱਖ ਹੈ। ਇੱਕ ਨੌਜਵਾਨ ਗ੍ਰੈਜੂਏਟ ਹੈ, ਜਿਸ ਨੂੰ ਹੁਣ ਸਿਫ਼ਾਰਸ਼ਾਂ 'ਤੇ ਨਿਰਭਰ ਨਹੀਂ ਰਹਿਣਾ ਪੈਂਦਾ, ਅਤੇ ਇਹ ਵਿਸ਼ਵਾਸ ਹੈ ਕਿ ਇਮਾਨਦਾਰੀ ਅਤੇ ਮਿਹਨਤ ਨੂੰ ਹੁਣ ਸਹੀ ਮਾਣ ਮਿਲ ਰਿਹਾ ਹੈ।

ਕੋਈ ਵੀ ਰਾਜ ਸਿਰਫ਼ ਸਰਕਾਰੀ ਨੌਕਰੀਆਂ ਰਾਹੀਂ ਬੇਰੋਜ਼ਗਾਰੀ ਦੀ ਸਮੱਸਿਆ ਦਾ ਹੱਲ ਨਹੀਂ ਕਰ ਸਕਦਾ। ਟਿਕਾਊ ਰੋਜ਼ਗਾਰ ਉਸ ਵੇਲੇ ਪੈਦਾ ਹੁੰਦਾ ਹੈ ਜਦੋਂ ਉਦਯੋਗ ਨਿਵੇਸ਼ ਕਰਦੇ ਹਨ, ਫੈਕਟਰੀਆਂ ਦਾ ਵਿਸਥਾਰ ਹੁੰਦਾ ਹੈ, ਕਾਰੋਬਾਰ ਵਧਦੇ ਹਨ ਅਤੇ ਉਦਮਤਾ ਨੂੰ ਉਤਸ਼ਾਹ ਮਿਲਦਾ ਹੈ। ਇਸ ਹਕੀਕਤ ਨੂੰ ਸਮਝਦਿਆਂ ਮਾਣਯੋਗ ਮੁੱਖ ਮੰਤਰੀ ਜੀ ਨੇ ਨੀਤੀ ਸਥਿਰਤਾ, ਕਾਰੋਬਾਰ ਕਰਨ ਵਿੱਚ ਆਸਾਨੀ ਅਤੇ ਪਾਰਦਰਸ਼ੀ ਪ੍ਰਸ਼ਾਸਨ ਰਾਹੀਂ ਪੰਜਾਬ ਨੂੰ ਭਾਰਤ ਦੇ ਪ੍ਰਮੁੱਖ ਨਿਵੇਸ਼ ਸਥਾਨਾਂ ਵਿੱਚੋਂ ਇੱਕ ਬਣਾਉਣ ਲਈ ਲਗਾਤਾਰ ਯਤਨ ਕੀਤੇ ਹਨ, ਜਿਸ ਦੇ ਨਤੀਜੇ ਸਾਡੇ ਸਾਹਮਣੇ ਹਨ।

16 ਮਾਰਚ, 2022 ਤੋਂ 31 ਜੁਲਾਈ, 2026 ਤੱਕ ਪੰਜਾਬ ਨੂੰ 9,899 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ, ਜਿਨ੍ਹਾਂ ਵਿੱਚ ₹1,83,837 ਕਰੋੜ ਦੇ ਪ੍ਰਸਤਾਵਿਤ ਨਿਵੇਸ਼ ਸ਼ਾਮਲ ਹਨ। ਇਨ੍ਹਾਂ ਰਾਹੀਂ ਰਾਜ ਭਰ ਵਿੱਚ 6,16,436 ਲੋਕਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਸੰਭਾਵਨਾ ਹੈ।

ਇਹ ਨਿਵੇਸ਼ ਮੈਨੂਫੈਕਚਰਿੰਗ, ਸਟੀਲ, ਨਵਿਆਉਣਯੋਗ ਊਰਜਾ, ਫਾਰਮਾਸਿਊਟੀਕਲ, ਫੂਡ ਪ੍ਰੋਸੈਸਿੰਗ, ਸਿਹਤ ਸੇਵਾਵਾਂ, ਸਿੱਖਿਆ, ਸੀਮੈਂਟ, ਹੋਟਲ ਉਦਯੋਗ, ਲਾਜਿਸਟਿਕਸ ਅਤੇ ਸੂਚਨਾ ਤਕਨਾਲੋਜੀ ਵਰਗੇ ਖੇਤਰਾਂ ਵਿੱਚ ਹੋਏ ਹਨ। ਟਾਟਾ ਸਟੀਲ, HMEL Organics, SAEL Solar, ਅੰਬੂਜਾ ਸੀਮੈਂਟਸ, ਹੈਪੀ ਫੋਰਜਿੰਗਜ਼, ਵਰਧਮਾਨ ਸਪੈਸ਼ਲ ਸਟੀਲਜ਼, ਨੈਸਲੇ ਇੰਡੀਆ ਅਤੇ ਹੋਰ ਕਈ ਪ੍ਰਮੁੱਖ ਕੰਪਨੀਆਂ ਨੇ ਪੰਜਾਬ ਵਿੱਚ ਵੱਡੇ ਵਿਸਥਾਰ ਪ੍ਰੋਜੈਕਟਾਂ ਲਈ ਚੋਣ ਕੀਤੀ ਹੈ, ਜੋ ਰਾਜ ਦੀ ਅਰਥਵਿਵਸਥਾ ਵਿੱਚ ਮੁੜ ਬਣੇ ਵਿਸ਼ਵਾਸ ਨੂੰ ਦਰਸਾਉਂਦਾ ਹੈ।

ਇਸ ਸਰਕਾਰ ਨੇ ਇਸ ਲਈ ਦੋ-ਪੱਖੀ ਰਣਨੀਤੀ ਅਪਣਾਈ ਹੈ:

* ਪਾਰਦਰਸ਼ੀ ਸਰਕਾਰੀ ਭਰਤੀ, ਜਿੱਥੇ ਯੋਗ ਨੌਜਵਾਨਾਂ ਨੂੰ ਸਿਰਫ਼ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਮਿਲਦੀਆਂ ਹਨ; ਅਤੇ

* ਵੱਡੇ ਪੱਧਰ 'ਤੇ ਉਦਯੋਗਿਕ ਨਿਵੇਸ਼, ਜਿਸ ਨਾਲ ਨਿੱਜੀ ਖੇਤਰ ਵਿੱਚ ਟਿਕਾਊ ਰੋਜ਼ਗਾਰ ਦੇ ਮੌਕੇ ਪੈਦਾ ਹੋ ਰਹੇ ਹਨ।

ਇਹ ਦੂਰਦਰਸ਼ੀ ਸ਼ਾਸਨ ਹੈ। ਇਹ ਉਹ ਸ਼ਾਸਨ ਹੈ ਜੋ ਸਾਡੇ ਨੌਜਵਾਨਾਂ ਨੂੰ ਮਜ਼ਬੂਤ ਬਣਾਉਂਦਾ ਹੈ, ਨਾ ਕਿ ਉਨ੍ਹਾਂ ਨੂੰ ਮਜਬੂਰੀ ਵਿੱਚ ਪਰਵਾਸ ਕਰਨ ਲਈ ਮਜਬੂਰ ਕਰਦਾ ਹੈ।

ਇਹ ਸਦਨ ਮੰਨਦਾ ਹੈ ਕਿ ਬੇਰੋਜ਼ਗਾਰੀ ਦੀ ਚੁਣੌਤੀ ਅਜੇ ਵੀ ਮੌਜੂਦ ਹੈ ਅਤੇ ਹੋਰ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ ਪਰ ਇਹ ਵੀ ਮਹੱਤਵਪੂਰਣ ਹੈ ਕਿ ਉਸ ਸਰਕਾਰ ਦੀ ਸ਼ਲਾਘਾ ਕੀਤੀ ਜਾਵੇ ਜਿਸ ਨੇ ਭ੍ਰਿਸ਼ਟਾਚਾਰ ਦੀ ਥਾਂ ਪਾਰਦਰਸ਼ਤਾ, ਪੱਖਪਾਤ ਦੀ ਥਾਂ ਯੋਗਤਾ ਅਤੇ ਠਹਿਰਾਅ ਦੀ ਥਾਂ ਵਿਕਾਸ ਨੂੰ ਤਰਜੀਹ ਦਿੱਤੀ ਹੈ।

ਇਸ ਲਈ ਇਹ ਸਦਨ ਮਾਣਯੋਗ ਮੁੱਖ ਮੰਤਰੀ ਜੀ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਪ੍ਰਤੀ ਧੰਨਵਾਦ ਕਰਦਾ ਹੈ -

- ਭਰਤੀ ਪ੍ਰਣਾਲੀ ਵਿੱਚ ਵਿਸ਼ਵਾਸ ਮੁੜ ਸਥਾਪਿਤ ਕਰਨ ਅਤੇ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਰਹਿਤ ਨਿਯੁਕਤੀਆਂ ਯਕੀਨੀ ਬਣਾਉਣ ਲਈ;
- ਵੱਖ-ਵੱਖ ਵਿਭਾਗਾਂ ਵਿੱਚ ਯੋਗਤਾ ਦੇ ਆਧਾਰ 'ਤੇ 68,228 ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਲਈ;
- ₹1,83,837 ਕਰੋੜ ਦੇ 9,899 ਨਿਵੇਸ਼ ਪ੍ਰਸਤਾਵ ਆਕਰਸ਼ਿਤ ਕਰਨ ਅਤੇ ਪੰਜਾਬ ਵਿੱਚ 6,16,436 ਰੋਜ਼ਗਾਰ ਮੌਕਿਆਂ ਦੀ ਸੰਭਾਵਨਾ ਪੈਦਾ ਕਰਨ ਲਈ;
- ਅਜਿਹਾ ਮਾਹੌਲ ਤਿਆਰ ਕਰਨ ਲਈ ਜਿੱਥੇ ਸਰਕਾਰੀ ਅਤੇ ਨਿੱਜੀ ਦੋਵੇਂ ਖੇਤਰਾਂ ਵਿੱਚ ਰੋਜ਼ਗਾਰ ਦੇ ਮੌਕੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਮਜ਼ਬੂਤ ਕਰ ਰਹੇ ਹਨ;

ਇਹ ਸਦਨ ਮਾਣਯੋਗ ਮੁੱਖ ਮੰਤਰੀ ਜੀ ਅਤੇ ਉਨ੍ਹਾਂ ਦੀ ਸਰਕਾਰ ਨੂੰ ਇੱਕ ਖੁਸ਼ਹਾਲ, ਤਰੱਕੀਸ਼ੀਲ ਅਤੇ ਰੋਜ਼ਗਾਰ ਕੇਂਦਰਿਤ ਪੰਜਾਬ ਦੀ ਮਜ਼ਬੂਤ ਨੀਂਹ ਰੱਖਣ ਲਈ ਵਧਾਈ ਦਿੰਦਾ ਹੈ ਅਤੇ ਸ਼ਲਾਘਾ ਕਰਦਾ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

**---------**

**POSTPONMENT OF THE LEGISLATIVE BUSINESS LISTED IN THE LIST OF BUSINESS**

**ਮਾਣਯੋਗ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਵਿਧਾਨਕ ਕੰਮ ਕਾਰ ਅਗਲੇ ਦਿਨਾਂ ਵਿੱਚ ਟੇਕ ਅੱਪ ਕਰ ਲਿਆ ਜਾਵੇ।

(**ਆਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਸਦਨ, ਵੀਰਵਾਰ, ਮਿਤੀ 06 ਅਗਸਤ, 2026 ਨੂੰ 10.00 ਵਜੇ ਸਵੇਰ ਤੱਕ ਸਥਗਿਤ ਕੀਤਾ ਜਾਂਦਾ ਹੈ।

*1.02 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਵੀਰਵਾਰ, ਮਿਤੀ 06 ਅਗਸਤ, 2026 ਨੂੰ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)